# ਚਿਰਾਗ

ਜੁਲਾਈ -ਸਤੰਬਰ 1997

**July -September 1997**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ

ਇਸ ਵਾਰ ਵਿਸ਼ੇਸ਼ :

- ਉੱਤਰ ਆਧੁਨਿਕਤਾ ਦਾ ਭੂਤ —ਡਾ. ਚੰਚਲ ਚੌਹਾਨ
- ਭਾਰਤ ਦਾ ਮੌਜੂਦਾ ਵਿਚਾਰਧਾਰਕ ਸੰਕਟ—ਪ੍ਰੋ. ਇਰਫਾਨ ਹਬੀਬ
- ਜਨਵਾਦੀ ਲੇਖਕ ਸੰਘ ਦਾ ਐਲਾਨਨਾਮਾ
- ਕਹਾਣੀਆਂ : ਦਰਸ਼ਨ ਸਿੰਘ ਧੀਰ, ਸਵਯੰ ਪ੍ਰਕਾਸ਼
- ਲਹਿੰਦੇ ਪੰਜਾਬ ਦਾ ਸਾਹਿਤ

ਮੁੱਲ : ਦਸ ਰੁਪਏ -11- ਜੁਲਾਈ-ਸਤੰਬਰ, 1997

ਸੰਪਾਦਕ : ਹਰਭਜਨ ਸਿੰਘ ਹੁੰਦਲ

# ਚਿਰਾਗ਼ (ਤਿਮਾਹੀ)

ਜੁਲਾਈ ਸਤੰਬਰ, 1997

ਸੰਪਾਦਕ : **ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ : **ਡਾ. ਕਰਮਜੀਤ ਸਿੰਘ**
**ਸਰਜੀਤ ਗਿੱਲ, ਸੂਫ਼ੀ ਅਮਰਜੀਤ**

○ ਸੰਪਾਦਕੀ : ਵਿਚਾਰਧਾਰਕ ਵਿਚਾਰ-ਵਟਾਂਦਰੇ ਦੀ ਲੋੜ/3
○ ਇਸ ਅੰਕ ਦਾ ਵਿਸ਼ੇਸ਼ ਕਵੀ : ਉਂਕਾਰ ਪ੍ਰੀਤ ਦੀਆਂ ਛੇ ਗ਼ਜ਼ਲਾਂ/4
○ **ਵਿਸ਼ੇਸ਼ ਲੇਖ** : ਉੱਤਰ ਆਧੁਨਿਕਤਾ ਦਾ ਭੂਤ (ਡਾ. ਚੰਚਲ ਚੌਹਾਨ)/27
○ ਲੇਖ : ਪ੍ਰੋ. ਇਰਫਾਨ ਹਬੀਬ/16. ਜਨਵਾਦੀ ਲੇਖਕ ਸੰਘ ਦਾ ਐਲਾਨਨਾਮਾਂ/39,
ਡਾ. ਬਲਦੇਵ ਸਿੰਘ ਧਾਲੀਵਾਲ/53 ਜਬਰੀ ਮੱਲ ਪਾਰਖ/59
○ ਕਹਾਣੀਆਂ · ਹਿੰਦੀ ਕਹਾਣੀ/ਸਵਯੰ ਪ੍ਰਕਾਸ਼/12
ਪੰਜਾਬੀ ਕਹਾਣੀ/ਦਰਸ਼ਨ ਸਿੰਘ ਧੀਰ/20
○ ਨਜ਼ਮਾਂ : ਪ੍ਰੇਮ ਸਾਹਿਲ/6, ਸਤਿੰਦਰ ਮਸਰੂਫ/9, ਸਿਮਰਜੀਤ ਸਿੰਮੀ (ਚਾਰ ਨਜ਼ਮਾਂ)/49
○ ਗਜ਼ਲਾਂ : ਰਾਮ ਲਾਲ ਪ੍ਰੇਮੀ/52, ਹਰਜਿੰਦਰ ਕੰਗ/38, ਬਰਜਿੰਦਰ ਚੌਹਾਨ, ਨਿਰਮਲ ਦੱਤ
○ ਲਹਿੰਦੇ ਪੰਜਾਬ ਤੋਂ : ਬਾਬਾ ਨਜਮੀਂ/10, ਆਦਲ ਸਦੀਕੀ/11, ਅਤੀਕ ਅਖਤਰ
ਅਫ਼ਗਾਨੀ/50, ਤੁਫ਼ੈਲ ਖ਼ਲਸ਼/51, ਸਰਵੱਤ ਮਹੀਅਲਦੀ5/66
○ ਸਫਰਨਾਮੇ ਤੋਂ ਪਾਰ : ਸਾਦਕ ਦਾ ਸਿਦਕ/ਹਰਭਜਨ ਸਿੰਘ ਹੁੰਦਲ/43,
ਇਕ ਪੰਨਾ ਉਧਾਰਾ/48
○ ਪੁਸਤਕ ਪੜਚੋਲ : ਕੁਸ਼ਤੀ ਦਾ ਧਰੂ ਤਾਰਾ, ਨੂਰ ਦਾ ਵਣਜਾਰਾ, ਪੰਜਾਬੀ ਗ਼ਜ਼ਲ ਦਾ
ਇਰਤਕਾ, ਕਾਲੇ ਹਰਫਾਂ ਦੀ ਲੋਅ/ਆਪਣੇ ਆਪਣੇ ਖੰਭ, ਠੀਕਰੀ ਪਹਿਰਾ
○ ਖਿਆਲ ਆਪੋ ਆਪਣਾ : ਸੰਤੋਖ ਧਾਲੀਵਾਲ, ਲਾਲ ਸਿੰਘ, ਗੁਰਨਾਮ ਢਿਲੋਂ, ਵਿਸ਼ਾਲ,
ਫਰਜ਼ੰਦ ਅਲੀ
○ ਪੁਸਤਕ ਪ੍ਰਾਪਤੀ

○ ○ ○

ਪ੍ਰਕਾਸ਼ਨ ਮਿਤੀ : 15 ਜੁਲਾਈ, 1997

Postal Address :
Harbhajan Singh Hundal,
V. Futu Chak,
P.O. Dhilwan,
Distt Kapurthala-144804
(Pb.) India.

**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 40 ਰੁਪਏ |
| **ਬਦੇਸ਼** | | |
| ਵਾਰਸ਼ਿਕ | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



## ਵਿਚਾਰਧਾਰਕ ਵਿਚਾਰ-ਵਟਾਂਦਰੇ ਦੀ ਲੋੜ

'ਚਿਰਾਗ਼' ਦੀ ਪ੍ਰਕਾਸ਼ਨਾ ਆਰੰਭ ਕਰਨ ਵੇਲੇ ਸਾਡੇ ਸਾਹਮਣੇ ਮੌਲਿਕ ਤੇ ਸਿਹਤਮੰਦ ਨਵਾਂ ਸਾਹਿਤ ਛਾਪਣ ਦੇ ਨਾਲ, ਵਿਚਾਰਧਾਰਕ ਵਾਦ-ਵਿਵਾਦ ਛੇੜਨ ਤੇ ਨਜਿੱਠਣ ਲਈ ਇਕ ਮੰਚ ਬਣਾਉਣ ਦਾ ਵੀ ਸੰਕਲਪ ਸੀ, ਤਾ ਕਿ ਸਾਹਿਤ, ਵਿਚਾਰਧਾਰਾ, ਭਾਸ਼ਾ ਤੇ ਸੁਹਜ-ਸ਼ਾਸ਼ਤਰ ਦੇ ਖੇਤਰ ਵਿਚ ਪੇਸ਼ ਆਉਂਦੀਆਂ ਨਵੀਆਂ ਵੰਗਾਰਾਂ ਦੇ ਰੂਬਰੂ, ਇਕ ਜਮਹੂਰੀ, ਸੈਕੂਲਰ, ਵਿਗਿਆਨਕ ਤੇ ਤਰਕਸ਼ੀਲ ਸਾਹਿਤ ਸਿਰਜਣ ਲਈ ਲੋੜੀਂਦਾ ਵਾਤਾਵਰਣ ਤਿਆਰ ਕੀਤਾ ਜਾ ਸਕੇ।

ਪਰ ਪਿਛਲੇ ਚਾਰ ਪੰਜ ਸਾਲ ਦੇ ਤਜਰਬੇ ਦੇ ਆਧਾਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਵਿਚ ਇਸ ਭਾਂਤ ਦਾ ਸਾਹਿਤਕ ਵਾਦ-ਵਿਵਾਦ ਨਹੀਂ ਚਲਾਇਆ ਜਾ ਸਕਿਆ। ਕਾਰਨ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਬਾਹਰਮੁਖੀ ਹਾਲਾਤਾਂ ਵੱਲ ਹੀ ਨਜ਼ਰ ਜਾਂਦੀ ਹੈ। ਤੀਹਵੇਂ ਤੇ ਚਾਲੀਵੇਂ ਦਹਾਕੇ ਵਿਚ ਯੂਰਪ ਵਿਚ ਚੱਲੇ ਗੰਭੀਰ ਭਾਂਤ ਦੇ ਸਾਹਿਤਕ, ਸਭਿਆਚਾਰਕ ਤੇ ਵਿਚਾਰਧਾਰਕ ਵਾਦ-ਵਿਵਾਦ ਦੇ ਟਾਕਰੇ ਤੇ ਹੁਣ ਦੀ ਸਥਿਤੀ ਪੂੰਜੀਵਾਦ ਤੇ ਸਾਮਰਾਜਵਾਦ ਦੀ ਚੜ੍ਹਤ ਦੀ ਸਥਿਤੀ ਹੈ।

ਪੰਜਾਬੀ ਦੇ ਸਮਰੱਥ ਵਿਦਵਾਨਾਂ ਨੂੰ ਅਸੀਂ ਅਜੋਕੇ ਪ੍ਰਸੰਗ ਵਿਚ ਨਵੀਆਂ ਚੁਣੌਤੀਆਂ ਚੋ ਸਮਰੱਥ ਅਤੇ ਕਾਰਜਸ਼ੀਲ ਹੋਣ ਲਈ ਸੰਪਰਕ ਕਰਦੇ ਰਹੇ ਹਾਂ, ਪਰ ਯੂਨੀਵਰਸਟੀਆਂ ਵਿਚ ਬੈਠੇ ਤੇ ਸੁਸਤਾਅ ਰਹੇ ਜਾਂ ਨਿਰਾਸ਼ਾ ਤੇ ਦੁਬਿਧਾ ਦੀ ਸਥਿਤੀ ਵਿਚ ਬੇਬਸੀ ਦੀ ਹਾਲਤ ਵਿਚ ਚੁੱਪ ਕਰਕੇ, ਭਲੇ ਵੇਲਿਆਂ ਦੀ ਉਡੀਕ ਕਰ ਰਹੇ ਪ੍ਰਗਤੀਸ਼ੀਲ ਬੁਧੀਜੀਵੀਆਂ ਤੇ ਚਿੰਤਕਾਂ ਨੇ ਕੋਈ ਬਹੁਤਾ ਸਾਰਥਕ ਹੁੰਗਾਰਾ ਨਹੀਂ ਭਰਿਆ।

ਫੇਰ ਵੀ, ਚੁਣੌਤੀਆਂ ਤਾਂ ਸਾਹਮਣੇ ਹਨ। ਇਹਨਾਂ ਦੀ ਪਛਾਣ ਕਰਨੀ ਆਵੱਸ਼ਕ ਹੈ। ਮਨੁੱਖ ਦਾ ਅੰਤ, ਇਤਿਹਾਸ ਦਾ ਅੰਤ, ਵਿਚਾਰਾਧਾਰਾ ਦਾ ਅੰਤ। ਅਸਲ ਵਿਚ ਸੋਚਣ-ਵਿਚਾਰਨ ਤੋਂ ਹਟਕਣ/ਵਰਜਣ ਦਾ ਹੀ ਇਕ ਯੋਜਨਾਬੱਧ ਯਤਨ ਹੈ।

ਪੰਜਾਬੀ ਵਿਚ ਪ੍ਰਯੋਗਵਾਦ, ਅਸਤਿਤਵਾਦ ਤੇ ਆਧੁਨਿਕਤਾਵਾਦ ਦੇ ਪੁਰਾਣੇ ਰਾਮ-ਰੌਲੇ ਸਮੇਂ ਵੀ ਇਹ ਵੇਖਿਆ ਗਿਆ ਸੀ ਕਿ ਵਧੇਰੇ ਵਿਚਾਰ ਯੂਰਪ ਦੇ ਦੇਸ਼ਾਂ ਤੋਂ ਖੱਗ ਕੇ, ਪੰਜਾਬੀ ਵਿਚ ਪ੍ਰਚਲਤ ਕਰਨ ਦਾ ਯਤਨ ਕੀਤਾ ਗਿਆ ਸੀ ਤੇ ਨਵੇਂ ਉੱਠਦੇ ਲੇਖਕਾਂ ਨੂੰ ਸਾਹਿਤ ਦੇ ਸਮਾਜਿਕ ਸਰੋਕਾਰਾਂ ਵੱਲੋਂ ਅਭਿੱਜ ਜਾਂ ਨਿਰਲੇਪ ਰਹਿਣ ਲਈ ਪ੍ਰੇਰਤ ਕਰਨ ਦੇ ਉਪਰਾਲੇ ਕੀਤੇ ਗਏ ਸੀ, ਜਿਹੜੇ ਅਖੀਰ ਨੂੰ ਸਫਲ ਨਹੀਂ ਸਨ ਹੋਏ।

ਅੱਜ ਵੀ ਪੂੰਜੀਵਾਦੀ ਅਰਥ-ਵਿਵਸਥਾ ਤੇ ਚਿੰਤਨ ਨੂੰ ਸਵੀਕਾਰਨ ਵਾਲੇ ਵਿਦਵਾਨਾਂ ਨੇ ਉੱਤਰ-ਆਧੁਨਿਕਤਾ ਦਾ ਸ਼ੋਰ ਉੱਚਾ ਕਰ ਦਿੱਤਾ ਹੈ। ਉਨ੍ਹਾਂ ਦੀ ਵੇਖੋ-ਵੇਖੀ, ਪੰਜਾਬੀ ਦੇ ਕੁਝ ਨੌਜਵਾਨ ਲੇਖਕ ਵੀ, ਇਸ ਨਵੇਂ ਵਾਦ ਦਾ ਪ੍ਰਚਾਰ/ਪਰਸਾਰ ਕਰਨ ਵਿਚ ਜੁੱਟ ਗਏ ਹਨ। ਆਓ ਵੇਖੀਏ ਇਹ ਉੱਤਰ-ਅਧਿਕਤਾਵਾਦ ਕਿਸ ਬਲਾ ਦਾ ਨਾਮ ਹੈ।

ਹਿੰਦੀ ਸਾਹਿਤ-ਜਗਤ ਵਿਚ ਇਹ ਬਹਿਸ ਪਹਿਲਾਂ ਦੀ ਆਰੰਭ ਹੋ ਚੁੱਕੀ ਹੈ। ਡਾ: ਚੰਚਲ ਚੌਹਾਨ ਜਨਵਾਦੀ ਲੇਖਕ ਸੰਘ ਨਾਲ ਜੁੜੇ ਹੋਏ ਪ੍ਰਤੀਬੱਧ ਹਿੰਦੀ ਵਿਦਵਾਨ ਹਨ, ਜਿਹਨਾਂ ਦਾ ਲੇਖ ਇਸ ਅੰਕ ਵਿਚ ਵਿਚਾਰ-ਵਟਾਂਦਰੇ ਨੂੰ ਆਰੰਭ ਕਰਨ ਲਈ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਸਾਨੂੰ ਆਸ ਹੈ ਇਸਦੀ ਪ੍ਰਕਾਸ਼ਨਾ ਨਾਲ ਪੰਜਾਬੀ ਵਿਚ ਇਸ ਵਿਸ਼ੇ 'ਤੇ ਸਾਰਥਕ ਬਹਿਸ ਦਾ ਆਰੰਭ ਹੋਵੇਗਾ। ਅਸੀਂ ਸੁੱਤੇ ਪਏ, ਸੁਸਤਾਅ ਰਹੇ ਜਾਂ ਚੁੱਪ ਹੋਏ ਬੈਠੇ ਵਿਦਵਾਨਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਬਹਿਸ ਦੀ ਤੰਦ ਨੂੰ ਫੜ ਕੇ ਅੱਗੇ ਤੋਰਨ। 'ਚਿਰਾਗ' ਉਹਨਾਂ ਦੇ ਹੁੰਗਾਰੇ ਦੀ ਉਡੀਕ ਕਰੇਗਾ।

—ਹਰਭਜਨ ਸਿੰਘ ਹੁੰਦਲ

ਇਸ ਅੰਕ ਦਾ ਵਿਸ਼ੇਸ਼ ਕਵੀ

## ਉਂਕਾਰਪ੍ਰੀਤ/ਛੇ ਗ਼ਜ਼ਲਾਂ

(ਕੈਨੇਡਾ ਜਾ ਵੱਸੇ ਨੌਜਵਾਨ ਪੰਜਾਬੀ ਕਵੀ ਉਂਕਾਰਪ੍ਰੀਤ ਸਿੰਘ ਅਸਲੋਂ ਨਵਾਂ ਗ਼ਜ਼ਲਗੋ ਹੈ। ਉਸ ਦਾ ਹਾਲੇ ਤੀਕ ਕੋਈ ਸੰਗ੍ਰਹਿ ਭਾਵੇਂ ਨਹੀਂ ਛਪਿਆ, ਪਰ ਉਸ ਦੀ ਰਚਨਾ ਵਿਚਲੀ ਪੁਖ਼ਤਗੀ ਤੇ ਨਵੀਨਤਾ ਪ੍ਰਸੰਸਾ-ਯੋਗ ਹੈ।—ਸੰਪਾਦਕ)

1.

ਪੁੱਛਦੇ ਨੇ ਹਾਲ ਰਸਮਨ ਅਪਣੇ ਕਹਾਉਣ ਵਾਲੇ
ਗਲ ਨਾਲ ਲਗਣ ਵਾਲੇ ਗਲ ਨਾਲ ਲਾਉਣ ਵਾਲੇ।

ਸੜਦੇ ਥਲਾਂ 'ਚ ਕਿਹੜਾ ਲੱਗੀ ਨਿਭਾਉਣ ਨੂੰ ਹੁਣ
ਕਿੱਥੇ ਸਲੀਬ ਤੀਕਰ ਲੱਗੀ ਨਿਭਾਉਣ ਵਾਲੇ।

ਢਾਰਸ ਕੀ ਦੇਣ ਦਿਲ ਨੂੰ ਇਹ ਦਿਲ ਵਿਹੂਣੇ ਦਿਲਬਰ
ਮੇਰੇ ਗ਼ਮ ਤੇ ਉਤੋਂ ਉਤੋਂ ਅੱਥਰੂ ਵਹਾਉਣ ਵਾਲੇ।

ਕਿੱਥੇ 'ਇਹ ਲਾਲ' ਗੁਰ ਕੇ ਲੁੱਟਣ ਗੁਰੂ ਕੇ ਘਰ ਨੂੰ
ਕਿੱਥੇ 'ਉਹ ਲਾਲ' ਗੁਰ ਤੋਂ ਆਪਾ ਲੁਟਾਉਣ ਵਾਲੇ।

ਮਜ਼ਬ੍ਹਾਂ ਦਾ ਤਕ ਕੇ ਚਿਹਰਾ ਭੈਭੀਤ ਹੋ ਉਠਣਗੇ
ਆ ਜਾਣ ਅੱਜ ਜੇ ਮੁੜਕੇ ਮਜ਼ਹਬ ਬਣਾਉਣ ਵਾਲੇ।

ਪਰਲੋ ਦੇ ਵਾਂਗ ਛਾਏ ਦੁਨੀਆਂ ਤੇ ਜ਼ੁਲਮ ਜਦ ਜਦ
'ਨੂ' ਬਣ ਕੇ ਆਏ ਤਦ ਤਦ ਦੁਨੀਆਂ ਬਚਾਉਣ ਵਾਲੇ।

ਹੁੰਦੇ ਨੇ 'ਸ਼ਮਸ' ਵਰਗੇ ਵਿਰਲੇ ਹੀ ਸੱਚ ਉਪਾਸ਼ਕ
ਸੱਚ ਦੀ ਉਪਾਸਨਾ ਵਿਚ ਖਲੜੀ ਲੁਹਾਉਣ ਵਾਲੇ।

ਸਹਿਬਾਂ ਦੀ 'ਪ੍ਰੀਤ' ਕੁਹ ਕੇ, ਸੋਹਣੀ ਦੀ ਕਰ੍ਹ ਕੇ ਹੱਤਿਆ
ਇਹ ਲੋਕ ਨੇ ਮੜ੍ਹੀ ਤੇ ਦੀਵੇ ਜਗਾਉਣ ਵਾਲੇ।

2.

ਖ਼ੁਦ ਕੋਲ ਨਾ ਪੁਜ ਹੋਇਆ, ਖ਼ੁਦ ਕੋਲੋਂ ਕਜ਼ਾ ਤੀਕਰ
ਖ਼ੁਦ ਤੀਕ ਹੀ ਨਾ ਪਹੁੰਚੇ, ਪੁਜਦੇ ਕੀ ਖ਼ੁਦਾ ਤੀਕਰ।

ਜੋ ਦਿਲ ਨੇ ਦਿਸ਼ਾ ਲੱਭੀ, ਉਹ ਮਨ ਦੇ ਨ ਮਨ ਲੱਗੀ
ਹਰ ਇੱਕ ਦਿਸ਼ਾ ਵੇਖੀ, ਹਰ ਇੱਕ ਦਿਸ਼ਾ ਤੀਕਰ।



ਇਕ ਕੰਧ ਹੈ ਤਨ ਮਨ ਵਿਚ, ਇਕ ਕੰਧ ਹੈ ਤਨ ਤਨ ਵਿਚ
ਰਸਤਾ ਨਾ ਕੋਈ ਬਚਿਆ, ਕੰਧਾਂ ਤੋਂ ਹਵਾ ਤੀਕਰ।

ਜੀਵਨ ਦੇ ਸਫ਼ਰ ਦੀ ਬਸ, ਏਨੀ ਕੁ ਹੈ ਕਹਾਣੀ
ਅਗਨਾਰ ਤੋਂ ਤੁਰਦੇ ਹਾਂ, ਜਾਂਦੇ ਹਾਂ ਚਿਖਾ ਤੀਕਰ।

ਮਜ਼ਹਬ ਤੇ ਖ਼ੁਦਾ ਦੋਵੇਂ, ਚੁੱਪ ਸ਼ਾਂਤ ਨੇ ਅਪਣੀ ਥਾਂ
ਚੁੱਪ ਸ਼ਾਂਤ ਨਾ ਪਰ ਕੁਝ ਵੀ, ਮਜ਼ਹਬ ਤੋਂ ਖ਼ੁਦਾ ਤੀਕਰ।

ਮੁੜ ਆਇਆ ਘੜਾ ਭਰਕੇ, ਮੈਂ ਸੜਦੇ ਘਰਾਂ ਖਾਤਰ
ਐਸਾ ਵੀ ਨਹੀਂ ਵਰਨਾ, ਪੁਜਿਆ ਨੀ ਝਨਾ ਤੀਕਰ।

ਰਾਤਾਂ ਦੇ ਸਫਰ ਅੰਦਰ, ਹੈ ਸਾਥ ਤਾਂ ਹੈ ਨੇਰ੍ਹਾ
ਹੈ ਸਾਥ ਕਿਰਨ ਹਰ ਇਕ, ਬਸ ਦਿਨ ਦੇ ਛਿਪਾ ਤੀਕਰ।

ਕੁਝ ਸਾਥ ਨੇ ਚਮੜੀ ਤਕ, ਕੁਝ ਸਾਥ ਨੇ ਦਮੜੀ ਤਕ
ਹੈ ਸਾਥ ਤੇਰੇ ਕੋਈ, ਕਦ 'ਪ੍ਰੀਤ' ਸਦਾ ਤੀਕਰ।

3.

ਵੇਖ ਨਾ ਉੱਤੋਂ ਖੁਸ਼ ਸ਼ਕਲਾਂ ਹੀ, ਝਾਕ ਉਨ੍ਹਾਂ ਦੇ ਅੰਦਰ ਵੇਖ
ਆਲੀਸ਼ਾਨ ਮਕਾਨਾਂ ਦੇ ਵਿਚ ਵਸਦੇ ਨੇ ਕਿੰਜ ਖੰਡਰ ਵੇਖ।

ਏਨਾ ਸ਼ੁਕਰ ਕਿ ਮਨ ਦੇ ਅੰਦਰ ਵੇਖ ਨਹੀਂ ਸਕਦਾ ਕੋਈ
ਵਰਨਾ, ਥੂ-ਥੂ, ਥੂ-ਥੂ ਹੁੰਦੀ ਮੋਮਨ ਦਾ ਮਨ ਮੰਦਰ ਵੇਖ।

ਦਿਨ ਚੜ੍ਹਿਆ ਤਾਂ ਜ਼ਾਹਰ ਹੋਏ ਕੀ ਸੀ ਉਸਦੇ ਚੰਨ ਤਾਰੇ
ਰਾਤ ਲੁਟਾਇਆ ਸਭ ਕੁਝ ਜਿਸਨੂੰ ਝਿਲਮਿਲ ਕਰਦਾ ਅਬਰ ਵੇਖ।

ਇਕ ਸਿਰ ਬਦਲੇ ਇਕ ਨੰਬਰ ਸੀ ਨੱਬੇ ਨੰਬਰ ਸਨ ਸਾਡੇ
ਅੱਗੋਂ ਹੁਣ ਕਿਸ ਨੇ ਸਿਰ ਦੇਣੇ, ਸਾਡੇ ਰੁਲਦੇ ਨੰਬਰ ਵੇਖ।

ਪਰਜਾਤੰਤਰ ਦੇ ਸੁਪਨੇ ਲੈ ਕੱਲ ਜੋ ਫਾਂਸੀ ਲੱਗੇ ਲੋਕ
ਅੱਜ ਉਨ੍ਹਾਂ ਦੇ ਸੁਪਨੇ ਫਾਂਸੀ ਲਾਉਂਦਾ ਪਰਜਾਤੰਤਰ ਵੇਖ।

ਕੀ ਕੀ ਕੋਹੇਨੂਰੀ ਚੀਜ਼ਾਂ ਕਾਗਜ਼ ਬਣ ਕੇ ਰਹਿ ਗਈਆਂ
ਹੌਲ ਜਿਹਾ ਇਕ ਉੱਠੇ ਆਪਣੇ ਵਿਰਸੇ ਦੇ ਕੈਲੰਡਰ ਵੇਖ।

ਦਿਲ ਦੇ ਬਾਗ਼ 'ਚ ਜ਼ਖਮ ਖਿਲੇ ਨੇ, ਖ਼ਾਮੋਸ਼ੀ ਹੈ, ਤਨਹਾਈ ਵੀ
ਕਿਉਂ ਕਵਿਤਾ ਦੀ ਲਹਿਰ ਨਾ ਜਾਗੇ ਐਸੇ ਕਾਵਿ ਸਮੁੰਦਰ ਵੇਖ।

"ਪ੍ਰੀਤ" ਵਿਹੂਣੇ, ਮਨ ਵਿਚ ਉਗਦੇ ਆਪ ਮੁਹਾਰੇ ਦੁਖੜੇ ਇਉਂ
ਭਖੜਾ, ਪੋਲ੍ਹੀ, ਸੂਲਾਂ, ਥੋਰ੍ਹਾਂ, ਜਿਉਂ ਧਰਤੀ ਨੂੰ ਬੰਜਰ ਵੇਖ।

4.

ਕਾਂ ਚਿੜੀ ਦੀ ਬਾਤ ਨਾ ਸੀ ਜ਼ਿੰਦਗੀ
ਹਾਦਸਾ ਦਰ ਹਾਦਸਾ ਸੀ ਜ਼ਿੰਦਗੀ।

ਇਕ ਸਫ਼ਰ ਪਿੱਛੋਂ ਸੀ ਬਾਕੀ ਇਕ ਸਫ਼ਰ
ਫ਼ਾਸਲਾ ਦਰ ਫ਼ਾਸਲਾ ਸੀ ਜ਼ਿੰਦਗੀ।

ਨਫ਼ਰਤਾਂ ਦੇ ਟੋਭਿਆਂ ਵਿਚ ਵਟ ਗਈ
ਪਿਆਰ ਦਾ ਵਗਦਾ ਝਨਾ ਸੀ ਜ਼ਿੰਦਗੀ।

ਛੇੜਦੇ ਨੇ ਲੋਕ ਕਿੱਸੇ ਅਮਨ ਦੇ
ਕਰਕੇ ਆਪੇ ਬਦਹਵਾਸੀ ਜ਼ਿੰਦਗੀ।

ਮਸਜਿਦਾਂ ਵਿਚ, ਗੁਰਦੁਆਰੀਂ, ਮੰਦਰੀਂ
ਮੈਂ ਵੀ ਕਿੱਥੋਂ ਭਾਲਦਾ ਸੀ ਜ਼ਿੰਦਗੀ।

ਰੌਸ਼ਨੀ ਤੇ ਜਾ ਕੇ ਜਿਹੜੀ ਮੁਕ ਗਈ
ਬਸ ਉਹੀ ਨੇਰ੍ਹੀ ਗੁਫ਼ਾ ਸੀ ਜ਼ਿੰਦਗੀ।

ਨਾ ਦਿਲਾਂ ਵਿਚ 'ਪ੍ਰੀਤ' ਸੀ ਨਾ ਦਰਦ ਸੀ
ਜ਼ਿੰਦਗੀ ਚੋਂ ਲਾਪਤਾ ਸੀ ਜ਼ਿੰਦਗੀ।

5,

ਪੰਛੀਆਂ ਦਾ ਦਰਦ ਲੈ ਕੇ ਸ਼ਾਇਰੀ, ਸੌਖੀ ਨਹੀਂ
ਕਾਲੇ ਬੋਲੇ ਝੱਖੜਾਂ ਵਿਚ ਜ਼ਿੰਦਗੀ, ਸੌਖੀ ਨਹੀਂ।

ਜੇ ਨਹੀਂ ਸੌਖਾ ਉਨ੍ਹੂੰ ਕਣ ਕਣ ਦੇ ਵਿੱਚੋਂ ਵੇਖਣਾ
ਤੂਰ ਤੇ ਵੀ ਉਸਦੀ ਜਲਵਾਗਰੀ, ਸੌਖੀ ਨਹੀਂ।

ਔਖੀ ਹੁੰਦੀ ਹੋਊ ਬੇਸ਼ਕ ਲੱਖ ਕਿਆਮਤ ਦੀ ਘੜੀ
ਦਿਲ ਤੋਂ ਦਿਲ ਦੇ ਵਿਛੜਨੇ ਦੀ ਪਰ ਘੜੀ, ਸੌਖੀ ਨਹੀਂ।



ਗੁਮ ਹੈ ਜੋ ਕਹਿਕਸ਼ਾਂ ਵਿਚ ਆਪਣਾ ਆਪਾ ਭਾਲਦਾ
ਉਸਦੀ ਹੁਣ ਆਪਣੇ ਘਰ ਨੂੰ ਵਾਪਸੀ, ਸੌਖੀ ਨਹੀਂ।

ਸੁੱਖ ਸਾਂਦਾ ਦੇ ਦਿਨਾਂ ਵਿਚ ਝੰਡਾ ਚੁਕਣਾ ਖੇਲ ਹੈ
ਪਰ ਸਿਰਾਂ ਦੇ ਖੌਅ ਦਿਨਾਂ ਵਿਚ ਰਹਿਬਰੀ, ਸੌਖੀ ਨਹੀਂ।

ਤਖਤ ਤੇ ਬਹਿਕੇ ਬੜੀ ਸੌਖੀ ਕਥਾ ਹੈ ਅਮਨ ਦੀ
ਦਗਦੀ ਲੋਹ ਤੇ ਬਹਿ ਕੇ ਪਰ ਗੱਲ ਅਮਨ ਦੀ, ਸੌਖੀ ਨਹੀਂ।

ਸੱਚ ਨੂੰ ਮਹਿਬੂਬ ਕਹਿਣਾਂ ਤਾਂ ਸੁਖਾਲਾ ਬਹੁਤ ਹੈ
ਪਰ ਕਮਾਉਣੀ "ਪ੍ਰੀਤ" ਐਸੀ ਆਸ਼ਕੀ, ਸੌਖੀ ਨਹੀਂ।

6.

ਜਦੋਂ ਧੁੱਪਾਂ ਦੀ ਛਾਂ ਮਾਣੀ ਨਹੀਂ ਸੀ
ਕਹੀ ਤਾਂ ਸੀ ਗਜ਼ਲ ਜਾਣੀ ਨਹੀਂ ਸੀ।

ਮਿਰੇ ਸ਼ਿਅਰਾਂ ਦੀ ਛੁਹ ਕਾਵਿਕ ਤਾਂ ਹੈ ਸੀ
ਤਿਰੇ ਹੋਠਾਂ ਦੀ ਪਰ ਹਾਣੀ ਨਹੀਂ ਸੀ।

ਸਮਾਂ ਇਕ ਸੀ ਕਿ ਉਲਝੀ ਜ਼ੁਲਫ ਸੁਲਝਾ
ਬਚੀ ਉਲਝੀ ਕੁਈ ਤਾਣੀ ਨਹੀਂ ਸੀ।

ਤਿਰੇ ਚਿਹਰੇ ਤੋਂ ਜ਼ੁਲਫਾਂ ਹਟਣ ਮਗਰੋਂ
ਕੁਈ ਵੀ ਸ਼ਕਲ ਅਣਜਾਣੀ ਨਹੀਂ ਸੀ।

ਥਲਾਂ ਦੀ ਆਵੀ 'ਚੋਂ ਲੰਘਣ ਤੋਂ ਪਹਿਲਾਂ
ਘੜਾ ਲੰਘਣਾ ਝਨਾ ਥਾਣੀ ਨਹੀਂ ਸੀ।

ਜ਼ਮਾਨੇ ਦੀ ਨਾ ਰਗ ਰਗ ਫੜਕਦੀ ਕਿਉਂ
ਲਹੂ ਸ਼ਾਇਰ ਦਾ ਸੀ, ਪਾਣੀ ਨਹੀਂ ਸੀ।

ਨਿਕੰਮੀ ਸੀ ਇਹ ਤਨ ਦੀ ਛਾਨਣੀ ਤਦ
ਖੁਦੀ ਖੁਦ 'ਚੋਂ ਜਦੋਂ ਛਾਣੀ ਨਹੀਂ ਸੀ।

(1 Rowntree Road, Unit 1206, Ecobicoke Ontario
M. 9 V 5 G 7—Canada)

## ਖ਼ੁਸ਼ਬੂ ਦਾ ਸਫ਼ਰ/ਪ੍ਰੇਮ ਸਾਹਿਲ

ਕੌਣ ਲਗਦੀ ਸੀ ਮੇਰੀ
ਨੀ ਤੂੰ ਪੌਣ ਵਗਦੀ
ਕਿ ਚਨਾਰ-ਪੱਤੇ ਵਾਂਗ
ਮੈਂ ਤਾਂ ਕੰਬ-ਕੰਬ ਜਾਂਦਾ

ਨਾ ਤੂੰ ਪੂਰਾ ਇਕਰਾਰ
ਨਾ ਹੀ ਕੋਰਾ ਇਨਕਾਰ
ਮੈਂ ਵੀ ਸੋਚਦਾ, ਸੰਕੋਚਦਾ
ਹਾਰ-ਹੰਭ ਜਾਂਦਾ......

ਤੇਰੀ ਦੀਦ ਲਈ
ਮੈਂ ਸਹਿਕ-ਸਹਿਕ ਜਾਂਦਾ
ਤੈਨੂੰ ਸੁਪਨੇ 'ਚ ਵੇਖਦਾ, ਤਾਂ
ਮਹਿਕ-ਮਹਿਕ ਜਾਂਦਾ

ਤੂੰ ਸਨਮੁਖ ਹੁੰਦੀ
ਮੇਰਾ ਹੁੱਗ ਜਿਹਾ ਭਰਦਾ
ਡਰਦਾ ਨਾ ਬੋਲ ਸਕਾਂ
ਸ਼ਬਦ-ਸ਼ਬਦ ਭਰਦਾਂ......

ਤੇਰੇ ਸਾਥ ਲਈ ਪਰ
ਸਿੱਕਦਾ ਮੈਂ ਐਨਾ
ਕਿ ਤੇਰਾ ਵੀਰ ਬਣ ਜਾਣਾ ਵੀ
ਮੈਂ ਲੋਚਦਾ
ਜ਼ਿੱਦਾਂ ਕਰਨਾ, ਨਾਲ ਤੇਰੇ ਲੜਨਾ
ਮੈਂ ਸੋਚਦਾ......

ਸਿਧ-ਪੱਧਰਾ ਸਵਾਲ
ਬਣ ਜਾਏ ਨਾ ਵਬਾਲ
ਰਹਾਂ ਬੋਲਾਂ ਨੂੰ
ਮੈਂ ਸਾਂਭਦਾ ਤੇ ਬੋਚਦਾ

ਤੂੰ ਹੀ ਸੁਬ੍ਹਾ ਮੇਰੀ ਸ਼ਾਮ
ਮੇਰਾ ਚੈਨ ਤੇ ਆਰਾਮ
ਮੇਰਾ ਦਿਨ, ਮੇਰੀ ਰਾਤ



ਤੇਰੀ ਛਬ. ਤੇਰੀ ਜ਼ਾਤ
ਮੇਰੀ ਔੜ, ਬਰਸਾਤ
ਤੇਰੀ ਚੁੱਪ, ਤੇਰੀ ਬਾਤ

ਅੰਤ, ਹੋਣ ਲੱਗੀ
ਤੈਨੂੰ ਵੀ ਉਡੀਕ
ਮੇਰਾ ਸੰਗ—ਤੇਰੀ ਸੀਮਾ
ਤੇਰੀ ਹੱਦ, ਤੇਰੀ ਲੀਕ

ਖੜ੍ਹੀ ਛੱਤ 'ਤੇ
ਤੂੰ ਪੱਤੀ-ਪੱਤੀ ਖੁਲ੍ਹਦੀ
ਮੇਰੇ ਮੋਢਿਆਂ 'ਤੇ
ਸੰਦਲੀ ਸੁਗੰਧ ਪਈ ਡੁੱਲ੍ਹਦੀ
ਮੱਚ-ਮੱਚ ਉਡਦਾ
ਮੈਂ ਨੱਚ-ਨੱਚ ਉਠਦਾ

ਸ਼ੱਕ ਦੇ ਛਾਣਨੇ 'ਚੋਂ
ਪੁਛਦਾ ਤੇ ਛਾਣਦਾ—
ਸਾਰਾ ਪਿੰਡ ਲੱਗੀਆਂ ਨੂੰ ਜਾਣਦਾ

ਗੁਰਾਂ ਦੇ ਦੁਆਰ
ਅਸੀਂ ਜੋਤਾਂ ਹਾਰ ਜਗਦੇ
ਧੂਫ ਵਾਂਗ ਧੁਖਦੇ
ਅਲਾਵ ਤਰ੍ਹਾਂ ਮਘਦੇ

ਕੋਈ ਮੰਨੇ-ਨਾ-ਮੰਨੇ
ਅਸੀਂ
ਗੁਰਾਂ ਵਾਲੀ ਬੀੜ ਦੇ
ਪੁਨੀਤ ਪੰਨੇ......

ਪਾਵਨ ਸ਼ਲੋਕ ਦੇ ਮਿਸਰੇ
ਅੱਖਰ-ਅੱਖਰ, ਸ਼ਬਦ-ਜੋੜ
ਕੋਈ ਸਕੇ ਨਾ ਵਿਛੋੜ
ਸੂਖਮ-ਮਹੀਨ
ਅਸੀਂ ਅਰਥ ਬੇਹਤਰੀਨ

ਫੜੋ-ਫੜੋ ਇਨ੍ਹਾਂ ਤਾਈਂ
ਪਏ ਲੋਕ ਕੁਰਲਾਂਵਦੇ
ਅਸੀਂ ਸਿਜਦੇ ਖ਼ੁਦਾ ਨੂੰ
ਰੰਗ ਪਾਕ ਕਲਾਮ ਦੇ...

ਅਸੀਂ ਰਹਿੰਦੇ ਕੋਲ-ਕੋਲ
ਲੋਕ ਥੱਕੇ ਟੋਲ-ਟੋਲ
ਉਹ ਨਾ ਜਾਣਦੇ—

ਕਿ ਖੁਸ਼ਬੂ ਦੇ
ਪੈਰ ਹੁੰਦੇ ਨਾ ਕਰ
ਡੇਰੇ ਹੁੰਦੇ ਨਾ ਡਰ
ਸਿਰਫ ਹੁੰਦਾ ਹੈ ਸਫ਼ਰ...

ਅਕਤੂਬਰ, 1906
(ਮਾਰਫਤ ਗੌ. ਗਰਲਜ਼ ਇੰਟਰ ਕਾਲਜ ਗੋਚਰ, ਜ਼ਿਲਾ ਚਮੋਲੀ (ਯੂ. ਪੀ.) 246429)

---

## ਲਹਿੰਦੇ ਪੰਜਾਬ ਤੋਂ ਛਪਦੇ ਕੁਝ ਪੰਜਾਬੀ ਪਰਚੇ

1. 'ਵਰ੍ਹੇ ਵਾਰ ਸਾਹਿਤ' ਸੰਪਾਦਕ ਇਲਿਆਸ ਘੁੰਮਣ, ਸਰਦਾਰ ਕਲਿਨਿਕ, ਅਮੀਰ ਰੋਡ, ਬਿਲਾਲ ਗੰਜ, ਲਾਹੌਰ—54000
2. ਮਾਸਕ ਪੱਤਰ 'ਲਹਿਰਾਂ', ਸੰਪਾਦਕ ਡਾ: ਅਖਤਰ ਹੁਸੈਨ ਅਖਤਰ 5/57 ਸੋਢੇਵਾਲ ਕਾਲੋਨੀ, ਮੁਲਤਾਨ ਰੋਡ, ਲਾਹੌਰ—54504
3. 'ਮਾਂ ਬੋਲੀ' ਮਾਸਿਕ, ਸੰਪਾਦਕ ਮਕਸੂਦ ਸਾਕਿਬ, ਫਲੈਟ ਨੰ: 2, ਅਲੀ ਆਰਕੇਡ 14, ਮੂਨ ਮਾਰਕੀਟ, ਗੁਲਸ਼ਨ ਰਾਵੀ, ਲਾਹੌਰ—54500
4. "ਕੂਕ" (ਲੜੀਵਾਰ ਤ੍ਰੈਮਾਸਿਕ) ਸੰਪਾਦਕ ਆਸ਼ਕ ਅਲੀ ਫੈਸਲ, ਰਵੇਲ ਅਦਬੀ ਅਕੈਡਮੀ, ਚੱਕ ਨੰ: 30 G.B. ਜ਼ਿਲ੍ਹਾ ਫੈਸਲਾਬਾਦ।
5. 'ਸਵੇਰ' (ਮਾਸਕ), ਸੰਪਾਦਕ ਜਮੀਲ ਅਹਿਮਦ ਪਾਲ, 4—A/156, ਅਜ਼ੀਮ ਮੰਜ਼ਲ ਕੂਚਾ ਮੁਹੰਮਦੀ, ਸੁਲਤਾਨ ਪੁਰਾ ਰੋਡ, ਲਾਹੌਰ—54900
6. ਤਿਮਾਹੀ, ਸੰਪਾਦਕ ਖਾਲਦ ਸ਼ੇਖ ਹਾਊਸ ਨੰ:—35, ਗਲੀ ਨੰ: 2, ਮਦਨੀ ਕਾਲੋਨੀ ਬਹਾਵਲ ਨਗਰ, ਪੰਜਾਬ—62300





### ਆਵਾਜ਼/ਸਤਿੰਦਰ ਮਸਰੂਫ਼

(ਮੇਰੇ ਸਾਥੀਆਂ ਦੇ ਨਾਂ)

ਅੱਜ ਕੁਝ ਹਾਲਾਤ ਐਸੇ ਹਨ,
ਮੈਨੂੰ ਅੰਦਰ ਹੀ ਅੰਦਰ,
"ਭੀਮ" ਦੇ ਗਦੈ ਨਾਲ ਭੰਨੀ ਜਾਂਦੇ ਹਨ।
ਮੈਂ ਕੁਝ ਲੁਕਾ ਕੇ ਰੱਖਣਾ ਨਹੀਂ ਚਾਹੁੰਦਾ,
ਸਭ ਦੱਸਦਾ ਹਾਂ।
ਪਹਿਲਾਂ ਤੁਸੀਂ ਕੁਝ ਮੈਨੂੰ ਦੱਸੋ ?

ਅੱਜ ਕੰਡਿਆਂ ਦੀਆਂ ਤਾਰਾਂ ਕਿਉਂ ਹਨ ?
ਅੱਗ ਦਿਲੀਂ ਤਰੇੜਾਂ ਕਿਉਂ ਹਨ ?
ਅੱਜ ਅਪਣਿਆਂ 'ਚ ਭੇੜਾਂ ਕਿਉਂ ਹਨ ?
ਕਿਹੜੇ ਤੁਹਾਡੇ ਬਣਾਏ ਬਾਰਡਰਾਂ ਲਈ
"ਭਗਤ ਸਿੰਘ" ਨੇ ਫਾਸੀ ਚੁੰਮੀ ਸੀ ?

ਅੱਜ ਕਿਉਂ ਤੁਸੀਂ ?
"ਜਾਵੇਦ ਅਖਤਰ" ਦੀ ਕਵਿਤਾ ਨੂੰ,
ਜ਼ਿਹਨ 'ਚ ਥਾਂ ਨਹੀਂ ਦਿੰਦੇ ?
ਜਦ ਉਹ ਕਹਿੰਦਾ ਹੈ,
"ਮੇਰੇ ਹਮਦਮ, ਮੇਰੇ ਭਾਈ......"

"ਘੁੰਮਣ" ਦੇ ਲੇਖਾਂ,
ਦਿਲ ਤੁਹਾਡੇ ਖੋਰੂ ਕਿਉਂ ਨਹੀਂ ਪਾਇਆ ?
ਜਦ ਪੁਲਾਂ ਦੇ ਸੁਫ਼ਨੇ ਲੈ ਕੇ,
ਉਹ ਪੰਜਾਬ ਫੇਰੀ 'ਤੇ ਸੀ ਆਇਆ।

ਸੌਂਹ ਰੱਬ ਦੀ,
ਮੈਨੂੰ ਉਹ ਗ਼ੈਰ ਨਹੀਂ ਲੱਗਦੇ।
ਜਦ ਮੈਂ ਆਪਣੀ ਰਉਂ ਵਿਚ,
"ਨੁਸਰਤ" ਜਾਂ "ਹਸਨ" ਸੁਣਦਾ ਹਾਂ।
ਫਿਰ ਤੁਹਾਨੂੰ ਗ਼ੈਰ ਕਿੰਝ ਜਾਪਦੇ ਐ ?

ਅੱਜ ਕਿਉਂ ਤੁਸੀਂ ਗੂੰਗੇ ਬਣ,
ਇਸ ਸਮਾਜ ਵਿਚ ਵਿਚਰਦੇ ਹੋ ?
ਤੁਸੀਂ ਆਵਾਜ਼ ਕਿਉਂ ਨਹੀਂ ਉਠਾਉਂਦੇ ?
ਕੀ ਪੂਰਬੀ, ਪੱਛਮੀ ਜਰਮਨੀ ਏਕੀਕਰਨ,
ਬਿਨਾਂ ਆਵਾਜ਼ ਤੋਂ ਸੀ ਹੋਇਆ ?

ਅੱਜ ਗੋਰੀ ਚਮੜੀ ਤੋਂ ਨਹੀਂ,
ਇਕ ਰੰਗ ਦੀ ਚਮੜੀ ਤੋਂ ਡਰ ਰਹੇ ਹੋ,
ਡਰ ਰਹੇ ਹੋ, ਆਪਣੇ ਆਪ ਤੋਂ।
ਡਰ ਰਹੇ ਹੋ, ਤੁਹਾਡੇ ਆਪਣੇ ਹੱਥੀਂ,
ਸਥਾਪਿਤ ਕੀਤੇ ਬੁੱਤਾਂ ਤੋਂ।
ਡਰ ਰਹੇ ਹੋ, ਤੇਜ਼ ਰੋਸ਼ਨੀਆਂ ਤੋਂ।
ਉੱਲੂ ਵਾਂਗ ਹਨੇਰੇ ਵਿਚ ਰਹਿਣ ਦੀ,
ਆਦਤ ਪੈ ਗਈ ਤੁਹਾਨੂੰ।

ਮੈਂ ਕੁਝ ਲੁਕਾ ਕੇ ਰੱਖਣਾ ਨਹੀਂ ਚਾਹੁੰਦਾ,
ਸਭ ਦੱਸਦਾ ਹਾਂ।
ਪਹਿਲਾਂ ਤੁਸੀਂ ਕੁਝ ਮੈਨੂੰ ਦੱਸੋ ?

(ਤਿਲਕ ਨਗਰ, 8137/5 ਮੁਕਤਸਰ, 152026)

ਲਹਿੰਦੇ ਪੰਜਾਬ ਤੋਂ

## ਗ਼ਜ਼ਲ/ਬਾਬਾ ਨਜ਼ਮੀ

ਉੱਠ ਓਏ ਬਾਬਾ ਆਪਣੀ ਜੂਹ ਦੇ ਦੁੱਖ ਦਾ ਦੀਵਾ ਬਾਲ।
ਟੁੱਕਰ ਵੰਡਣ ਵਾਲੇ ਅੱਗੇ ਭੁੱਖ ਦਾ ਦੀਵਾ ਬਾਲ।
ਖੌਰੇ ਕੋਈ ਭੁਲਿਆ ਪੰਛੀ, ਏਧਰ ਆ ਈ ਜਾਵੇ
ਧੁੱਪਾਂ, ਸੜੀਆਂ ਰੇਤਾਂ ਵਿਚ ਵੀ, ਰੁੱਖ ਦਾ ਦੀਵਾ ਬਾਲ।
ਅਸੀਂ ਵੀ ਤੇਰੇ ਆਦਮ ਜਾਏ ਉੱਤੋਂ ਤੇ ਨਹੀਂ ਡਿੱਗੇ
ਝੁੱਗੀਆਂ ਵਿਚ ਵੀ ਕਦੇ ਕਦਾਈਂ ਸੁੱਖ ਦਾ ਦੀਵਾ ਬਾਲ।
ਖੌਰੇ ਉੱਜੜੇ ਘਰ ਦੇ ਆਲੇ ਜੱਗ ਨੂੰ ਚੰਗੇ ਲੱਗਣ
ਸਾਡੇ ਨੈਣਾਂ ਵਿਚ ਵੀ ਆਪਣੇ ਮੁੱਖ ਦਾ ਦੀਵਾ ਬਾਲ।

(ਮਹਿਮੂਦ ਆਬਾਦ, 5½, ਮਕਾਨ ਨੰ: 1209,
ਗਲੀ ਨੰ: B—29, ਕਰਾਚੀ, ਪਾਕਿਸਤਾਨ)



## ਗ਼ਜ਼ਲ/ਆਦਲ ਸਦੀਕੀ

ਜੋ ਮੇਲੇ ਦੇ ਤੇਵਰ ਸਮਝਣ ਲੱਗ ਪਏ ਨੇ।
ਖ਼ੁਸ਼-ਫਹਿਮੀ ਦਾ ਰਸਤਾ ਛੱਡਣ ਲੱਗ ਪਏ ਨੇ।

ਰਾਹੋਂ ਖੁੰਝੇ ਜਦੋਂ ਕਿਸੇ ਥਾਂ ਅੱਪੜੇ ਨਾ,
ਆਪੇ ਸਿੱਧੇ ਰਸਤੇ ਚੱਲਣ ਲੱਗ ਪਏ ਨੇ।

ਆਖ਼ਰ ਅੰਤ ਨੂੰ ਬਚਣਾ ਸੀ ਮੂੰਹ-ਜ਼ੋਰਾਂ ਨੇ,
ਹੱਥੀਂ ਦਿੱਤੀਆਂ ਦੰਦੀਂ ਖੋਲ੍ਹਣ ਲਗ ਪਏ ਨੇ।

ਜੋ ਮਰਕਿਜ਼ ਨੂੰ ਛੱਡਕੇ ਖਿਲਰੇ ਪੁਲਰੇ ਸਨ,
ਓੜਕ ਮਰਕਿਜ਼ ਵੱਲ ਉਹ ਪਰਤਣ ਲੱਗ ਪਏ ਨੇ।

ਰੀਤਾਂ ਦੇ ਰਖਵਾਲੇ ਵੀ ਇਸ ਦੁਨੀਆਂ 'ਤੇ
ਪੱਕੀਆਂ ਪੀਡੀਆਂ ਰੀਤਾਂ ਤੋੜਨ ਲੱਗ ਪਏ ਨੇ।

ਬਸ ਹੁਣ ਚੇਤਰ ਛੇਤੀ ਆਵਣ ਵਾਲਾ ਏ,
ਉਮੀਦਾਂ ਦੇ ਬੂਟੇ ਪੁੰਗਰਨ ਲੱਗ ਪਏ ਨੇ।

ਕਾਗਜ਼ ਦੇ ਫੁੱਲ ਵੇਚਣ ਵਾਲੇ ਜਾਣ ਲਵੇ,
ਲੋਕੀਂ ਹੁਣ ਅਸਲੀਅਤ ਵੇਖਣ ਲੱਗ ਪਏ ਨੇ।

ਹੁਣ ਅੰਬਰ ਦੀਆਂ ਪੱਕੀਆਂ ਬੰਨੇ ਆਉਣਗੀਆਂ।
ਹੁਣ ਰਾਜ਼ਾਂ ਤੋਂ ਪਰਦੇ ਉੱਠਣ ਲੱਗ ਪਏ ਨੇ।

ਦਿਲ-ਦਰਿਆ ਵਿਚ ਫੇਰ ਅੱਜ ਜ਼ੋਰ ਏ ਲਹਿਰਾਂ ਦਾ,
ਯਾਦਾਂ ਦੇ ਪ੍ਰਛਾਵੇਂ ਕੰਬਣ ਲੱਗ ਪਏ ਨੇ।

ਮੌਸਮ ਦੀ ਮੱਕਾਰੀ ਵੇਖ ਕੇ ਹੁਣ "ਆਦਲ"
ਲੋਕੀਂ ਵੇਖੋ ਫਸਲਾਂ ਸਾਭਣ ਲੱਗ ਪਏ ਨੇ।

(ਰਵੇਲ, ਲਾਹੌਰ 'ਚੋਂ)

## ਤਿਹਾਈ ਬਹਾਵਲ ਨਗਰ (ਪਾਕਿਸਤਾਨ) ਦਾ ਇਲਿਆਸ ਘੁੰਮਣ ਵਿਸ਼ੇਸ਼ ਅੰਕ

ਪਾਕਿਸਤਾਨ ਤੋਂ ਛਪਦੇ 'ਤਿਮਾਹੀ' ਨਾਂ ਦੇ ਤ੍ਰੈ-ਮਾਸਕ ਦਾ ਜਨਵਰੀ ਤੋਂ ਜੂਨ 97 ਅੰਕ ਇਲਿਆਸ ਘੁੰਮਣ ਅੰਕ ਛਾਪਿਆ ਗਿਆ ਜਿਸ ਵਿਚ ਘੁੰਮਣ ਦੀ ਕਹਾਣੀ ਕਲਾ ਤੇ ਸ਼ਖ਼ਸੀਅਤ ਬਾਰੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਵਿਦਵਾਨਾਂ ਦੇ ਲੇਖ ਛਾਪੇ ਗਏ ਹਨ। ਅੰਕ ਦੇ ਆਖਰੀ ਭਾਗ ਵਿਚ ਘੁੰਮਣ ਦੀਆਂ ਚਾਰ ਸ੍ਰੇਸ਼ਟ ਕਹਾਣੀਆਂ, ਵੱਡਾ ਆਦਮੀ, ਢੋਡਰ ਕਾਂ, ਇੱਲ ਕੱਕੋ, ਜੜ ਦੇ ਕੀੜੇ, ਆਰ ਦੀ, ਨਾ ਪਾਰ ਦੀ, ਛਾਪੀਆਂ ਗਈਆਂ ਹਨ। ਦੋ ਸੌ ਸਫ਼ੇ ਦੇ ਇਸ ਅੰਕ ਦਾ ਮੁੱਲ 50/- ਰੁਪੈ ਹੈ। ਮਿਲਣ ਦਾ ਪਤਾ—ਸੰਪਾਦਕ ਖਾਲਦ ਸ਼ੇਖ, ਮਕਾਨ ਨੰ: 35, ਗਲੀ ਨੰ: ਦੋ, ਮਦਨੀ ਕਾਲੋਨੀ, ਬਹਾਵਲ ਨਗਰ, 62300 (ਪਾਕਿਸਤਾਨ)।

ਹਿੰਦੀ ਕਹਾਣੀ

## ਕੀ ਗੱਲਾਂ ਕਰ ਰਹੀਆਂ ਸਨ ਕੁੜੀਆਂ/ਸਵਰਗੰ ਪ੍ਰਕਾਸ਼

ਚਾਰ ਕੁੜੀਆਂ ਜਦੋਂ ਇਕ ਦੂਜੇ ਨੂੰ ਮਿਲਦੀਆਂ ਹੋਣਗੀਆਂ ਤਾਂ ਉਹ ਕੀ ਗੱਲਾਂ ਕਰਦੀਆਂ ਹੋਣਗੀਆਂ ?

ਮੰਨ ਲਉ ਚਾਰੋਂ ਕੁੜੀਆਂ ਕਿਸੇ ਕਾਲਜ ਦੀਆਂ ਜਮਾਤਣਾਂ ਹਨ। ਮੰਨ ਲਉ ਉਹ ਐਮ. ਏ. ਫਾਈਨਲ ਵਿਚ ਪੜ੍ਹਦੀਆਂ ਹਨ । ਜਾਂ ਇਉਂ ਮੰਨ ਲਉ ਕਿ ਤਿੰਨ ਐਮ. ਏ. ਦੇ ਆਖਿਰੀ ਸਾਲ ਵਿਚ ਹਨ ਅਤੇ ਇਕ ਐਮ. ਐਸ. ਸੀ. ਕਮਿਸਟਰੀ ਦੇ ਆਖਰੀ ਸਾਲ ਵਿਚ । ਐਮ. ਐਸ. ਸੀ. ਵਾਲੀ ਇਕ ਐਮ. ਏ. ਵਾਲੀ ਦੀ ਸਕੂਲ ਦੀ ਸਹੇਲੀ ਹੈ । ਉਹ ਰਹਿੰਦੀਆਂ ਵੀ ਇਕੋ ਮੁਹੱਲੇ ਵਿਚ ਹਨ। ਐਮ. ਐਸ. ਸੀ. ਵਾਲੀ ਕੋਲ ਮੋਪੇਡ ਹੈ ਜਿਸ ਉਪਰ ਦੋਨੋਂ ਕਾਲਜ ਆਉਂਦੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉਹ ਤਿੰਨਾਂ ਦੀ ਵੀ ਸਹੇਲੀ ਹੈ। ਚਾਰੋਂ ਦਰਮਿਆਨੇ ਪਰਿਵਾਰਾਂ ਦੀਆਂ ਆਮ ਦਿੱਖ ਵਾਲੀਆਂ ਕੁੜੀਆਂ ਹਨ। ਇਨ੍ਹਾਂ ਕੁੜੀਆਂ ਦੀਆਂ ਇੱਛਾਵਾਂ ਫੜਫੜਾਉਂਦੀਆਂ ਹਨ, ਜਾਦੂਈ ਉਮੀਦਾਂ ਹਨ ਤੇ ਮੁਰਝਾਏ ਸਪਨੇ । ਪਰੰਤੂ ਸਮਰੱਥਾ......ਅਜੇ ਨਹੀਂ ਹੈ।

ਹੁਣ ਮੰਨ ਲਉ ਐਮ. ਏ. ਫਾਈਨਲ ਵਾਲੀਆਂ ਦਾ ਪੀਰੀਅਡ ਖਾਲੀ ਹੈ ਅਤੇ ਐਮ. ਐਸ. ਸੀ. ਵਾਲੀ ਇਸ ਲਈ ਵਿਹਲੀ ਹੈ ਕਿ ਅੱਜ ਭੰਸਾਲੀ ਸਰ ਨਹੀਂ ਆਏ ਹਨ......ਚਾਰੇ ਮਿਲ ਗਈਆਂ ਹਨ ਤੇ ਸੋਚ ਰਹੀਆਂ ਹਨ ਕਿ ਕੀ ਕੀਤਾ ਜਾਏ ? ਇਕ ਨੇ ਸੁਝਾ ਦਿੱਤਾ ਕਿ ਘਰ ਚਲ ਕੇ ਆਰਾਮ ਨਾਲ ਲੰਮੀਆਂ ਤਾਣ ਕੇ ਸੁੱਤਾ ਜਾਏ। ਦੂਸਰੀ ਨੇ ਪ੍ਰਸਤਾਵ ਰੱਖਿਆ ਹੈ ਕਿ ਕਿਉਂ ਨਾ ਅਗਲੇ ਪੀਰੀਅਡ ਨੂੰ ਵੀ ਗੋਲੀ ਮਾਰੀ ਜਾਵੇ ਅਤੇ ਪਿਕਚਰ ਦੇਖੀ ਜਾਏ ? ਅਜਿਹਾ ਕਰਨ ਲਈ ਦੂਸਰੀਆਂ ਨੂੰ ਸਮੱਸਿਆ ਹੈ। ਤੀਸਰੀ ਦਾ ਭਰਾ ਉਥੇ ਟੱਕਰ ਸਕਦਾ ਹੈ। ਫਿਰ ਕੀ ਹੋਣਾ ਚਾਹੀਦਾ ਹੈ ? ਕੰਟੀਨ ਜਾ ਕੇ ਸਮੋਸਾ ਖਾਧਾ ਜਾਏ । ਹਾਂ ਇਹ ਠੀਕ ਹੈ। ਚਾਰੋਂ ਜਣੀਆਂ ਤੁਰੀਆਂ ਤੇ ਰੁਕ ਗਈਆਂ। ਕੰਟੀਨ ਵਿਚ ਰਮੇਸ਼ ਭੰਡਾਰੀ ਗੁੰਡੇ ਦੋਸਤਾਂ ਨਾਲ ਬੈਠਾ ਹੋਵੇਗਾ। ਟੋਂਟ ਕਰੇਗਾ। ਭਾਵੇਂ ਉਸਨੂੰ ਜਵਾਬ ਮੋੜਿਆ ਜਾ ਸਕਦਾ ਹੈ ਪਰ ਖ਼ਾਂਮਖ਼ਾਹ ਉਸਦੇ ਮੱਥੇ ਕੌਣ ਲੱਗੇ। ਤੇ ਜੇ ਰਿਸਰਚ ਫੈਲੋ ਨਿਸ਼ਾ ਅਰੋੜਾ ਮਿਲ ਗਈ ਤਾਂ ਉਹ ਚੰਬੜੀ ਸਮਝੋ । ਉਹ ਉਥੇ ਬੈਠੀ ਰਹਿੰਦੀ ਹੈ। ਫਿਰ ਉਸਨੂੰ ਸਮੋਸਾ ਵੀ ਖੁਆਉ ਤੇ ਬੋਰ ਵਾਧੇ ਦਾ ਹੋਵੋ। ਇਸ ਲਈ ਕੰਟੀਨ ਵੀ ਕੈਂਸਿਲ। ਚਲੋ ਲਾਅਨ ਵਿਚ ਬੈਠਦੇ ਹਾਂ । ਸਰਦੀਆਂ ਦੀ ਧੁੱਪ ਵਿਚ ਲਾਅਨ ਵਿਚ ਬੈਠਣਾ ਚੰਗਾ ਲੱਗਦਾ ਹੈ।

(ਕੰਟੀਨ ਨਾ ਜਾਣ ਦੀ ਕਹਾਣੀ ਇਹ ਵੀ ਹੋ ਸਕਦੀ ਹੈ ਕਿ ਚਾਰਾਂ ਨੇ ਮਨ ਹੀ ਮਨ ਆਪਣੇ ਪਰਸ ਫਰੋਲੇ ਹੋਣ ਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਹੋਵੇ ਕਿ ਕਿਸੇ ਕੋਲ ਵੀ ਉੜਾਉਣ ਲਈ ਦਸ ਦਾ ਨੋਟ ਨਹੀਂ ਹੈ। ਖ਼ੈਰ ਇਹੋ ਜਿਹੀਆਂ ਗੱਲਾਂ ਬੋਲ ਕੇ ਕਹਿਣ ਦੀ ਲੋੜ ਨਹੀਂ ।)

ਹੁਣ ਚਾਰੇ ਲਾਅਨ ਵਿਚ ਆ ਗਈਆਂ ਹਨ। ਗੱਲਾਂ ਕਰ ਰਹੀਆਂ ਹਨ। ਪਰ ਕੀ ਗੱਲਾਂ



ਕਰ ਰਹੀਆਂ ਹਨ ? ਉਨ੍ਹਾਂ ਕੋਲ ਕੋਈ ਟੇਪ ਰਿਕਾਰਡਰ ਨਹੀਂ ਧਰਿਆ ਹੋਇਆ। ਇਸ ਲਈ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਚਲੋ ਅੰਦਾਜ਼ਾ ਲਾਉਂਦੇ ਹਾਂ।

ਪਹਿਲਾ ਅੰਦਾਜ਼ਾ—

"ਤੂੰ ਰਾਮ ਪ੍ਰਕਾਸ਼ ਨਾਲ ਗੱਲ ਕੀਤੀ ?" ਇਕ ਨੇ ਦੂਸਰੀ ਤੋਂ ਪੁੱਛਿਆ।

"ਨਹੀਂ, ਯਾਰ।"

"ਲਉ ਯਾਰ। ਨਹੀਂ ਤਾਂ ਛੇਵੇਂ ਪੇਪਰ ਵਿਚ ਭੱਠਾ ਹੀ ਬੈਠ ਜਾਵੇਗਾ।"

"ਸਰ ਵੀ ਅਜੀਬ ਨੇ। ਉਲਟਾ ਸਿੱਧਾ ਬੋਲਿਆ ਤੇ ਚੰਪਤ।"

"ਸ਼੍ਰਾਵਣੀ ਮੈਡਮ ਦਾ ਪਿੱਛਾ ਕਰਨ ਤੋਂ ਫ਼ੁਰਸਤ ਮਿਲੇ ਤਾਂ ਹੀ ਨਾਂ।"

"ਪਰ ਇਹ ਵੀ ਤਾਂ ਸੋਚਣਾ ਚਾਹੀਦਾ ਹੈ ਕਿ ਅਸੀਂ ਪੇਪਰ ਵਿਚ ਲਿਖਾਂਗੇ ਕੀ ?"

"ਯਾਰ ਛੇਵਾਂ ਪੇਪਰ ਲੈ ਕੇ ਹੀ ਗਲਤੀ ਕੀਤੀ।"

"ਮੈਂ ਤਾਂ ਸੋਚਦੀ ਹਾਂ ਕਿ ਐਮ. ਏ. ਜਾਇਨ ਕਰਕੇ ਹੀ ਗਲਤੀ ਕੀਤੀ। ਇਸ ਨਾਲੋਂ ਕੀ ਸ਼ਾਰਟਹੈਂਡ ਹੀ ਸਿੱਖ ਲੈਂਦੀ।"

"ਇਹ ਵੀ ਤਾਂ ਹੋ ਸਕਦਾ ਹੈ ਕਿ ਅਸੀਂ ਪੈਦਾ ਹੋ ਕੇ ਹੀ ਗਲਤੀ ਕੀਤੀ ਹੋਵੇ ?"

"ਇਸ ਵਿਚ ਮੇਰਾ ਤਾਂ ਕੋਈ ਦੋਸ਼ ਨਹੀਂ।"

"ਤੁਸੀਂ ਤਾਂ ਫਿਰ ਵੀ ਲੱਕੀ ਹੋ। ਰਾਮ ਪ੍ਰਕਾਸ਼ ਤੋਂ ਨੋਟਸ ਲੈ ਲਉਗੀਆਂ। ਮੈਂ ਕੀ ਕਰਾਂਗੀ ? ਅਜਿਹੇ-ਅਜਿਹੇ ਰੀਐਕਸ਼ਨਜ਼ ਦੱਸ ਕੇ ਚਲੇ ਜਾਂਦੇ ਹਨ ਮਾਥੁਰ ਸਰ ਕਿ ਕਿਸੇ ਕਿਤਾਬ ਵਿਚ ਲੱਭਿਆਂ ਨਹੀਂ ਲੱਭਦੇ। ਪੁੱਛੋ ਤਾਂ ਨਾਰਾਜ਼ ਹੋ ਜਾਂਦੇ ਹਨ ਕਿ ਤੁਸੀਂ ਕੋਈ ਹਾਈ ਸਕੂਲ ਦੇ ਵਿਦਿਆਰਥੀ ਨਹੀਂ ਹੋ ਕਿ ਮੈਨੂੰ ਸਪੂਨ ਫੀਡਿੰਗ ਕਰਨੀ ਪਵੇ। ਦੱਸੋ ਭਈ ਸਮਝ ਵਿਚ ਨਹੀਂ ਆਉਂਦਾ ਕਿਸਨੂੰ ਪੁੱਛਣ ਜਾਈਏ ? ਮੰਮੀ-ਪਾਪਾ ਤੋਂ ? ਮੇਰਾ ਤਾਂ ਇਸ ਬਾਰ ਪਾਸ ਹੋਣਾ ਵੀ ਮੁਸ਼ਕਲ ਹੈ।"

"ਹਾਇ ਤੇ ਸਾਡੀਆਂ ਕਿਹੜੀਆਂ ਪੁਜ਼ੀਸ਼ਨਾਂ ਆਉਣਗੀਆਂ।"

"ਆਦਮੀ ਨੂੰ ਮਿਹਨਤ ਤਾਂ ਕਰਨੀ ਹੀ ਚਾਹੀਦੀ ਹੈ। ਕਰਮਣਯੇਵਾਧਿਕਾਰਸਤੇ......"

"ਕਰ ਲਉ ਮਿਹਨਤ ਪਰ ਹੋਵੇਗਾ ਕੀ ? ਤੁਹਾਡੇ ਤੋਂ ਭੁੱਲਿਆ ਹੋਇਆ ਕਿ ਭਾਰਗਵ ਸਰ ਦੀ ਕੁੜੀ ਵੀ ਐਮ. ਏ. ਫਾਈਨਲ ਵਿਚ ਹੈ ? ਉਸਦੇ ਹੁੰਦਿਆਂ ਤੁਹਾਡੀ ਪੁਜ਼ੀਸ਼ਨ ਕਿਵੇਂ ਆ ਸਕਦੀ ਐ ?"

"ਬੋਰ ਨਾ ਕਰੋ ਯਾਰ। ਕੋਈ ਹੋਰ ਗੱਲ ਕਰੋ।"

ਚਾਰੋਂ ਕੁੜੀਆਂ ਚੁੱਪ ਹੋ ਗਈਆਂ। ਇਹ ਚੁੱਪ ਕਾਫ਼ੀ ਦੇਰ ਤਕ ਛਾਈ ਰਹੀ।

ਦੂਸਰਾ ਅੰਦਾਜ਼ਾ—

ਇਕ ਕੁੜੀ ਕਿਸੇ ਨਵੀਂ ਫਿਲਮ ਦਾ ਗੀਤ ਗੁਣਗੁਣਾ ਰਹੀ ਹੈ। ਅਚਾਨਕ ਰੁਕ ਕੇ.......
"ਇਸ ਗੀਤ ਤੇ ਹੀਰੋ ਕਿੰਨਾ ਡੈਸ਼ਿੰਗ ਲਗਦਾ ਹੈ। ਕਿਆ ਡਾਂਸ ਕਰਦਾ ਹੈ। ਵਾਉ ! ਬਾਈ ਗਾਡ, ਗ੍ਰੇਟ ਯਾਰ। ਤੇ ਉਹਦੇ ਮੁਕਾਬਲੇ ਹੀਰੋਇਨ ਜਮਾਂ ਬਲੰਗੜੀ ਲਗਦੀ ਹੈ।"

"ਹਾਂ ਤੂੰ ਤਾਂ ਕਹੇਂਗੀ ਹੀ। ਹੀਰੋ ਦੀ ਸ਼ਕਲ ਤੇਰੇ ਸਤੀਸ਼ ਜੀ ਨਾਲ ਮਿਲਦੀ ਹੈ ਨਾਂ, ਇਸੇ ਲਈ।"

“ਸ਼ੱਟਪ । ਮੈਂ ਕਿਸੇ ਸਤੀਸ਼-ਸਤੂਸ਼ਜੀ ਨੂੰ ਘਾਹ ਨਹੀਂ ਪਾਉਂਦੀ । ਉਹ ਤਾਂ ਤੁਸੀਂ ਹੋ ਜੋ ਨਰਾਇਣ ਸਿੰਘ ਭਾਈ ਸਾਹਿਬ ਦੇ ਪਿੱਛੇ-ਪਿੱਛੇ ਤੁਰੀਆਂ ਫਿਰਦੀਆਂ ਹੋ ।

“ਹਾਇ ! ਨਰਾਇਣ ਸਿੰਘ ਭਾਈ ਸਾਹਿਬ । ਜੇ ਨਰਾਇਣ ਸਿੰਘ ਤੇਰਾ ਭਾਈ ਸਾਹਬ ਹੈ ਤਾਂ ਇਹ ਤੇਰੀ ਕੀ ਲੱਗੀ ?”

“ਓ, ਜੀਜਾ ਜੀ ਬੋਲ ।”

“ਕੀ ਐ ਯਾਰ ! ਸੂਤ ਨਾ ਕਪਾਹ, ਸ਼ੁਰੂ ਹੋ ਗਈਆਂ ।”

“ਹੁੰਦਾ ਹੈ ਬੱਚੂ ਹੁੰਦਾ ਹੈ । ਇੰਜ ਹੀ ਹੁੰਦਾ ਹੈ । ਅਸੀਂ ਵੀ ਇਕ ਜ਼ਮਾਨੇ ਵਿਚ ਦਿਨੇਸ਼ ਜੀ ਤੇ ਲੱਟੂ ਸਾਂ । ਪਰ ਹੋਇਆ ਕੀ ? ਸਾਲੇ ਗੱਲਾਂ ਵੱਡੀਆਂ ਵੱਡੀਆਂ ਕਰਦੇ ਹਨ .... ਇਹ ਕਰ ਦਊਂਗਾ ..... ਉਹ ਕਰ ਦਊਂਗਾ ..... । ਵਿਆਹ ਦਾ ਟਾਈਮ ਆਇਆ ਤਾਂ ਪਿਉ ਦੀ ਉਂਗਲੀ ਜਾ ਫੜੀ । ਦਾਜ ਦੇ ਚੱਕਰ ਵਿਚ ਚੇਚਕ-ਮੂੰਹੀਂ ਮੋਟੋ ਨਾਲ ਵਿਆਹ ਕਰ ਲਿਆ ।”

“ਬੰਨੋ, ਤੂੰ ਫਿਰ ਉਹੀ ਰਮਾਇਣ ਸ਼ੁਰੂ ਨਾ ਕਰ । ਇਸ ਮਸਲੇ ਤੇ ਅਸੀਂ ਪਹਿਲਾਂ ਹੀ ਬਥੇਰਾ ਰੋ ਚੁੱਕੇ ਹਾਂ ।”

“ਨਹੀਂ ਮੈਂ ਤਾਂ ਇਹਨੂੰ ਸਮਝਾ ਹੀ ਰਹੀ ਸੀ ।”

“ਪਰ ਜ਼ਰੂਰੀ ਤਾਂ ਨਹੀਂ ਕਿ ਜੋ ਤੇਰੇ ਨਾਲ ਹੋਇਆ ਉਹ ਸਾਰਿਆਂ ਨਾਲ ਹੀ ਹੋਵੇ ?”

“ਤੂੰ ਅੱਜ ਕਲ੍ਹ ਦੇ ਮੁੰਡਿਆਂ ਨੂੰ ਨਹੀਂ ਜਾਣਦੀ ।”

“ਛੱਡੋ ਯਾਰ ।”

ਚਾਰੋਂ ਕੁੜੀਆਂ ਚੁੱਪ ਹੋ ਜਾਂਦੀਆਂ ਹਨ । ਆਪਣੇ ਆਪ ਵਿਚ ਗੁੰਮ-ਸੁੰਮ, ਕੌਣ ਕਿਸਨੂੰ ਧੀਰਜ ਦੇਵੇ ?

ਤੀਸਰਾ ਅੰਦਾਜ਼ਾ—

ਚਾਰੋਂ ਕੁੜੀਆਂ ਚੁੱਪ ਚਾਪ ਪਸਰੀਆਂ ਪਈਆਂ ਹਨ । ਇਕ ਕੁਝ ਗੁਣਗੁਣਾ ਰਹੀ ਹੈ । ਅਚਾਨਕ ਦੂਰੋਂ ਇਕ ਭੜਕੀਲੀ ਕੁੜੀ ਨੂੰ ਦੇਖਕੇ ਚੁੱਪ ਹੋ ਜਾਂਦੀ ਹੈ । ਕਹਿੰਦੀ ਹੈ,

“ਦੇਖਿਆ ਕਿਵੇਂ ਮਟਕ ਰਹੀ ਹੈ ?”

“ਕੌਣ ?” ਦੂਜੀ ਪੁੱਛਦੀ ਹੈ ।

“ਉਹੀ ਰੇਖਾ ਬੰਸਲ ਹੋਰ ਕੌਣ ?”

“ਕਿਉਂ” -

“ਪਿਉਰ ਸਿਫਾਨ ਦੀ ਸਾੜ੍ਹੀ ਪਾ ਕੇ ਆਈ ਹੈ ਨਾ, ਇਸ ਕਰਕੇ ।”

“ਹਾਇ ਨੀ ਅੰਮੀਏ । ਕਾਲਜ ਵਿਚ ਪਿਉਰ ਸ਼ਫਾਨ ਦੀ ਸਾੜ੍ਹੀ ? ਮਰ ਗਈ ਇਸਦੀ ਮੰਮੀ ?”

“ਕਿਉਂ ਮੰਮੀ ਕਿਉਂ ਮਰ ਗਈ ?”

“ਮੰਮੀ ਲਿਆਈ ਹੋਵੇਗੀ ਆਪਣੇ ਲਈ ਸਾੜ੍ਹੀ । ਉਸੇ ਨੇ ਮਰ-ਖਪ ਕੇ ਫਾਲ ਲਾਈ ਹੋਵੇਗੀ । ਤੇ ਮਟਕ ਬਣੀ ਇਸ ਮਹਾਰਾਣੀ ਜੀ ਦੀ । ਸ਼ਾਮ ਤੱਕ ਕਰ ਦਊ ਇਹਦਾ ਸਤਿਆਨਾਸ ਤੇ ਘਰ ਜਾ ਕੇ ਲਾਹ ਮਾਰੇਗੀ । ਸਮੇਟਦੀ ਰਹੇਗੀ ਮਾਂ ਵਿਚਾਰੀ ।”

“ਤੈਨੂੰ ਕਿਉਂ ਜਲਣ ਹੋ ਰਹੀ ਹੈ ?”



“ਸੁਣੋ ! ਵਸਤਰ ਵਿਹਾਰ ਚਲਦੇ ਆਂ । ਸੁਣਿਆ ਉਥੇ ਸੇਲ ਲੱਗੀ ਹੋਈ ਹੈ । ਪੰਦਰਾਂ-ਪੰਦਰਾਂ ਰੁਪਏ ਵਿਚ ਟੀਸ਼ਰਟ ਤੇ ਟਾਪਸ ਮਿਲ ਰਹੇ ਨੇ । ਕਵਿਤਾ ਸੋਨੀ ਲੈ ਕੇ ਆਈ ਹੈ ?”

“ਨੀ ਕਿਹੜੀ ਕਵਿਤਾ ਸੋਨੀ ?”

“ਓ, ਉਹੀ ਮਾਧੁਰੀ ਦੀ ਭੈਣ, ਹੋਰ ਕੌਣ ?”

“ਮੈਨੂੰ ਤਾਂ ਬਖਸ਼ੋ ਭਾਈ । ਕਲ੍ਹ ਪਤਾ ਕੀ ਹੋਇਆ ? ਮੇਰਾ ਭਰਾ ਬੰਬਈ ਤੋਂ ਜੀਨਜ਼-ਟਾਪਸ ਲੈ ਕੇ ਆਇਆ । ਏਨਾ ਸੋਹਣਾ ਕਿ ਕੀ ਦੱਸਾਂ । ਕਹਿਣ ਲੱਗਾ ਪਾ ਕੇ ਦੱਸ । ਮੈਂ ਪਾ ਲਿਆ । ਹੋਇਆ ਇਹ ਕਿ ਉਤੋਂ ਆ ਗਏ ਬਾਊਜੀ । ਪਤਾ ਕੀ ਕਹਿਣ ਲੱਗੇ ? ‘ਇਨ੍ਹਾਂ ਕਪੜਿਆਂ ਵਿਚ ਬਾਹਰ ਨਿਕਲੀ ਤਾਂ ਟੰਗਾਂ ਤੋੜ ਕੇ ਹੱਥ ਫੜਾ ਦਊਂ’ । ਭਰਾ ਨੂੰ ਝਾੜ ਪਈ ਵੱਖ ।”

“ਹਾ ਭਈ । ਅਜੇ ਤਾਂ ਵੀਹਵੀਂ ਸਦੀ ਪੂਰੀ ਹੋਈ ਹੈ । ਸ਼ਹਿਦ ਪੱਚੀਵੀਂ ਸਦੀ ਤਕ ਤੁਸੀਂ ਆਪਣੀ ਮਰਜ਼ੀ ਦਾ ਖਾ ਪਹਿਨ ਸਕੋ ।”

“ਓ, ਕੀ ਐ ਯਾਰ । ਗੱਲ ਗੱਲ ਤੇ ਫਿਲਾਸਫਰ ਬਣ ਜਾਂਦੇ ਹੋ । ਚਲੋ ਚਲੀਏ ਵਸਤਰ ਵਿਹਾਰ । ਹੋਰ ਕੁਝ ਨਹੀਂ ਤਾਂ ਸਸਤੇ ਨੈਪਟਿਨ ਹੀ ਖਰੀਦ ਲਵਾਂਗੇ ।”

ਕਿਸੇ ਨੇ ਵਸਤ-ਵਿਹਾਰ ਜਾਣ ਵਾਲੀ ਦਾ ਸਮਰਥਨ ਨਹੀਂ ਕੀਤਾ । ਇਕ ਨੇ ਖੁਲ੍ਹ ਕੇ ਉਬਾਸੀ ਲਈ । ਬੋਲੀ, ਚਲੋ ਕੰਟੀਨ ਚਲ ਕੇ ਚਾਹ ਪੀਂਦੇ ਹਾਂ । ਉਹ ਖੜੀ ਹੋ ਗਈ ਹੈ । ਬਾਕੀ ਤਿੰਨੋਂ ਉਸੇ ਤਰ੍ਹਾਂ ਪਸਰੀਆਂ ਪਈਆਂ ਹਨ । ਜੋ ਖੜ੍ਹੀ ਹੋ ਗਈ ਹੈ ਉਸਨੂੰ ਕੁਝ ਵੀ ਸੁੱਝ ਨਹੀਂ ਰਿਹਾ ਕਿ ਉਹ ਕੀ ਕਰੇ । ਦੁਬਾਰਾ ਬੈਠ ਜਾਏ ਜਾਂ ਇਕੱਲੀ ਕੰਟੀਨ ਤੇ ਚਲੀ ਜਾਏ । ਉਹ ਘਾਹ ਦੀ ਤਿੜ ਚਬਾ ਰਹੀ ਹੈ ਜਾਂ ਆਪਣਾ ਕਾਲਾ-ਕਸੈਲਾ ਭਵਿੱਖ ? ਕੌਣ ਕਹਿ ਸਕਦਾ ਹੈ ।

ਚੌਥਾ ਅੰਦਾਜ਼ਾ—

ਅੱਜ ਤਿੰਨ ਕੁੜੀਆਂ ਹੀ ਹਨ । ਐਮ. ਐਸ. ਸੀ. ਵਾਲੀ ਕੰਪਿਊਟਰ ਦੀ ਕਲਾਸ ਵਿਚ ਜਾਣ ਲੱਗੀ ਹੈ ।

“ਸੁਣਿਆ ਹੈ ਰੇਖਾ ਬੰਸਲ ਦੀ ਸ਼ਾਦੀ ਹੋ ਰਹੀ ਹੈ ?”

“ਕਾਰਡ ਵੰਡ ਰਹੀ ਸੀ ।”

“ਉਹਦਾ ਪਿਉ ਤਕੜਾ ਵਪਾਰੀ ਹੈ ।”

“ਹਸਬੈਂਡ ਉਹਦਾ ਕੀ ਕਰਦਾ ਹੈ ? ਯਾਨੀ ਹੋਣ ਵਾਲਾ ?”

“ਉਹ ਵੀ ਵਪਾਰੀ ਹੈ । ਯਾਨੀ ਕਿ ਹੋਣ ਵਾਲਾ । ਵਪਾਰੀ ਦਾ ਪੁੱਤ ਹੈ । ਡਕਾਰ ਮਾਰੇਗਾ । ਫੇਰੇਗਾ ਗੋਗੜ ਤੇ ਹੱਥ ਤੇ ਰਾਤ ਦਿਨ ਗਿਣੇਗਾ ਨੋਟ ।

“ਤੂੰ ਕਿਉਂ ਕੁੜ੍ਹ ਰਹੀ ਐਂ । ਤੇਰੀ ਵੀ ਤਾਂ ਹੋ ਰਹੀ ਹੈ ।”

“ਭੁੱਲ ਜਾਉ ।”

“ਕਿਉਂ ਮੇਰਠ ਵਾਲਿਆਂ ਦੀ ਚਿੱਠੀ ਨਹੀਂ ਆਈ ? ਜੋ ਤੈਨੂੰ ਪਿਛਲੇ ਮਹੀਨੇ ਦੇਖ ਕੇ ਗਏ ਸੀ ।”

“ਆ ਗਈ ਚਿੱਠੀ । ਫੋਟੋ ਵਾਪਿਸ ਕਰ ਦਿੱਤੀ ਉਨ੍ਹਾਂ ।”

“ਇਨ੍ਹਾਂ ਦੀ ਤਾਂ...ਕੁੜੀ ਨੇ ਮਰਦਾਂ ਵਾਲੀ ਗਾਲ੍ਹ ਕੱਢੀ ।” ਜਿਸਦੀ ਫੋਟੋ ਵਾਪਿਸ ਆਈ ਸੀ ਉਹਦੀਆਂ ਅੱਖਾਂ ਵਿਚ ਹੰਝੂ ਆ ਗਏ । (ਬਾਕੀ ਸਫਾ 19 ਤੇ)

## ਭਾਰਤ ਦਾ ਮੌਜੂਦਾ ਵਿਚਾਰਧਾਰਕ ਸੰਕਟ/ਪ੍ਰੋ: ਇਰਫ਼ਾਨ ਹਬੀਬ

ਰਾਜਨੀਤਕ ਤੇ ਸਮਾਜਿਕ ਸੰਘਰਸ਼ਾਂ ਦੇ ਵੱਧਦੇ ਹੋਏ ਪ੍ਰਭਾਵ ਤਹਿਤ ਵਿਚਾਰਧਾਰਕ ਪ੍ਰਸ਼ਨ ਸਾਡਾ ਧਿਆਨ ਖਾਸ ਤੌਰ 'ਤੇ ਖਿੱਚਦੇ ਹਨ। ਸੂਚਨਾ ਅਤੇ ਗਿਆਨ ਦੇ ਪ੍ਰਚਾਰ-ਪ੍ਰਸਾਰ ਦੇ ਨਾਲ ਹੀ ਬਹੁਤ ਸਾਰੇ ਵਿਚਾਰ-ਢਾਂਚੇ ਅਤੇ ਵਿਸ਼ਵਾਸ ਵੀ ਸਮਾਜ ਵਿਚ ਤੇਜ਼ੀ ਨਾਲ ਫੈਲਦੇ ਹਨ। ਇਸ ਲਈ ਵਿਭਿੰਨ ਵਰਗਾਂ ਦੀ ਸਾਧਾਰਣ ਚੇਤਨਾ 'ਤੇ ਅਤੀਤ ਅਤੇ ਵਰਤਮਾਨ ਦੀਆਂ ਬੌਧਿਕ ਸਰਗਰਮੀਆਂ ਦਾ ਪ੍ਰਭਾਵ ਪੈਂਦਾ ਹੈ। ਏਸੇ ਲਈ ਨਾ ਸਿਰਫ ਜਨਸਾਧਾਰਣ ਦੇ ਪੱਧਰ 'ਤੇ ਸਗੋਂ ਖਾਸ ਕਰਕੇ ਸਭਿਆਚਾਰਕ ਪੱਧਰ 'ਤੇ ਵੀ ਵਿਚਾਰਧਾਰਕ ਦਖਲਅੰਦਾਜ਼ੀ ਬੇਹੱਦ ਲੋੜੀਂਦੀ ਹੈ।

ਇਸ ਤੱਥ ਨੂੰ ਸੰਜੀਦਗੀ ਨਾਲ ਨੋਟ ਕਰਨ ਦੀ ਜ਼ਰੂਰਤ ਹੈ ਕਿ ਸਮਾਜਿਕ ਵਰਗਾਂ ਅਤੇ ਵਿਚਾਰਧਾਰਾ ਦਾ ਅੰਤਰ ਸੰਬੰਧ ਬੇਹੱਦ ਜਟਿਲ ਹੁੰਦਾ ਹੈ। ਪੂੰਜੀਪਤੀ ਵਰਗ ਦੀ ਵਿਚਾਰਧਾਰਾ (ਬੁਰਜੁਆ ਆਈਡਿਅਲੋਜੀ) ਦਾ ਕੋਈ ਇਕ ਹੀ ਰੂਪ ਨਹੀਂ ਹੁੰਦਾ। ਮਾਰਕਸ ਵੱਲੋਂ ਦਰਸਾਇਆ ਗਿਆ 'ਕਲਾਸਕੀ' ਅਤੇ 'ਸਾਧਾਰਣ' ਰਾਜਨੀਤਕ ਅਰਥਵਿਵਸਥਾ ਵਿਚਾਲੇ ਅੰਤਰ ਸਾਡੇ ਸਾਹਮਣੇ ਮੌਜੂਦ ਹੈ। ਕਲਾਸਕੀ ਰਾਜਨੀਤਕ ਅਰਖਵਿਵਸਥਾ ਵਿਚ ਵਿਆਪਕ ਦ੍ਰਿਸ਼ਟੀ ਅਤੇ ਉਸਦਾ ਸਿਧਾਂਤਕ ਵਹਾਅ ਰਹਿੰਦਾ ਹੈ ਜਦ ਕਿ ਸਾਧਾਰਣ ਰਾਜਨੀਤਕ ਅਰਥਵਿਵਸਥਾ ਪੂੰਜੀਪਤੀ ਵਰਗ ਦੇ ਹਿੱਤਾਂ ਨਾਲ ਸਿੱਧੇ ਤੌਰ 'ਤੇ ਜੁੜੀ ਹੁੰਦੀ ਹੈ। ਜਿੱਥੋਂ ਤੱਕ ਮਿਹਨਤੀ ਵਰਗ ਅਤੇ ਹੋਰ ਦੱਬੇ ਕੁਚਲੇ ਵਰਗਾਂ ਦਾ ਸਬੰਧ ਹੈ, ਉਹ ਬਹੁਤ ਸਾਰੇ ਵਿਚਾਰ ਉੱਚ ਵਰਗ ਤੋਂ ਵੀ, ਉਸਦੀ ਬੌਧਿਕ ਸਰਦਾਰੀ ਦੇ ਤਹਿਤ, ਪ੍ਰਾਪਤ ਕਰਦੇ ਹਨ (ਸਬਲਟਰਨ ਸਕੂਲ ਵਲੋਂ ਸਥਾਪਿਤ ਖੁਦਮੁਖਤਿਆਰੀ ਦੇ ਉਲਟ)। ਮਾਰਕਸਵਾਦ ਮਜ਼ਦੂਰ ਵਰਗ ਦੀ ਵਿਚਾਰਧਾਰਾ ਹੈ ਇਸ ਲਈ ਉਸਦਾ ਉਦੇਸ਼ ਮਜ਼ਦੂਰ ਵਰਗ ਦੀ ਮੁਕਤੀ ਹੈ, ਇਸ ਲਈ ਨਹੀਂ ਕਿ ਮਜ਼ਦੂਰ ਵਰਗ ਦੇ ਅੰਦਰ ਉਹ ਖੁਦ ਹੀ ਤੇਜ਼ੀ ਨਾਲ ਵਿਕਸਤ ਹੋਈ ਹੈ। ਇਸਦੀ ਸ਼ਕਤੀ, ਇਸਦੀ ਤਰਕਸ਼ੀਲਤਾ ਦੀ ਇਮਾਨਦਾਰੀ, ਬਹੁਤ ਠੀਕ ਹੋਣ ਅਤੇ ਯਥਾਰਥਬੋਧ ਵਿਚ ਹੈ। ਇਸਨੂੰ ਲਗਾਤਾਰ ਲਿਸ਼ਕਾਉਂਦੇ ਅਤੇ ਮਜ਼ਬੂਤ ਬਣਾਉਂਦੇ ਰਹਿਣਾ ਚਾਹੀਦਾ ਹੈ। ਇਸ ਸੰਦਰਭ ਵਿਚ ਗਰਾਮਸ਼ੀ ਦੇ ਵਿਚਾਰਧਾਰਕ ਸੰਘਰਸ਼ ਦਾ ਸੰਕਲਪ ਵਿਸ਼ੇਸ ਰੂਪ ਨਾਲ ਪ੍ਰਸੰਗਕ ਹੈ—ਇਹ ਕਿ, "ਦੁਸ਼ਮਣ ਦੇ ਮਜ਼ਬੂਤ ਕੇਂਦਰਾਂ 'ਤੇ ਹਮਲਾ ਕਰਨ ਦੀ ਜ਼ਰੂਰਤ ਹੁੰਦੀ ਹੈ, ਕਮਜ਼ੋਰ ਕੇਂਦਰਾਂ 'ਤੇ ਨਹੀਂ, ਜਿਵੇਂ ਕਿ ਰਣ-ਖੇਤਰਾਂ ਵਿਚ ਹੁੰਦਾ ਹੈ।

ਜਨਵਾਦੀ ਅੰਦੋਲਨ ਦੀ ਕਿਸੇ ਵੀ ਵਿਚਾਰਧਾਰਕ ਰਣਨੀਤੀ ਨੂੰ ਤਿਆਰ ਕਰਦੇ ਸਮੇਂ ਇਸ ਗੱਲ ਦੀ ਪਛਾਣ ਜ਼ਰੂਰੀ ਹੈ ਕਿ ਦੁਸ਼ਮਣ ਪਾਸੇ ਵੱਲ ਪੇਸ਼ ਕਿਹੜਾ ਖ਼ਤਰਾ ਜਾਂ ਚੁਣੌਤੀ ਸਭ ਨਾਲੋਂ ਵਧੇਰੇ ਭੱਖਵੀਂ ਹੈ। ਜਰਮਨੀ ਵਿਚ ਸੰਨ 1933 ਈਸਵੀ ਵਿਚ ਪੁਰਾਣੇ ਢੰਗ ਦੇ ਉਦਾਰਤਾਵਾਦ ਦੇ ਵਿਰੁੱਧ ਸੰਘਰਸ਼ ਦਾ ਕੋਈ ਅਰਥ ਨਹੀਂ ਹੁੰਦਾ, ਜਦ ਕਿ ਉੱਥੇ ਨਾਜ਼ੀਵਾਦ ਵਲੋਂ ਨਸਲਵਾਦ ਨੂੰ ਇਕ ਪ੍ਰਮੁੱਖ ਸਿਧਾਂਤ ਦੇ ਰੂਪ ਵਿਚ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਅੱਜ ਜਦ ਕਿ ਰੂਸ ਵਿਚ ਸਮਾਜਵਾਦ ਦਾ ਪਤਨ ਹੋ ਗਿਆ ਹੈ ਤੇ ਅਜਿਹਾ ਭਾਸਣ



ਲੱਗਾ ਹੈ ਕਿ ਸਾਰੀ ਦੁਨੀਆਂ ਵਿਚ ਜਿਵੇਂ ਪੂੰਜੀਵਾਦ ਨੇ ਮੁੜ ਆਪਣੀ ਸਰਦਾਰੀ ਸਥਾਪਿਤ ਕਰ ਲਈ ਹੈ, ਸਾਡਾ ਅੰਤਰ-ਵਿਰੋਧ ਪੁਰਾਣੇ ਢੰਗ ਦੀ ਲੋਕ-ਹਿਤਕਾਰੀ ਅਰਥਵਿਵਸਥਾਵਾਂ ਨਾਲ ਨਹੀਂ ਬਣਦਾ ਸਗੋਂ ਖੁਲ੍ਹੇ ਬਾਜ਼ਾਰ 'ਤੇ ਅਧਾਰਤ ਭੂਮੰਡਲੀਕਰਨ ਨਾਲ ਬਣਦਾ ਹੈ। ਨਾਲ ਹੀ ਸਾਡੇ ਆਪਣੇ ਦੇਸ਼ ਦੇ ਸੰਦਰਭ ਵਿਚ ਕੌਮਾਂਤਰੀ ਪੱਧਰ 'ਤੇ ਜੋੜ-ਤੋੜ ਕਰਨ ਦੀ ਉਸਦੀ ਸਮਰੱਥਾ ਦੇ ਘੱਟ ਹੋਣ ਅਤੇ ਅੰਦਰੂਨੀ ਆਰਥਿਕ ਬਿਮਾਰੀ ਵੱਧਣ ਦੇ ਕਾਰਣ ਸਾਡੇ ਮੁੱਖ ਵਿਰੋਧੀ ਵਿਚਾਰਧਾਰਾ 'ਬੁਰਜੁਆ ਰਾਸ਼ਟਰਵਾਦ' ਨਹੀਂ ਸਗੋਂ ਹਿੰਦੂਵਾਦੀ ਸ਼ਕਤੀਆਂ ਦਾ ਵੱਧਦਾ ਹੋਇਆ ਪ੍ਰਭਾਵ ਹੈ, ਜਿਨ੍ਹਾਂ ਨੇ ਨਾ ਸਿਰਫ ਵੱਡੇ ਪੂੰਜੀਪਤੀ ਘਰਾਣਿਆਂ ਵਿਚਾਲੇ ਆਪਣੀ ਥਾਂ ਬਣਾਈ ਹੈ, ਸਗੋਂ ਜਨ-ਸਾਧਾਰਣ 'ਤੇ ਵੀ ਉਨਾ ਪ੍ਰਭਾਵ ਵਧਿਆ ਹੈ। ਮੌਜੂਦਾ ਵਿਚਾਰਧਾਰਕ ਯੁੱਧ ਦੀ ਜਟਿਲ ਸਥਿਤੀ ਨੂੰ ਜੇਕਰ ਇਕ ਸੂਤਰ ਵਿਚ ਪੇਸ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਹਿੰਦੂਵਾਦੀ ਸ਼ਕਤੀਆਂ ਦੀ ਫਿਰਕੂ ਵਿਚਾਰਧਾਰਾ ਦੇ ਵਿਰੁੱਧ ਲੋਕਤੰਤਰਕ ਵਿਚਾਰਾਂ ਦੀ ਰਾਖੀ ਅੱਜ ਦਾ ਮੁੱਖ ਕਾਰਨ ਹੈ।

ਹਿੰਦੂਵਾਦੀ ਵਿਚਾਰਧਾਰਾ ਅੱਜ ਦੇ ਇਕ ਜਾਂ ਦੋ ਨਾਹਰਿਆਂ 'ਤੇ ਅਧਾਰਤ ਨਹੀਂ ਹੈ। ਅਸਲ 'ਚ ਇਹ ਸਾਡੇ ਪ੍ਰਾਚੀਨ ਸਭਿਆਚਾਰ ਦੇ ਕੁੱਝ ਸੰਕੀਰਣ ਤੱਤਾਂ ਤੋਂ ਪੈਦਾ ਹੋਈ ਹੈ—ਜਿਨ੍ਹਾਂ ਦੇ ਅਸਲ ਰੂਪ ਨੂੰ ਬਦਲ ਕੇ ਆਪਣੀ ਹਿਮਾਇਤ ਦੇ ਨਾਲ ਵਧੇਰੇ ਤੱਤੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹ ਮਹਿਜ਼ ਅਤੀਤ ਦੀ ਭ੍ਰਿਸ਼ਟ ਵਿਆਖਿਆ ਨਾਲ ਆਪਣਾ ਜੀਵਨ ਰਸ ਗ੍ਰਹਿਣ ਕਰ ਰਹੀ ਹੈ—ਇਹ 'ਆਰੀਆਵਾਦ' ਦੇ ਸਿਧਾਂਤ 'ਤੇ ਜ਼ੋਰ ਦਿੰਦੀ ਹੈ (ਅਤੇ ਭਾਰਤ ਦੇ ਸੰਦਰਭ ਵਿਚ ਇੰਡੋ-ਯੂਰਪੀਨ ਮੂਲ-ਸਰੋਤ ਦੇ ਦਾਅਵੇ ਪੇਸ਼ ਕਰਦੀ ਹੈ) ਅਤੇ ਸਾਡੇ ਸਭਿਆਚਾਰਕ ਅੰਤਰ-ਵਿਰੋਧਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਦੀ ਹੈ। ਇਹ ਦਰਾਵਿੜ, ਇਰਾਨੀ, ਯੂਨਾਨੀ, ਇਸਲਾਮੀ ਅਤੇ ਹੋਰ ਤੱਤਾਂ ਨੂੰ ਪੂਰੀ ਤਰ੍ਹਾਂ ਅਣਦੇਖਾ ਕਰਦੀ ਹੈ ਅਤੇ ਮੁਸਲਿਮ ਵੱਖਵਾਦੀਆਂ ਦੇ ਨਾਲ ਮਿਲਕੇ 'ਦੋ ਰਾਸ਼ਟਰਾਂ' ਦੇ ਸਿਧਾਂਤ ਵਿਚ ਆਪਣਾ ਵਿਸ਼ਵਾਸ਼ ਪ੍ਰਗਟਾਉਂਦੀ ਹੈ—ਇਸ ਦਾ ਇਹ ਵਿਸ਼ਵਾਸ ਹਿੰਦੀ-ਹਿੰਦੂ, ਹਿੰਦੋਸਤਾਨ ਵਰਗੇ ਨਾਅਰਿਆਂ ਵਿਚ ਸਮਾਇਆ ਹੋਇਆ ਹੈ। ਅਜਿਹਾ ਕਰਦਿਆਂ ਇਹ ਬੰਗਾਲ ਦੇ ਨਵ-ਜਾਗਰਣ ਅਤੇ ਕੌਮੀ ਸੰਘਰਸ਼ ਦੀ ਸਕਾਰਾਤਮਕ ਵਿਰਾਸਤ ਨੂੰ ਪੂਰੀ ਤਰ੍ਹਾਂ ਨਕਾਰਦੀ ਹੈ। ਹਿੰਦੂਤੱਵਵਾਦੀ ਬ੍ਰਿਗੇਡ ਦੇ ਪਿੱਛੇ ਅਰਧ-ਫਾਸ਼ੀਵਾਦੀ ਪਿਛਾਖੜਵਾਦ ਦੀ ਤਾਕਤ ਹੈ। ਵਿਚਾਰਧਾਰਕ ਪੱਧਰ 'ਤੇ ਇਸ ਚੁਨੌਤੀ ਪ੍ਰਤੀ ਕੋਈ ਨਜ਼ਰ-ਅੰਦਾਜ਼ੀ ਜਾਂ ਇਸਨੂੰ ਕਿਸੇ ਤਰ੍ਹਾਂ ਦੀ ਖੁਲ੍ਹ ਦੇਣੀ ਓਨੀ ਹੀ ਖ਼ਤਰਨਾਕ ਹੋਵੇਗੀ ਜਿੰਨੀ ਕਿ ਕੋਈ ਵੀ ਅਜਿਹੀ ਸਿਆਸੀ ਰਣਨੀਤੀ ਜੋ ਭਾਜਪਾ ਨੂੰ ਹੋਰਨਾਂ ਪਾਰਟੀਆਂ ਦੇ ਬਰਾਬਰ ਮੰਨਦੀ ਹੈ। ਭਾਜਪਾ ਦਾ ਵਿਰੋਧ ਕਰਨ ਲਈ ਇਕ ਸਾਂਝਾ ਵਿਚਾਰਧਾਰਕ ਮੋਰਚਾ ਵੀ ਓਨਾ ਹੀ ਜ਼ਰੂਰੀ ਹੈ, ਜਿੰਨਾ ਕਿ ਰਾਜਨੀਤਕ ਮੋਰਚਾ। ਇਸ ਲਈ ਬੁਰਜੁਆ ਲੋਕਤੰਤਰਿਕ ਸਕਤੀਆਂ ਨਾਲ ਤਾਲਮੇਲ ਕਰਨ ਵਿਚ ਕਿਸੇ ਵੀ ਤਰ੍ਹਾਂ ਦੀ ਔਖ ਮਹਿਸੂਸ ਨਹੀਂ ਕਰਨੀ ਚਾਹੀਦੀ।

ਜੇਕਰ ਅੱਜ ਕੋਈ ਵਿਅਕਤੀ ਹਿੰਦੂਵਾਦੀ ਸ਼ਕਤੀਆਂ ਨੂੰ ਸ਼ਿਵਾਜੀ ਦੇ ਰੂਪ ਵਿਚ ਦੇਖਦਾ ਹੈ ਤਾਂ ਉਸਨੂੰ ਟੈਗੋਰ ਦੇ ਹੇਠ ਲਿਖੇ ਸ਼ਬਦਾਂ 'ਤੇ ਗੌਰ ਕਰਨਾ ਚਾਹੀਦਾ ਹੈ—'ਸ਼ਿਵਾਜੀ ਦਾ ਉਦੇਸ਼ ਕਰਾਂ ਦਾ ਬਚਾਅ ਸੀ। ਉਹ ਮੁਗ਼ਲ ਹਮਲੇ ਤੋਂ ਹਿੰਦੂ ਸਮਾਜ ਨੂੰ ਬਚਾਉਣਾ ਚਾਹੁੰਦਾ ਸੀ—ਉਸ ਹਿੰਦੂ ਸਮਾਜ ਨੂੰ ਜਿਸਦੇ ਜੀਵਨ ਦਾ ਆਧਾਰ 'ਕਰਮਕਾਂਡੀ ਭੇਦ-ਭਾਵ ਅਤੇ ਜਾਤ-ਅਧਾਰਤ ਅੰਤਰ

ਸੀ। ਉਹ ਇਸ ਵੰਡਗ੍ਰਸਤ ਸਮਾਜ ਨੂੰ ਸਾਰੇ ਭਾਰਤ ਵਿਚ ਜੀਉਂਦਿਆਂ ਰੱਖਣਾ ਚਾਹੁੰਦਾ ਸੀ। ਉਸਨੇ ਰੇਤੇ ਦੀਆਂ ਰੱਸੀਆਂ ਬੁਣੀਆਂ। ਇਹ ਕਿਸੇ ਵੀ ਵਿਅਕਤੀ ਦੀ ਸਮਰੱਥਾ ਤੋਂ ਪਰ੍ਹੇ ਹੈ ਅਤੇ ਸ੍ਰਿਸ਼ਟੀ ਦੇ ਦੈਵੀ ਨਿਯਮ ਦੇ ਵਿਰੁੱਧ ਹੈ ਕਿ ਭਾਰਤ ਵਰਗੇ ਵਿਸ਼ਾਲ ਮਹਾਂਦੀਪ ਵਿਚ ਜਾਤਾਂ 'ਚ ਵੰਡੇ ਕੁਟਿਲ ਅਤੇ ਅੰਦਰੂਨੀ 'ਤੇ ਵੰਡੇ ਹੋਏ ਫਿਰਕੇ ਦਾ 'ਸਵਰਾਜ' ਸਥਾਪਤ ਕੀਤਾ ਜਾ ਸਕੇ।"

ਜੇਕਰ ਇਸ ਪ੍ਰਕਾਰ ਦਾ ਵਿਚਾਰਧਾਰਕ ਮੋਰਚਾ ਬਣਾਉਣਾ ਹੈ, ਇਸ ਦਾ ਪ੍ਰਗਟਾਵਾ ਪ੍ਰਕਾਸ਼ਨਾਵਾਂ ਵਿਚ, ਸਭੇ ਤਰ੍ਹਾਂ ਦੇ ਮੌਜੂਦਾ ਸਰੋਤਾਂ ਦੀ ਵਰਤੋਂ ਵਿਚ (ਜਿਵੇਂ ਅਕਾਦਮਿਕ ਅਤੇ ਪੇਸ਼ਾਵਰਾਨਾ ਸੰਸਥਾਵਾਂ, ਕਲਾਕਾਰਾਂ ਦੇ ਅਤੇ ਹੋਰ ਸਭਿਆਚਾਰਕ ਸੰਗਠਨਾਂ ਜਿਵੇਂ 'ਸਹਿਮਤ') ਫਿਰਕਾਪ੍ਰਸਤੀ ਦੇ ਵਿਰੁੱਧ ਸਾਰੇ ਪੱਧਰਾਂ 'ਤੇ ਜਨਤਾ ਨੂੰ (ਉੱਚ-ਸੰਸਕ੍ਰਿਤੀ ਸੰਪਨ ਅਤੇ ਵਿਸ਼ੇਸ਼ ਯੋਗਤਾ ਪ੍ਰਾਪਤ ਵਿਅਕਤੀਆਂ ਤੋਂ ਲੈ ਕੇ ਜਨ-ਸਾਧਾਰਣ ਤੱਕ) ਜਥੇਬੰਦ ਕਰਨ ਵਿਚ ਹੋਣਾ ਚਾਹੀਦਾ ਹੈ।

ਜਿੱਥੇ ਇਕ ਪਾਸੇ ਫਿਰਕਾਪ੍ਰਸਤੀ ਦੇ ਖ਼ਿਲਾਫ਼ ਇਸ ਤਰ੍ਹਾਂ ਦਾ ਤਾਲਮੇਲ ਜ਼ਰੂਰੀ ਹੈ, ਉੱਥੇ ਇਹ ਵੀ ਜ਼ਰੂਰੀ ਹੈ ਕਿ ਇਸ ਤਾਲਮੇਲ ਦੀ ਜਿੰਦ-ਜਾਨ ਮਾਰਕਸਵਾਦ ਦੀ ਰਾਖੀ ਅਤੇ ਵਿਕਾਸ ਕੀਤਾ ਜਾਵੇ। ਠੰਡੀ ਜੰਗ ਦੇ ਦੌਰਾਨ ਮਾਰਕਸਵਾਦ-ਵਿਰੋਧੀ ਵਿਚਾਰਧਾਰਕ ਪ੍ਰਵਿਰਤੀਆਂ ਦੀ ਜੋ ਲੜੀ ਤੁਰੀ, ਉਹ ਅੱਜ ਸਾਡੇ ਸਾਹਮਣੇ ਵਧੇਰੇ ਮਜ਼ਬੂਤ ਰੂਪ ਵਿਚ ਮੌਜੂਦ ਹੈ। 'ਉੱਤਰ ਆਧੁਨਿਕਤਾ' ਦਾ ਨਾਅਰਾ ਇਸ ਲੜੀ ਦੀ ਸਭ ਤੋਂ ਨਵੀਂ ਕੜੀ ਹੈ। ਇਸਦੇ ਤਹਿਤ ਇਕ ਤਰ੍ਹਾਂ ਸੰਵਾਦ ਦਾ ਧਰਾਤਲ ਹੀ ਬਦਲ ਗਿਆ ਹੈ ਅਤੇ ਹੁਣ ਬੁੱਧੀਵਾਦੀ ਵਿਚਾਰ-ਵਿਵਸਥਾਵਾਂ (ਮਾਰਕਸਵਾਦ ਸਮੇਤ) ਨੂੰ ਆਧੁਨਿਕਤਾਵਾਦੀ ਅਤੇ ਕੁਲੀਨ ਵਰਗੀ ਕਿਹਾ ਜਾ ਰਿਹਾ ਹੈ ਅਤੇ ਖ਼ੁਦ ਨੂੰ ਵਧੇਰੇ ਰੈਡੀਕਲ ਦਸਿਆ ਜਾ ਰਿਹਾ ਹੈ ਹਾਲਾਂਕਿ 'ਉੱਤਰ ਆਧੁਨਿਕਤਾਵਾਦ' ਧਾਰਮਿਕ ਤੱਤਵਾਦ ਨੂੰ ਵੀ ਬਾਜ਼ਾਰ ਦੇ ਸਿਧਾਂਤ ਦੇ ਆਧਾਰ 'ਤੇ ਵਿਆਖਿਆ ਕਰਕੇ ਮੰਨਣਯੋਗ ਬਣਾ ਸਕਦਾ ਸਕਦਾ ਹੈ। ਸਬਲਟਰਨਵਾਦੀਆਂ ਦੀਆਂ ਸਰਲੀਕ੍ਰਿਤ ਧਾਰਨਾਵਾਂ—ਜਿਵੇਂ 'ਏਲੀਟ' ਅਤੇ 'ਅਸੇਟੇਬਲਿਸ਼ਮੈਂਟ'—ਜੋ ਇਤਿਹਾਸਕਾਰਾਂ ਅਤੇ ਸਮਾਜ ਵਿਗਿਆਨੀਆਂ ਦੇ ਇਕ ਛੋਟੇ ਜਿਹੇ ਸਮੂਹ ਵਿਚ ਪ੍ਰਚਲਤ ਸਨ, ਪੱਤਰਕਾਰਤਾ ਵਲੋਂ ਵਿਆਪਕ ਰੂਪ ਨਾਲ ਪ੍ਰਚਾਰਤ ਅਤੇ ਪ੍ਰਸਾਰਤ ਕੀਤੀਆਂ ਜਾ ਰਹੀਆਂ ਹਨ। ਨਾਲ ਹੀ ਮਾਰਕਸਵਾਦ ਵਲੋਂ ਵਰਤੀਆਂ ਵਧੇਰੇ ਸਟੀਕ ਧਾਰਨਾਵਾਂ ਨੂੰ ਪਰ੍ਹੇ ਧੱਕਿਆ ਜਾ ਰਿਹਾ ਹੈ। ਇਸ ਨਾਲ ਸਿੱਧੇ ਰੂਪ ਨਾਲ ਤਾਂ ਤੱਤੀ ਪਰਿਵਰਤਨਵਾਦੀ ਕਾਮਨਾ ਦਾ ਝਲਕਾਰਾ ਮਿਲਦਾ ਹੈ. ਇਸ ਲਈ ਉਕਤ ਧਾਰਨਾਵਾਂ (ਸਬਲਟਰਨਵਾਦੀ ਜਾਂ ਉੱਤਰ-ਆਧੁਨਿਕਤਾਵਾਦੀ) ਅਸਪਸ਼ਟ ਹਨ ਅਤੇ ਅਸਲੀਅਤ 'ਤੇ ਪਰਦਾ ਹੀ ਪਾਉਂਦੀਆਂ ਹਨ। ਇਸ ਲਈ ਇਸ ਤੱਥ ਨੂੰ ਦ੍ਰਿੜ੍ਹਤਾ ਨਾਲ ਨੋਟ ਕਰਨ ਦੀ ਲੋੜ ਹੈ ਕਿ ਮਾਰਕਸਵਾਦ 'ਤੇ ਸਿਧਾਂਤਕ ਰੂਪ ਨਾਲ ਆਪਣੀ ਪਕੜ ਮਜ਼ਬੂਤ ਕੀਤੀ ਜਾਵੇ ਅਤੇ ਉਸਨੂੰ ਪੂਰੀ ਦ੍ਰਿੜਤਾ ਨਾਲ ਲਾਗੂ ਕੀਤਾ ਜਾਵੇ। ਅੱਜ ਇਸਦੀ ਜਿੰਨੀ ਲੋੜ ਹੈ ਸ਼ਾਇਦ ਹੀ ਪਹਿਲਾਂ ਕਦੀ ਰਹੀ ਹੋਵੇ। ਹਾਲਾਂਕਿ ਸਾਡੇ ਅੰਬਰ 'ਤੇ ਅਜੇ ਵੀ ਕਾਲੇ-ਕਾਲੇ ਬੱਦਲ ਮੰਡਰਾ ਰਹੇ ਹਨ, ਪਰ ਜਨਵਾਦੀ ਸ਼ਕਤੀਆਂ ਨੇ ਫਿਰਕਾਪ੍ਰਸਤੀ ਦੇ ਖਿਲਾਫ ਆਪਣਾ ਜੋ ਤਕੜਾ ਵਿਰੋਧ ਪ੍ਰਗਟਾਇਆ ਹੈ, ਉਹ ਹੀ ਸਾਡਾ ਦ੍ਰਿੜ੍ਹ ਚਿੰਨ੍ਹ ਹੈ। ਸਾਨੂੰ ਆਸ ਹੈ ਕਿ ਅਸੀਂ ਵਿਚਾਰਾਂ ਦੇ ਯੁੱਧ ਵਿਚ ਲਾਜ਼ਮੀ ਜਿੱਤਾਂਗੇ। ਇਸ ਯੁੱਧ ਵਿਚ ਲੇਖਕਾਂ ਅਤੇ



ਕਵੀਆਂ ਤੋਂ ਵਧੇਰੇ ਪ੍ਰਭਾਵਸ਼ਾਲੀ ਹੋਰ ਕੌਣ ਹੋ ਸਕਦਾ ਹੈ? ਇਹ ਲੋਕ ਹੀ ਜਨਤਾ ਦੇ ਦਿਲ ਅਤੇ ਦਿਮਾਗ ਤੱਕ ਪਹੁੰਚਣ ਦੀ ਸਮਰੱਥਾ ਰੱਖਦੇ ਹਨ।

ਇਸ ਖੇਤਰ ਵਿਚ ਆਮ ਵਿਅਕਤੀ ਦੀ ਹੈਸੀਅਤ ਨਾਲ ਮੈਂ ਕਹਿਣਾ ਚਾਹਵਾਂਗਾ ਕਿ ਇਸ ਵੇਲੇ ਭਾਸ਼ਾਵਾਂ ਦੇ ਰੂਪਾਂ 'ਤੇ ਜ਼ੋਰ ਦੇਣ ਜਾਂ ਉਨ੍ਹਾਂ ਦੀ ਵਕਾਲਤ ਕਰਨ ਦੀ ਥਾਂ, ਹਰ ਵਰਗ ਅਤੇ ਪੱਧਰ ਦੇ ਲੋਕਾਂ ਵਿਚ ਸਰਗਰਮ ਹੋਣ ਦੀ ਲੋੜ ਹੈ। ਜਨਵਾਦੀ ਲੇਖਕ ਸੰਘ ਇਕ ਅਜਿਹਾ ਸੰਗਠਨ ਹੈ ਜੋ ਹਿੰਦੀ ਅਤੇ ਉਰਦੂ ਦੇ ਪ੍ਰਗਤੀਸ਼ੀਲ ਲੇਖਕਾਂ ਨੂੰ ਇਕਜੁਟ ਕਰਦੇ ਹੋਏ ਵਧੇਰੇ ਸਫਲਤਾ ਪੂਰਵਕ ਭਾਸ਼ਾਈ ਸਨਕ ਦੇ ਤਮਾਮ ਰੂਪਾਂ ਖ਼ਿਲਾਫ਼ ਲੜਾਈ ਲੜ ਸਕਦਾ ਹੈ। ਹਿੰਦੀ, ਉਰਦੂ ਵਿਵਾਦ ਦੇ ਦੁਰਭਾਗਪੂਰਨ ਫਿਰਕਾਪ੍ਰਸਤ ਰੁਝਾਨ ਨੂੰ, ਜੋ ਕਿ 19ਵੀਂ ਸ਼ਤਾਬਦੀ ਤੋਂ ਹੀ ਜਾਰੀ ਹੈ, ਨੂੰ ਧਿਆਨ ਵਿਚ ਰੱਖਦੇ ਹੋਏ, ਇਸ ਸਵਾਲ ਨੂੰ ਕਿਵੇਂ ਹੱਲ ਕੀਤਾ ਜਾਵੇ, ਇਹ ਮਸਲਾ, ਫਿਰਕਾਪ੍ਰਸਤੀ ਖ਼ਿਲਾਫ਼ ਸੰਘਰਸ਼ ਵਿਚ ਵਧੇਰੇ ਮਹੱਤਵ ਦਾ ਹੈ।

ਪੰਜਾਬੀ ਉਲੱਥਾ—ਸੁਸ਼ੀਲ ਦ...ਝ

---

(ਸਫ਼ਾ 14 ਦੀ ਬਾਕੀ)

ਕੁਝ ਦੇਰ ਤਿੰਨੋਂ ਚੁੱਪ ਚਾਪ ਘਾਹ ਦੀਆਂ ਤਿੜ੍ਹਾਂ ਤੋੜਦੀਆਂ ਰਹੀਆਂ। ਕਿਸੇ ਨੇ ਰੋਣ ਵਾਲੀ ਦੇ
ਹੰਝੂ ਨਾ ਪੂੰਝੇ। ਫਿਰ ਇਕ ਨੇ ਪੁੱਛਿਆ। ਤੁਸੀਂ ਕੀ ਕਰੋਗੇ ਐਮ. ਏ. ਤੋਂ ਬਾਦ।
"ਅਪਲਾਈ ਕਰਾਂਗੀ ਇਧਰ ਉਧਰ" ਦੂਸਰੀ ਨੇ ਕਿਹਾ। ਉਹ ਫਿਰ ਕਹਿਣ ਲੱਗੀ ਜਾਂ
ਪਰੀ-ਬੀ ਐੱਡ ਲਈ ਟ੍ਰਾਈ ਕਰਾਂਗੀ।
"ਤੇ ਤੂੰ? ਦੂਸਰੀ ਨੇ ਤੀਸਰੀ ਤੋਂ ਪੁੱਛਿਆ।"
"ਦੇਖਾਂਗੀ ਕੁਝ ਕਰਾਂਗੀ। ਕੁਝ ਹੋਇਆ ਤਾਂ ਜੀਆਂਗੀ ਨਹੀਂ ਤਾਂ ਪੱਖੇ ਨਾਲ ਚਾਦਰ ਬੰਨ੍ਹ
ਕੇ ਝੂਲ ਜਾਵਾਂਗੀ।"
"ਛੀ!" ਤੀਸਰੀ ਉੱਚੀ ਦੇਣੀ ਬੋਲੀ। "ਮੈਂ ਤਾਂ ਭਾਈ ਇਨੇ ਉਚੇ ਵਿਚਾਰ ਨਹੀਂ ਰੱਖਦੀ।
ਮੈਂ ਤਾਂ ਇਮਤਿਹਾਨ ਤੋਂ ਬਾਦ ਚੈਨ ਨਾਲ ਸੌਂਵਾਂਗੀ ਦਿਨ ਭਰ। ਖੂਬ ਡੱਟ ਕੇ ਖਾਵਾਂਗੀ। ਖੂਬ
ਪਿਕਚਰਾਂ ਦੇਖਾਂਗੀ ਤੇ ਸਾਰਿਆਂ ਦੀ ਛਾਤੀ ਤੇ ਖੂਬ ਮੂੰਗ ਦਲਾਂਗੀ। ਲਾ ..... ਲਾ ..... ਲਾ....
ਲਾ ......।
ਕੋਈ ਖ਼ੁਸ਼ ਨਹੀਂ ਹੋਇਆ। ਉਹ ਪਹਿਲਾਂ ਵਾਂਗ ਹੀ ਤਿੜ੍ਹਾਂ ਤੋੜਦੀਆਂ ਰਹੀਆਂ। ਉਹ ਵੀ
ਥੱਕ ਕੇ ਚੁੱਪ ਹੋ ਗਈਂ। ਕੁੜੀਆਂ ਚੁੱਪ ਹੋਈਆਂ ਤਾਂ ਉਹ ਵੀ ਚੁੱਪ ਹੋ ਗਈ।
ਪਿਆਰੇ ਪਾਠਕ! ਜਿਥੇ ਕੁੜੀਆਂ ਸਨ ਉਥੇ ਟੇਪ ਰਿਕਾਰਡ ਨਹੀਂ ਸੀ। ਪਤਾ ਨਹੀਂ ਉਨ੍ਹਾਂ
ਨੇ ਕੀ ਗੱਲਾਂ ਕੀਤੀਆਂ। ਪਰ ਮੇਰੀ ਪਰੇਸ਼ਾਨੀ ਇਹ ਹੈ ਕਿ ਮੈਂ ਜਦੋਂ ਇਨ੍ਹਾਂ ਖਿਲਰੀਆਂ ਕਮੀਆਂ
ਬਾਰੇ ਸੋਚਿਆ ਤਾਂ ਮੇਰੇ ਅੰਦਾਜ਼ੇ ਦੁੱਖ-ਭਰੀ ਉਦਾਸੀ ਵਿਚ ਕਿਉਂ ਖ਼ਤਮ ਹੋਏ!

ਤੁਸੀਂ ਕੀ ਸੋਚਦੇ ਹੋ?

(ਅਨੁਵਾਦ: ਕਰਮਜੀਤ ਸਿੰਘ 'ਵਰਤਮਾਨ ਸਹਿਤ', ਅਕਤੂਬਰ-ਦਿਸੰਬਰ-96 ਤੋਂ ਧੰਨਵਾਦ ਸਹਿਤ)

## ਕੰਮ ਤੇ ਮੁੱਲ/ਦਰਸ਼ਨ ਸਿੰਘ ਧੀਰ

ਬਲਦੇਵ ਸਿੰਘ ਨੇ ਜਤਿੰਦਰ ਨੂੰ ਵੀ ਆਪਣੇ ਨਾਲ ਹੀ ਕੰਮ ਤੇ ਲੁਆ ਲਿਆ । ਜਤਿੰਦਰ ਦਾ ਕੰਮ ਪੱਠੇ ਪੈਰੀਂ ਸੀ । ਪੈਸੇ ਵੀ ਚੰਗੇ ਸਨ । ਬਿਲਡਿੰਗ ਸੋਸਾਇਟੀ ਨੇ ਹੱਸ ਕੇ ਘਰ ਲਈ ਮਾਰਟਗੇਜ ਦੇ ਦਿੱਤੀ ।

ਉਂਜ ਤਾਂ ਸ਼ਹਿਰ ਦੇ 'ਪਾਰਕ ਵਿੱਲਾ' ਦੇ ਸਾਰੇ ਇਲਾਕੇ ਵਿਚ ਹੀ ਪੰਜਾਬੀ ਵਸੋਂ ਵਾਹਵਾ ਸੀ, ਪਰ 'ਬੀ ਲੇਨ' ਤਾਂ ਪੰਜਾਬੀਆਂ ਨਾਲ ਭਰੀ ਹੋਈ ਸੀ । ਇਕ ਤਾਂ ਘਰ ਪੁਰਾਣੇ ਹੋਣ ਕਰ ਕੇ ਸਸਤੇ ਸਨ ਤੇ ਦੂਜਾ ਆਪਣੇ ਲੋਕਾਂ ਦੀ ਆਬਾਦੀ ਵੀ ਕਾਫ਼ੀ ਸੀ । ਘਰ ਲੈਣ ਵਾਲਾ ਸੋਚਦਾ ਆਪਣੇ, ਆਪਣੇ ਈ ਹੁੰਦੇ ਆ । ਦੁੱਖ ਸੁੱਖ ਵਿਚ ਇਕ ਦੂਜੇ ਦਾ ਆਸਰਾ ਹੁੰਦਾ, ਬਾਂਹ ਵੀ । ਦੂਜਾ ਜੇ ਗੋਰੇ ਧੱਕਾ ਕਰਨ ਤਾਂ ਰਲ਼ ਕੇ ਬਚਾ ਵੀ ਹੋ ਸਕਦਾ । ਬਾਹਾਂ ਵਾਲੇ ਸੰਸਾਰ 'ਚ ਬਿਨ-ਬਾਹਾਂ ਤੋਂ ਕਿੱਦਾ ਝਟ ਲੰਘ ਸਕਦੇ ? ਫਿਰ ਆਪਣਿਆਂ ਨੂੰ ਇਕ ਦੂਜੇ ਦੀ ਅੱਖ ਸ਼ਰਮ ਹੁੰਦੀ ਆ, ਇੱਜ਼ਤ ਵੀ । ਓਪਟਿਆਂ ਨੂੰ ਕਿਸੇ ਨਾਲ ਕੀ ! ਬਹੁਤੇ ਭੈੜ ਤਾਂ ਅੱਖ-ਸ਼ਰਮ ਕਰ ਕੇ ਈ ਨਹੀਂ ਹੁੰਦੇ । ਲੋਕ ਕੀ ਕਹਿਣਗੇ, ਦੀ ਲਛਮਣ-ਰੇਖਾ ਲੰਘਣੀ ਕਿਤੇ ਸੌਖੀ ਹੁੰਦੀ ਏ ?

ਜਦ ਵੀ ਜਤਿੰਦਰ ਨੂੰ ਗਲੀ ਮੁਹੱਲੇ ਦੀ ਕੋਈ ਵੱਡੀ ਵਡੇਰੀ ਟੱਕਰਦੀ ਤਾਂ ਉਹ ਖਿੜ ਕੇ ਆਖਦਾ, 'ਹੈਲੋ ਆਂਟੀ ਜੀ ।'

ਅਗਲੀ ਖੁਸ਼ ਹੋ ਜਾਂਦੀ । ਕਈ ਤਾਂ ਅਸੀਸਾਂ ਵੀ ਦੇਣ ਲੱਗ ਪੈਂਦੀਆਂ । ਇਹੀ ਵਿਹਾਰ ਉਹਦਾ ਮਰਦਾਂ ਨਾਲ ਸੀ । ਤਦ ਆਂਟੀ ਦੀ ਥਾਂ ਅੰਕਲ ਸ਼ਬਦ ਮੂਹਰੇ ਆ ਜਾਂਦਾ । ਉਂਜ ਤਾਂ ਉਹ ਆਪਣੇ ਆਂਢ ਗੁਆਂਢ ਦੇ ਹਰ ਗੋਰੇ ਕਾਲੇ ਨੂੰ ਬੁਲਾਉਣ ਦੀ ਕੋਸ਼ਿਸ਼ ਕਰਦਾ ਸੀ, ਪਰ ਪੰਜਾਬੀ ਨੂੰ ਬੁਲਾਏ ਬਿਨਾਂ ਤਾਂ ਕੋਲ ਦੀ ਲੰਘਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ । ਮਾਂ ਬਾਪ ਨੇ ਇਹ ਗੱਲ ਚੰਗੀ ਤਰ੍ਹਾਂ ਉਹਦੇ ਖ਼ਾਨੇ ਪਾਈ ਹੋਈ ਸੀ ਕਿ ਇੰਜ ਨਿਆਣੇ ਦਾ ਭਾਈਚਾਰੇ ਵਿਚ ਆਦਰ ਮਾਣ ਵਧਦਾ ਹੈ । ਦੂਜਾ ਉਹ ਅੱਠ ਕੁ ਸਾਲਾਂ ਦਾ ਹੋ ਕੇ ਪੰਜਾਬੋਂ ਆਇਆ ਸੀ । ਇਸ ਕਰ ਕੇ ਪੰਜਾਬੀ ਕਦਰਾਂ ਕੀਮਤਾਂ ਬਾਰੇ ਵੀ ਕੁਛ ਕੁਛ ਜਾਣਦਾ ਸੀ ।

'ਆਦਰ ਨਾ ਹੋਊ ਤਾਂ ਕੀ ਹੋਊ ?' ਉਹ ਕਦੀ ਕਦੀ ਪੁੱਛਦਾ ।

'ਇੱਜ਼ਤ ਮਾਣ ਤੋਂ ਬਿਨਾਂ ਤਾ ਬੰਦਾ ਪਸ਼ੂ ਦੀ ਨਿਆਈ ਹੁੰਦੈ, ਕਾਕਾ ।'

ਮਾਪਿਆਂ, ਵਿਸ਼ੇਸ ਕਰ ਕੇ ਮਾਂ ਨੇ ਇਹ ਗੱਲ ਵੀ ਸੁਲਾਈ ਹੋਈ ਸੀ ਕਿ ਗਲੀ ਮਹੱਲੇ ਦੀ ਧੀ ਭੈਣ ਨੂੰ ਭੈਣ ਸਮਝੀਦਾ ਹੈ । ਉਹਦੇ ਨਾਲ ਇਲਤ ਨਹੀਂ ਕਰੀਦੀ ।

ਜਤਿੰਦਰ ਨੇ ਇਹ ਗੱਲ ਪੱਲੇ ਬੰਨ੍ਹੀ ਹੋਈ ਸੀ । ਜੇ ਉਹਦਾ ਕੋਈ ਹਾਣੀ ਖ਼ਾਸ ਕਰ ਕੇ ਪੰਜਾਬੀ ਮੁੰਡਾ ਕਿਸੇ ਪੰਜਾਬਣ ਕੁੜੀ ਨਾਲ ਇਲਤ ਕਰਨ ਲੱਗਦਾ ਤਾਂ ਉਹ ਝਿੜਕ ਕੇ ਆਖਦਾ, 'ਤੈਨੂੰ ਸ਼ਰਮ ਲਈ ਔਂਦੀ ?'

'ਕਾਹਦੀ ?'

'ਇਹ ਆਪਣੀ ਸਟ੍ਰੀਟ ਦੀ ਕੁੜੀ ਆ ।'

'ਸਟ੍ਰੀਟ ਦੀ ਆ ਤਾਂ ਕੀ ?'



'ਸਟ੍ਰੀਟ ਦੀ ਕੁੜੀ ਨਾਲ ਸ਼ਰਾਰਤ ਲਈ ਕਰੀਦੀ ।'

'ਉਹ ਗੌਡੇਸ ਹੁੰਦੀ ਆ ?'

'ਆਹੋ ।' ਤੇ ਜਤਿੰਦਰ ਆਪਣੇ ਮਾਪਿਆਂ ਦੀ ਸਿਖਿਆ ਅਗਲੇ ਅੱਗੇ ਰੱਖ ਦਿੰਦਾ ।

ਫਿਰ ਘਰਦਿਆਂ ਉਹਦੀ ਕੁੜਮਾਈ ਕਰ ਦਿੱਤੀ । ਛੇਆਂ ਕੁ ਮਹੀਨਿਆਂ ਮਗਰੋਂ ਵਿਆਹ ਹੋ ਗਿਆ । ਕੰਮ ਕਰਦਾ ਸੀ ਤੇ ਗਭਰੂ ਵੀ ਸੀ ।

ਕੁਝ ਚਿਰ ਤਾਂ ਕੁਲਬੀਰ ਸਹੁਰੇ-ਘਰ ਠੀਕ ਠਾਕ ਰਹੀ । ਫਿਰ ਉਹ ਵੱਖ ਹੋਣ ਲਈ ਜਤਿੰਦਰ ਦੇ ਹੁੱਝਾਂ ਮਾਰਨ ਲੱਗ ਪਈ, ਪਰ ਜਤਿੰਦਰ ਜੁਦਾ ਨਹੀਂ ਸੀ ਹੋਣਾ ਚਾਹੁੰਦਾ । ਕਈ ਮਹੀਨੇ ਉਸ ਟਾਲ ਮਟੋਲ ਵਿਚ ਲੰਘਾ ਦਿੱਤੇ । ਜਦ ਕੁਲਬੀਰ ਨੂੰ ਪੱਕ ਹੋ ਗਿਆ ਕਿ ਸਿੱਧੀ ਉਂਗਲ ਨਾਲ ਘੇ ਨਹੀਂ ਨਿਕਲਣਾ ਤਾਂ ਉਸ ਨੋਟਿਸ ਦੇ ਦਿੱਤਾ ਆਪਣਾ ਘਰ ਲੈ, ਨਹੀਂ ਮੈਂ ਪੇਕੀਂ ਚੱਲੀ ਆਂ ।

'ਕਿਉਂ ?'

'ਮੈਂ ਨਹੀਂ ਤੇਰੀ ਮਾਂ ਨਾਲ ਰਹਿ ਸਕਦੀ ।'

'ਉਹਲੇ ਕੁਛ ਕਿਹਾ, ਤੈਨੂੰ ?'

'ਹੂੰ ।'

'ਕੀ ?'

'ਹਰ ਵੇਲੇ ਟੋਕ ਟਕਾਈ ਕਰਦੀ ਰਹਿੰਦੀ ਆ, ਜਿੱਦਾਂ ਮੈਂ ਫੂਲ ਹੋਵਾਂ । ਤੇ ਹੁਕਮ ਏਦਾਂ ਦਿੰਦੀ ਆ, ਜਿੱਦਾਂ ਮੇਰੇ ਤੇ ਡਿਕਟੇਟਰ ਲੱਗੀ ਹੋਵੇ ।'

'ਮੈਂ ਆਖ ਦਊ, ਮੰਮੀ ਨੂੰ । ਡੋਂਟ ਵਰੀ ।'

'ਨੋ, ਆਈ ਕਾਂਟ ਲਿਵ ਵਿਦ ਯੁਅਰ ਪੇਰੈਂਟਸ ।'

'ਵਾਈ ਨਾਟ ?'

'ਆਈ ਵਾਂਟ ਮਾਈ ਫਰੀਡਮ ।' ਜਦ ਬਹਾਨਿਆਂ ਨਾਲ ਮੰਤਵ ਹੱਲ ਨਾ ਹੁੰਦਾ ਦਿੱਸਿਆ ਤਾਂ ਉਸ ਸੱਚੀ ਗੱਲ ਕਹਿ ਦਿੱਤੀ ।

ਜਤਿੰਦਰ ਮਾਪਿਆਂ ਨਾਲ ਰਹਿਣਾ ਚਾਹੁੰਦਾ ਸੀ । ਇਕ ਤਾਂ ਉਹ ਘਰਦਿਆਂ ਦਾ ਇਕੱਲਾ ਮੁੰਡਾ ਸੀ ਤੇ ਦੂਜਾ ਉਹਦੀ ਤਕਰੀਬਨ ਸਾਰੀ ਤਨਖ਼ਾਹ ਬਚੀ ਜਾਂਦੀ ਸੀ । ਫਿਰ ਨਾ ਬਿੱਲ ਦੇਣ ਦਾ ਫਿਕਰ ਸੀ, ਨਾ 'ਕਿਸ਼ਤ ਦਾ । ਉਸ ਇਹ ਗੱਲ ਕੁਲਬੀਰ ਨੂੰ ਸਮਝਾਉਣੀ ਚਾਹੀ ਤਾਂ ਵਲੈਤ ਦੀ ਜੰਮ-ਪਲ ਕੁਲਬੀਰ ਬੋਲੀ, 'ਆਈ ਡੋਂਟ ਕੇਅਰ ਅਬੋਟ ਮਨੀ ।'

ਇੰਜ ਉਹਦੀ ਨਿੱਜੀ ਆਜ਼ਾਦੀ ਵਿਚ ਵਿਘਨ ਪੈਂਦਾ ਸੀ । ਪੈਸਿਆਂ ਨਾਲੋਂ ਉਹਨੂੰ ਜਾਤੀ ਸੁਤੰਤਰਤਾ ਕਿਤੇ ਪਿਆਰੀ ਸੀ । ਉਹ ਮਰਜ਼ੀ ਦੀਆਂ ਉਡਾਰੀਆਂ ਮਾਰਨਾ ਚਾਹੁੰਦੀ ਸੀ । ਸੱਸ ਸਹੁਰੇ ਵਿਚ ਉਹਨੂੰ ਆਪਣੇ ਪਰ ਖੁੱਸੇ ਖੁੱਸੇ ਲੱਗਦੇ । ਉਹ ਸੋਚਦੀ ਖੁੱਸੇ ਪਰਾਂ ਨਾਲ ਵੀ ਕੋਈ ਉੱਡ ਸਕਦਾ ? ਉੱਡਣ ਲਈ ਬੰਦੇ ਨੂੰ ਖੰਭ ਚਾਹੀਦੇ ਆ ਤੇ ਉਡਾਰੀ ਭਰਨ ਲਈ ਆਪਣਾ ਘਰ । ਜਿਥੇ ਜਿੱਦਾਂ ਦਿਲ ਕਰੇ ਉੱਡੇ ਗਾਵੇ, ਚਿੜਗਿੱਧੀ ਪਾਵੇ, ਰਹੇ । ਨਾ ਕਿਸੇ ਵੀ ਚੌਕੀਦਾਰੀ ਦਾ ਡਰ, ਨਾ ਟੋਕ ਟੁਕਾਈ ਦਾ । ਚੌਕੀਦਾਰੀ ਤੇ ਟੋਕ ਟੁਕਾਈ ਦੀ ਛਾਂ ਹੇਠ ਜੀਵੀ ਜ਼ਿੰਦਗੀ ਵੀ ਜ਼ਿੰਦਗੀ ਹੁੰਦੀ ਆ ? ਉਹ ਤਾਂ ਇਕ ਪਰਛਾਵੇਂ ਦੀ ਨਿਆਈ ਹੁੰਦੀ ਆ ।

ਉਹ ਕਿਸੇ ਹਾਲਤ 'ਚ ਵੀ ਪਰਛਾਵਾਂ ਨਹੀਂ ਸੀ ਬਣਨਾ ਚਾਹੁੰਦੀ ।

ਅੰਤ ਜਤਿੰਦਰ ਨੂੰ ਆਪਣਾ ਘਰ ਲੈਣਾ ਪਿਆ ਤੇ ਕੁਛ ਚਿਰ ਮਗਰੋਂ ਉਹ ਆਪਣੇ ਘਰ ਚਲੇ ਗਏ । ਹੁਣ ਕੁਲਬੀਰ ਉੱਡੀ ਫਿਰਦੀ ਸੀ । ਕਿਸੇ ਹੱਦ ਤਕ ਜਤਿੰਦਰ ਵੀ ਖ਼ੁਸ਼ ਸੀ ।

ਉਹ ਵੀ ਸੋਚਦਾ ਕਿ ਇਸ ਭਾ ਤਾਂ ਆਜ਼ਾਦੀ ਮਹਿੰਗੀ ਨਹੀਂ । ਉਹਨੂੰ ਪਹਿਲੀ ਵਾਰੀ ਇਸ ਗੱਲ ਦਾ ਅਹਿਸਾਸ ਹੋਇਆ ਸੀ ਕਿ ਇਹ ਕਿੰਨੀ ਪਿਆਰੀ ਚੀਜ਼ ਹੈ । ਉੱਡਣ ਲਈ ਪਰ !

ਪਹਿਲਾਂ ਪਹਿਲ ਤਾਂ ਜਤਿੰਦਰ ਦੀ ਮਾਂ ਬਹੁਤ ਦੁਖੀ ਹੋਈ । ਲੱਗਾ : ਜਿਵੇਂ ਆਂਢ ਗੁਆਂਢ ਵਿਚ ਉਹਦਾ ਫੱਕਾ ਨਾ ਰਿਹਾ ਹੋਵੇ । ਜਿਵੇਂ ਸਾਰਾ ਮੁਹੱਲਾ ਉਹਦੀ ਖਿੱਲ੍ਹੀ ਉਡਾ ਰਿਹਾ ਹੋਵੇ । ਸਿਰ ਵਿਚ ਸੁਆਹ ਦੇ ਬੁੱਕ ਭਰ ਭਰ ਪਾ ਰਿਹਾ ਹੋਵੇ, ਵਿਸ਼ੇਸ਼ ਕਰ ਕੇ ਔਰਤਾਂ । ਬੇਸ਼ੱਕ ਹਰ ਘਰ ਇਹੀ ਹਵਾ ਵਗ ਰਹੀ ਸੀ, ਫਿਰ ਵੀ ਜਦ ਆਂਢ ਗੁਆਂਢ ਦੀਆਂ ਔਰਤਾਂ ਮਹਿੰਦਰ ਕੌਰ ਨੂੰ ਵੇਖ-ਦੀਆਂ ਤਾਂ ਮੂੰਹ ਨਾਲ ਮੂੰਹ ਜੋੜ ਕੇ ਗੱਲਾਂ ਕਰਨ ਲੱਗ ਪੈਂਦੀਆਂ । ਵੇਖ ਕੇ ਮਹਿੰਦਰ ਕੌਰ ਨੂੰ ਲੱਗਦਾ ; ਜਿਵੇਂ ਉਹ ਇਕ ਦੂਜੀ ਨੂੰ ਕਹਿ ਰਹੀਆਂ ਹੋਣ, ਇਹਨੂੰ ਕੌਣ ਪੁੱਛਦੇ ਘਰ 'ਚ । ਨੂੰਹ ਆਈ ਮਗਰੋਂ, ਜੁਦੀ ਪਹਿਲਾਂ ਹੋ ਗਈ । ਏਦਾਂ ਦੀ ਗੱਲ ਵੀ ਸੁਣੀ ਆ ? ਦੂਜੀ ਅੱਗੋਂ ਆਖਦੀ, ਜੇ ਪੁੱਛਣ ਜੋਗੀ ਹੁੰਦੀ ਤਾਂ ਅਗਲੀ ਪੁੱਛਦੀ ? ਸਿਰ ਵਿਚ ਕੁਛ ਹੋਵੇ ਤਾਂ ਕੋਈ ਪੁੱਛੇ ? ਤੂੜੀ ਨੂੰ ਕੌਣ ਪੁੱਛਦਾ ਆ ?

ਕੁਝ ਚਿਰ ਤਾਂ ਮਹਿੰਦਰ ਕੌਰ ਦਿਲ ਕਰੜਾ ਕਰ ਕੇ ਲੋਕ-ਲਾਜ ਦੇ ਹੱਲੇ ਜਰਦੀ ਰਹੀ । ਜਦ ਉਹ ਬਹੁਤ ਹੀ ਅੱਖਾਂ ਪਾੜ ਪਾੜ ਦਹਾੜਨ ਲੱਗ ਪਈ ਤਾਂ ਇਕ ਦਿਨ ਉਹ ਮਾਰਖੰਡੀ ਮਹਿੰ ਵਾਂਗ ਲਾਲ ਲਾਲ ਅੱਖਾਂ ਕਢਦੀ ਪਤੀ ਨੂੰ ਪੈ ਗਈ । ਪਲ, ਦੋ ਪਲ ਤਾਂ ਬਲਦੇਵ ਮੂੰਹ ਮੂਹਰੇ ਹੱਥ ਰੱਖ ਰੱਖ ਪਤਨੀ ਦੀ ਉਡਾਈ ਧੂੜ ਨੂੰ ਪਰ੍ਹਾਂ ਉਡਾਉਂਦਾ ਰਿਹਾ । ਨਾ ਸਹਿ ਸਕਿਆ ਤਾਂ ਕਹਿਣ ਲੱਗਾ, 'ਤਾਂ ਕੀ ਹੋਇਆ ? ਸਾਰੀ ਦੁਨੀਆਂ ਜੁਦਾ ਹੁੰਦੀ ਆਈ ਆ । ਇਹ ਹੋ ਗਏ ਤਾਂ ਪਹਾੜ ਢਹਿ ਪਿਆ ?'

'ਤੇਰੇ ਭਾ ਦਾ ਕੁਝ ਨ੍ਹੀ ਹੋਇਆ ?'

'ਨਹੀਂ, ਮੈਨੂੰ ਤਾਂ ਕੁਛ ਮਾੜਾ ਨਹੀਂ ਲੱਗਦਾ ? ਆਪਣਾ ਕਮੌਣਗੇ, ਖਾਣਗੇ ਤੇ ਜਿੰਮੇਵਾਰੀ ਸਮਝਣਗੇ । ਪਤਾ ਹੋਊ ਬਈ ਕਿਸੇ ਦਾ ਕੁਛ ਦੇਣੈਂ, ਕਿਸੇ ਤੋਂ ਲੈਣਾ । ਅਸਲ 'ਚ ਬੰਦਾ ਬਣਦਾ ਈ ਤਦ ਆ ਜਦ ਸਿਰ ਤੇ ਜਿੰਮੇਵਾਰੀ ਪਵੇ ।'

'ਪੈਲ੍ਹਾਂ ਨ੍ਹੀਂ ਹੁੰਦੇ, ਬੰਦਾ ?'

'ਨਹੀਂ ।'

'ਸਾਡੇ 'ਚ ਰਿਹਾਂ, ਜਿੰਮਾ ਉੱਡ ਜਾਣਾ ਸੀ ?'

'ਉੱਡ ਤਾਂ ਨਹੀਂ ਸੀ ਜਾਣਾ ।'

'ਫੇਰ ?'

'ਮਾਪਿਆਂ ਦੇ ਸਿਰ 'ਤੇ ਨਿਆਣਾ ਅਲਗਰਜ ਰੈਂਹਦੈ ।'

ਬਲਦੇਵ ਸਿੰਘ ਨੇ ਪਤਨੀ ਦਾ ਦਿਲ ਰੱਖਣ ਲਈ ਇਹ ਗੱਲ ਕਹਿ ਤਾਂ ਦਿੱਤੀ, ਪਰ ਉਹਦਾ ਆਪਣਾ ਦਿਲ ਵੀ ਨਿੱਕਾ ਜਿਹਾ ਹੋਣ ਲੱਗ ਪਿਆ । ਚਾਹੁੰਦਾ ਤਾਂ ਉਹ ਵੀ ਨਹੀਂ ਸੀ ਕਿ ਜਤਿੰਦਰ ਜੁਦਾ ਹੁੰਦਾ । ਘੱਟੋ ਘੱਟ ਇੰਨੀ ਛੇਤੀ ਤਾਂ ਬਿਲਕੁਲ ਨਹੀਂ ਸੀ ਚਾਹਿਆ । ਪਰ ਇਹ ਸੋਚ ਕੇ ਦਿਲ ਨੂੰ ਧਾਰਸ ਦੇ ਲਈ ਜਦ ਸਾਰੀ ਦੁਨੀਆਂ ਤੇ ਈ ਇਹ ਹਵਾ ਵਗੀ ਹੋਈ ਆ ਤਾਂ ਇਹ ਕਿੱਦਾਂ ਅਛੂਤਾ ਰਹਿ ਸਕਦਾ ਸੀ, ਦਾਲ ਰਿੱਝਦੀ ਹੋਵੇ ਤਾਂ ਕੋਈ ਦਾਣਾ ਰਿੱਝਣੋਂ ਵੀ ਰਿਹੈ ?

'ਤੁਸੀਂ ਤਾਂ ਹੋਏ ਨ੍ਹੀਂ ਸੀਅ ਲਗਰਜ ?'

'ਭਾਰਤ 'ਚ ਹੋਰ ਮਹੌਲ ਆ ।'



ਸਹਿਜੇ ਸਹਿਜੇ ਸਮੇਂ ਦੀ ਮਲ੍ਹਮ ਨੇ ਮਹਿੰਦਰ ਕੌਰ ਦੇ ਫੱਟ ਵੀ ਭਰ ਦਿੱਤੇ ।

ਮਾਰਟਗੇਜ ਤਾਂ ਘਰ ਤੇ ਪਹਿਲਾਂ ਹੈ ਹੀ ਸੀ । ਕੁਝ ਚਿਰ ਮਗਰੋਂ ਜਤਿੰਦਰ ਨੇ ਕਾਰ ਵੀ ਕਿਸ਼ਤਾਂ ਤੇ ਕਢਾ ਲਈ । ਕਢਾਈ ਵੀ ਨਵੀਂ ਬੀ. ਐਮ. ਡਬਲਊ । ਫਰਨੀਚਰ ਵੀ ਕਿਸ਼ਤਾਂ 'ਤੇ ।

ਹਰ ਹਫਤੇ ਤਨਖਾਹ ਆ ਰਹੀ ਸੀ । ਲੜ ਨਾਲ ਲੜ ਲੱਗੀ ਜਾਂਦਾ ਸੀ । ਜਤਿੰਦਰ ਨੂੰ ਕੋਟੀ ਚਿੰਤਾ ਨਹੀਂ ਸੀ । ਕੁਲਬੀਰ ਨੂੰ ਤਾਂ ਭਲਾ ਹੋਣੀ ਹੀ ਕੀ ਸੀ ? ਇੰਗਲੈਂਡ ਵਿਚ ਜੰਮੇ ਪਲ੍ਹੇ ਪੰਜਾਬੀ ਬੱਚਿਆਂ ਦੀ ਮਾਨਸਿਕਤਾ ਵੀ ਗੋਰਿਆਂ ਦਾ ਪੁੱਠ ਸਿੱਧ ਹੀ ਬਣਦੀ ਜਾ ਰਹੀ ਸੀ ।

ਫਿਰ ਰਵਾਂ ਰਵੀ ਤੁਰ ਰਹੀ ਜ਼ਿੰਦਗੀ ਨੂੰ ਅਜਿਹਾ ਝਟਕਾ ਲਗਾ ਕਿ ਉਹ ਇਕਦਮ ਬੌਂਦਲ ਗਈ । ਕਿੰਨਾ ਚਿਰ ਤਾਂ ਸਮਝ ਨਾ ਆਈ ਕਿ ਕੀ ਹੋ ਗਿਆ ? ਜਦ ਪੈਰਾਂ ਭਾਰ ਹੋਈ ਤਾਂ ਗਿਆਨ ਹੋਇਆ । ਇਹ ਵਿਕਸਿਤ ਟੈਕਨੋਲੋਜੀ ਦੀ ਕਰਾਮਾਤ ਸੀ । ਜਿਸ ਦੇ ਕਾਰਣ ਪੱਕੇ ਕੰਮਾਂ ਦੀ ਰਿਵਾਇਤ ਟੁੱਟੀ, ਕੱਚੇ ਕੰਮਾਂ ਦਾ ਕਲਚਰ ਪੈਦਾ ਹੋਇਆ ਤੇ ਹੋਰ ਬੜਾ ਕੁਛ ਵੀ ।

ਉਸ ਇੰਨੇ ਜ਼ੋਰ ਦੀ ਹਮਲਾ ਕੀਤਾ ਸੀ ਕਿ ਉਹਦੇ ਫਟਾ ਫਟ ਪੈਰ ਜੰਮਣ ਲੱਗ ਪਏ ਤੇ ਮਨੁੱਖ ਦੇ ਉਸ ਤੇਜ਼ੀ ਨਾਲ ਉਖੜਨ, ਸਗੋਂ ਕਹਿਣਾ ਚਾਹੀਦਾ, ਉੱਖੜ ਚੁੱਕੇ ਸਨ । ਫਿਰ ਉਹ ਆਪਣਾ ਚਮਤਕਾਰ ਕਿਉਂ ਨਾ ਵਿਖਾਉਂਦੀ ? ਕੌਣ ਨਹੀਂ ਆਪਾ ਪ੍ਰਗਟਾਉਣਾ ਚਾਹੁੰਦਾ ?

ਸਹਿਜ ਸਹਿਜ ਉਸ ਹੋਰ ਥਾਂਵਾਂ ਕੋਲਿਨ ਐਂਡ ਸਮਿੱਥ ਕੰਪਨੀ ਵਿਚ ਵੀ ਆਪਣਾ ਹੋਣਾ ਵਿਖਾਉਣਾ ਸ਼ੁਰੂ ਕਰ ਦਿੱਤਾ । ਬੇਸ਼ੁਮਾਰ ਹੋਰ ਕਾਮਿਆਂ ਨਾਲ ਬਲਦੇਵ ਸਿੰਘ ਤੇ ਜਤਿੰਦਰ ਸਿੰਘ ਵੀ ਕੰਮੋਂ ਵਿਹਲੇ ਹੋ ਕੇ ਘਰ ਬਹਿ ਗਏ । ਬਲਦੇਵ ਸਿੰਘ ਨੂੰ ਤਾਂ ਕੰਮ ਮਿਲਣ ਦੀ ਆਸ ਹੀ ਨਹੀਂ ਸੀ । ਜਦ ਨੌਜੁਆਨ ਹਰਲ ਹਰਲ ਕਰਦੇ ਫਿਰਦੇ ਸਨ ਤਾਂ ਪੱਕੀ ਉਮਰ ਦੇ ਬੰਦੇ ਲਈ ਕੌਣ ਕੰਮ ਧਰੀ ਬੈਠਾ ਸੀ ? ਉਹ ਚੁੱਪ ਕਰ ਕੇ ਘਰ ਬੈਠ ਗਿਆ । ਪਰ ਜਤਿੰਦਰ ਕਿੰਨਾ ਚਿਰ ਇਧਰ ਉਧਰ ਹੱਥ ਪੈਰ ਮਾਰਦਾ ਰਿਹਾ ।

ਕੁਛ ਚਿਰ ਤਾਂ ਬਾਪ ਮਦਦ ਕਰਦਾ ਰਿਹਾ । ਹੌਲੀ ਹੌਲੀ ਹਟ ਗਿਆ । ਉਹਦੀ ਤੇ ਮਹਿੰਦਰ ਕੌਰ ਦੀ ਜ਼ਿੰਦਗੀ ਵੀ ਸੀ । ਧੀ ਜਨਮੀਤ ਸੀ । ਉਹਦਾ ਵਿਆਹ ਵੀ ਕਰਨਾ ਸੀ ।

ਜਦ ਕਰਜ਼ੇ ਦੀਆਂ ਕਿਸ਼ਤਾਂ ਨਾ ਮੁੜੀਆਂ ਤਾਂ ਅਗਲਿਆਂ ਕੁਰਕੀਆਂ ਘਲਾ ਦਿੱਤੀਆਂ । ਅੰਤ ਗੈਰਜ ਵਾਲੇ ਕਾਰ ਲੈ ਗਏ, ਫਰਨੀਚਰ ਵਾਲੇ ਫਰਨੀਚਰ ਤੇ ਬਿਲਡਿੰਗ ਸੋਸਾਇਟੀ ਨੇ ਘਰ ਸਾਂਭ ਲਿਆ । ਵੇਖਦਿਆਂ ਘਰ ਵਾਲਾ ਬੇਘਰਾ ਹੋ ਗਿਆ ।

ਰਹਿ ਤਾਂ ਜਤਿੰਦਰ ਮਾਪਿਆਂ ਦੇ ਘਰ ਵੀ ਸਕਦਾ ਸੀ । ਉਹ ਰੱਖਣ ਲਈ ਤਿਆਰ ਵੀ ਸਨ, ਪਰ ਇੰਜ ਤੀਵੀਂ ਆਦਮੀ ਦੀ ਹਉਂ ਫੱਟੜ ਹੁੰਦੀ ਸੀ, ਵਿਸ਼ੇਸ਼ ਕਰ ਕੇ ਕੁਲਬੀਰ ਦੀ । ਨਾਲੇ ਡਰ ਵੀ ਸੀ ਕਿ ਮਾਂ ਮਿਹਣੇ ਨਾ ਮਾਰਨ ਲੱਗ ਪਵੇ, ਓਦੋਂ ਤਾਂ ਟੱਪ ਕੇ ਜੁਦੇ ਗਏ ਸੀ । ਹੁਣ ਕੀ ਕਰਨ ਆਏ ਹੋ ?

ਉਸ ਵਹੁਟੀ ਨੂੰ ਪੇਕੀ ਛੱਡਿਆ ਤੇ ਆਪ ਲੰਦਨ ਕੰਮ ਲੱਭਣ ਚਲਾ ਗਿਆ । ਖ਼ਿਆਲ ਸੀ ਕਿ ਲੰਦਨ ਕੰਮ ਮਿਲ ਜਾਵੇਗਾ । ਉਸ ਵਕਤ ਉਥੇ ਕੱਚੇ ਪੱਕੇ ਕੰਮ ਮਿਲ ਵੀ ਰਹੇ ਸਨ । ਉਸ ਇਕ ਪੰਜਾਬੀ ਕੋਲੋਂ ਕਿਰਾਏ ਤੇ ਕਮਰਾ ਲਿਆ ਤੇ ਕੰਮ ਲੱਭਣ ਲੱਗ ਪਿਆ । ਇਕ ਬੇਕਰੀ ਵਿਚ ਕੰਮ ਮਿਲਿਆ ਵੀ, ਪਰ ਕੁਝ ਹਫਤਿਆਂ ਮਗਰੋਂ ਜੁਆਬ ਮਿਲ ਗਿਆ । ਕੰਮ ਕੱਚਾ ਸੀ ।

ਜਦ ਹਰ ਪਾਸੇ ਬੇਕਾਰੀ ਦਾ ਬੋਲ ਬਾਲਾ ਸੀ ਤਾਂ ਲੰਦਨ ਵਿਚਾਰੀ ਕਿਹੜੇ ਬਾਗ ਦੀ ਮੂਲੀ ਸੀ ? ਬੇਕਰੀ ਵਿਚੋਂ ਛਾਂਟੀ ਹੋਣ ਤੇ ਉਸ ਇਧਰ ਉਧਰ ਬਥੇਰੀ ਦੌੜ ਭੱਜ ਕੀਤੀ, ਪਰ ਢਿੱਲੀ ਹੋਈ ਇੰਡਸਟਰੀ ਦੀ ਮਸ਼ੀਨ ਵਿਚ ਜਤਿੰਦਰ ਨਾਂ ਦਾ ਪੁਰਜ਼ਾ ਫਿੱਟ ਨਾ ਹੋ ਸਕਿਆ ।

ਹੋਰ ਲੋਕਾਂ ਵਾਂਗ ਅੰਤ ਉਹ ਵੀ ਸੋਸ਼ਲ ਸਿਕਿਉਰਟੀ ਦੇ ਦਫ਼ਤਰ ਪਹੁੰਚ ਗਿਆ । ਤਦ ਤਕ ਤਾਂ ਸੋਸ਼ਲ ਸਿਕਿਉਰਿਟੀ ਦਾ ਆਸਰਾ ਲੈਣਾ ਹੀ ਪੈਣਾ ਸੀ, ਜਦ ਤਕ ਕਿਤੇ ਕੰਮ ਨਹੀਂ ਸੀ ਮਿਲਦਾ । ਨੰਬਰਾਂ ਵਾਲੇ ਜੰਤਰ ਦੀ ਚਰਖੜੀ ਨਾਲੋਂ ਉਸ ਨੰਬਰ ਤੋੜਿਆ ਤੇ ਕਤਾਰ ਵਿਚ ਖਲੋ ਗਿਆ । ਵਾਰੀ ਆਉਣ ਤੇ ਇੰਟਰਵੀਊ ਹੋਈ, ਫਾਰਮ ਭਰਿਆ ਤੇ ਆਪਣੇ ਕਮਰੇ 'ਚ ਆ ਗਿਆ ।

ਕੁਝ ਦਿਨਾਂ ਮਗਰੋਂ ਬੇਕਾਰੀ ਭੱਤੇ ਦਾ ਚੈੱਕ ਆ ਗਿਆ । ਸੱਠ ਪੌਂਡ ਤੇ ਤੀਹ ਪੈਨੀਆਂ । ਪੰਦਰਾਂ ਦਿਨਾਂ ਦਾ । ਨਾਲ ਹੀ ਕਮਰੇ ਦਾ ਕਿਰਾਇਆ ਵੀ । ਇੰਨੇ ਪੈਸਿਆਂ ਨਾਲ ਦਾਲ ਰੋਟੀ ਤਾਂ ਚਲ ਸਕਦੀ ਸੀ, ਪਰ ਹੋਰ ਖ਼ਰਚਾਂ ਲਈ ਕੁਛ ਨਹੀਂ ਸੀ ਬਚਦਾ ।

ਜਤਿੰਦਰ ਦੇ ਸਹੁਰੇ ਲੰਦਨੋਂ ਸੱਤਰ ਕੁ ਮੀਲ ਤੇ ਸਨ । ਹਫ਼ਤਾ-ਅੰਤ ਤੇ ਉਹ ਸਹੁਰੀਂ ਆ ਜਾਂਦਾ । ਚਾਹ ਪਾਣੀ ਪਿਲਾਉਣ ਮਗਰੋਂ ਕੁਲਬੀਰ ਪੁੱਛਦੀ, 'ਕਿੱਦਾਂ ਬਣੀ ਕਿਤੇ ਗੱਲ ?'

'ਨੋ ।'

'ਲੰਡਨ ਤਾਂ ਕੰਮ ਮਿਲ ਰਹੇ ਨੇ ? ਤੂੰ ਟਰਾਈ ਵੀ ਕਰਦਾਂ ?'

'ਹੋਰ ਕਮਰੇ 'ਚ ਸੁੱਤਾ ਰਹਿੰਨਾ ?'

ਲੱਗਦਾ ਤਾਂ ਏਦੂੰ ਈ ਆਂ ?'

'ਫੇਰ ਤੂੰ ਜਾ ਆਇਆ ਕਰ ਮੇਰੀ ਥਾਂ ? ਜਤਿੰਦਰ ਦੀ ਖਿੱਝ ਬੋਲਦੀ ।

'ਮੈਨੂੰ ਕੀ ਲੋੜ ਆ?'

ਪਲ ਦੋ ਪਲ ਤਾਂ ਜਤਿੰਦਰ ਕੁਛ ਨਾ ਬੋਲ ਸਕਿਆ, ਫਿਰ ਗੁੱਸਾ ਪੀ ਕੇ ਕਹਿਣ ਲੱਗਾ, ਮੈਨੂੰ ਵੀ ਰਖਾ ਲਾ, ਆਪਣੇ ਆਲੇ ਸਟੋਰ 'ਚ !'

'ਜੇ ਥਾਂ ਹੁੰਦੀ ਰਖਾ ਨਾ ਲੈਂਦੀ ਹੁਣ ਤਕ ? ਮੈਂ ਵੀ ਲੱਕੀ ਸੀ, ਜਿਹਨੂੰ ਕੰਮ ਮਿਲ ਗਿਆ । ਵੀਹ ਜਣੀਆਂ ਆਈਆਂ ਸੀ ਟਰਾਈ ਲਈ । ਦੋ ਨੂੰ ਰੱਖਿਆ । ਹਜੇ ਕੰਮ ਟੈਂਪਰੇਰੀ ਸੀ ਜੇ ਪੱਕਾ ਹੁੰਦਾ ਤਾਂ ਸ਼ੈਦ ਗਿਣਤੀ ਸੈਂਕੜਿਆਂ ਤਕ ਪੁੱਜ ਜਾਂਦੀ ।'

ਹੌਲੀ ਹੌਲੀ ਜਤਿੰਦਰ ਸਹੁਰੀਂ ਜਾਣੋਂ ਘਟਣ ਲੱਗ ਪਿਆ । ਜਦ ਵੀ ਜਾਂਦਾ, ਉਨ੍ਹਾਂ ਸੁਆਲਾਂ ਦਾ ਹੀ ਸਾਮ੍ਹਣਾ ਕਰਨਾ ਪੈਂਦਾਂ । ਉਹ ਖਿੱਝ ਜਾਂਦਾ । ਉਹਨੂੰ ਲੱਗਦਾ, ਜਿਵੇਂ ਮੈਂ ਚੋਰ ਹੋਵਾਂ ਤੇ ਪਤਨੀ ਸੀ. ਆਈ. ਡੀ. ਦਾ ਇਨਸਪੈਕਟਰ ।

ਜਦ ਕਿੰਨੇ ਚਿਰ ਤਕ ਵੀ ਕੰਮ ਟੀਟ ਚੁੰਘਾਉਣੋਂ ਨਾ ਟਲਿਆ ਤਾਂ ਉਸ ਅੱਕ ਕੇ ਕੋਸ਼ਿਸ਼ ਕਰਨੀ ਹੀ ਛੱਡ ਦਿੱਤੀ । ਪਰ ਢਿੱਡ ਰੋਟੀ ਮੰਗਦਾ ਸੀ. ਤਨ ਕਪੜਾ ਤੇ ਸਿਰ ਛੱਤ । ਬੇਕਾਰੀ ਭੱਤੇ ਨਾਲ ਇਹ ਸਾਰੀਆਂ ਚੀਜ਼ਾਂ ਕਿਥੋਂ ਪੂਰੀਆਂ ਹੋ ਸਕਦੀਆਂ ਸਨ ? ਇਕ ਦੋ ਵਾਰੀ ਤਾਂ ਉਸ ਮਾਪਿਆਂ ਕੋਲ ਮੁੜ ਜਾਣਾ ਚਾਹਿਆ, ਪਰ ਅਮਲ ਨਾ ਕਰ ਸਕਿਆ । ਇੱਛਾ ਨਾਲੋਂ ਕੋਈ ਹੋਰ, ਚੀਜ਼ ਬਲਵਾਨ ਸੀ ।



ਉਹਨੂੰ ਹੁਣ ਆਪਣਾ ਆਪ ਹੀ ਨਹੀਂ, ਚੁਗਿਰਦਾ ਵੀ ਓਪਰਾ ਓਪਰਾ ਲੱਗਦਾ । ਜਾਪਦਾ ; ਜਿਵੇਂ ਉਹ ਹਵਾ ਵਿਚ ਲਟਕ ਰਿਹਾ ਹੋਵੇ । ਜਿਧਰ ਨੂੰ ਹਵਾ ਦਾ ਬੁੱਲ੍ਹਾ ਧੱਕਦਾ, ਰਿੜ੍ਹ ਪੈਂਦਾ । ਇਕ ਦਿਨ ਉਹ ਕਿਧਰੇ ਜਾ ਰਿਹਾ ਸੀ । ਕੋਲ ਦੀ ਉਹਦੇ ਵਾਲੀ ਗਲੀ ਦੀ ਇਕ ਪੰਜਾਬਣ ਮੁਟਿਆਰ ਲੰਘਣ ਲੱਗੀ ਤਾਂ ਉਸ ਸੀਟੀ ਮਾਰ ਦਿੱਤੀ । ਮੁਟਿਆਰ ਨੇ ਕੋਈ ਨੋਟਿਸ ਨਾ ਲਿਆ ਤਾਂ ਉਹਦਾ ਪਿੱਛਾ ਕਰਨ ਲੱਗ ਪਿਆ । ਜਦ ਉਹ ਅੱਖਾਂ ਵਿਖਾਈਆਂ ਤਾਂ ਝੱਗ ਵਾਂਗ ਬਹਿ ਗਿਆ ।

ਉਹ ਅਜਿਹੀ ਸਥਿਤੀ ਵਿਚੋਂ ਹੀ ਲੰਘ ਰਿਹਾ ਸੀ ਕਿ ਰਣਜੀਤ ਸਿੰਘ ਨਾਂ ਦਾ ਇਕ 'ਉਸਤਾਦ' ਮਿਲ ਗਿਆ । ਉਹ ਡੈਰਿਕ ਰਸਲ ਦੀ ਗੈਂਗ ਦਾ ਬੰਦਾ ਸੀ । ਉਸ ਜਤਿੰਦਰ ਦੀ ਮੁਸ਼ਕਿਲ ਸੁਣੀ ਤੇ ਹੱਸ ਕੇ ਕਹਿਣ ਲੱਗਾ, ਨੋ ਪਰਾਬਲਮ, ਡੀਅਰ ।'

'ਨੋ ਪਰਾਬਲਮ !'

'ਯੈਸ । ਇਟ ਕੈਨ ਬੀ ਸੋਲਵਡ ਲਾਇਕ ਦੈਟ ? ਉਸ ਚੁਟਕੀ ਮਾਰੀ ।

'ਦੱਸ ਜਾਰ ਮੈਨੂੰ ਵੀ ਫੇਰ ਕੋਈ ਤਰੀਕਾ ?'

'ਦੱਸਿਆ ਤਾਂ ਜਾ ਸਕਦੈ ਪਰ...!'

'ਪਰ ਕੀ ?'

'ਫੀਸ ਲੱਗੂ ?'

'ਕਿੰਨੀ ?'

'ਜਿੰਨੇ ਮਿਲਣ ਉਹਦਾ ਤੀਜਾ ਹਿੱਸਾ ਹੈ ਮਨਜ਼ੂਰ ?'

'ਪਹਿਲਾਂ ਦੱਸ ਤਾਂ ਸਹੀ ?'

'ਜੇ ਗੁਰੇ ਦੱਸ ਦਿੱਤਾ ਤਾਂ ਫੀਸ ਕੌਣ ਲਈ ਬੈਠੇ ?'

'ਮੈਂ ਦੇਖੇ ਸੁਣੇ ਬਿਨਾਂ ਕਿੱਦਾਂ ਹਾਂ ਕਰ ਸਕਦਾਂ ?'

'ਤਾਂ ਤੇਰੀ ਮਰਜ਼ੀ ।'

ਕੁਛ ਚਿਰ ਤਾਂ ਜਤਿੰਦਰ ਸੋਚਦਾ ਰਿਹਾ । ਫਿਰ ਕਹਿਣ ਲੱਗਾ, ਮਨਜ਼ੂਰ ਆ ।'

ਉਸ ਆਪਣੇ ਬਰੀਫ-ਕੇਸ ਵਿਚੋਂ ਕਲੇਮ ਫਾਰਮ ਕੱਢੇ ਤੇ ਜਤਿੰਦਰ ਦੇ ਹੱਥ ਫੜਾ ਦਿੱਤੇ । ਵੇਖ ਕੇ ਉਹ ਕਹਿਣ ਲੱਗਾ, 'ਇਨ੍ਹਾਂ ਨੂੰ ਕੀ ਕਰਾਂ ?'

'ਭਰ । ਹੋਰ ਕੀ ਕਰਣੈ ?'

'ਕਾਹਦੇ ਲਈ ?'

'ਪੈਸੇ ਨਹੀਂ ਲੈਣੇ ?'

'ਮੈਂ ਗੈਰਕਨੂੰਨੀ ਗੱਲ ਕਿੱਦਾਂ ਕਰ ਸਕਦਾਂ ?

'ਤੇਰੀ ਸਲਾਹ ਏ ਇਥੇ ਸਾਰੇ ਦੁੱਧ ਧੋਤੇ ਆ ?' ਤੇ ਉਹ ਗੱਲ ਬਦਲ ਕੇ ਕਹਿਣ ਲੱਗਾ, 'ਏਸ ਸੰਸਾਰ 'ਚ ਹਰ ਕੋਈ ਹੇਰਾ ਫੇਰੀ ਕਰਦੈ । ਕੋਈ ਜ਼ਬਾਨ ਨਾਲ. ਕੋਈ ਹੱਥ ਨਾਲ ਤੇ ਕੋਈ ਹੱਥ ਨਾਲ ਤੇ ਕੋਈ ਸਿਰ ਨਾਲ । ਧੁਰ ਉਪਰੋਂ ਲੈ ਕੇ ਹੇਠਾਂ ਤਕ ਦੇਖ ਲਾ । ਇਹੀ ਚੱਕਰ ਚਲਦਾ ਏ । ਤੂੰ ਕਿਹੜੀ ਦੁਨੀਆਂ 'ਚ ਰਹਿੰਦਾ ਆਂ ? ਜੇ ਭੁੱਖੇ ਮਰਨ ਦੀ ਸਲਾਹ ਏ ਤਾਂ ਬਈ ਤੇਰੀ ਮਰਜ਼ੀ ?'

'ਇਕ ਐਡਰੈਸ 'ਤੇ ਕਿਉਂ ? ਵੱਖਰਿਆਂ ਤੇ ਕਰ !'

'ਕਿਥੇ ਕਰਾਂ ?'

'ਭਾਈ ਸਾਬ੍ਹ ਤਿੰਨੀ ਚਹੁੰ ਥਾਂਹੀ ਕਮਰੇ ਕਿਰਾਏ ਤੇ ਲੈ ਛੱਡ ਤੇ ਵੱਖ ਵੱਖ ਨਾਵਾਂ ਹੇਠ ਕਲੇਮ ਕਰੀ ਸਾਹ।' ਉਸ ਗੁਰ ਦੱਸਿਆ।

'ਐਨੇ ਥਾਂਹੀਂ ਕਿੱਦਾਂ ਰਹਿ ਸਕਦੈ, ਇਕ ਬੰਦਾ ?'

'ਕਦੀ ਕਦਾਈ ਰਹਿ ਲਿਆ ਦਿਹਾੜੀ ਡੰਗ ਨਾਲੇ ਅਗਲਿਆਂ ਨੂੰ ਬੰਦੇ ਦੀ ਨਹੀਂ, ਕਿਰਾਏ ਦੀ ਲੋੜ ਹੁੰਦੀ ਆ। ਆਈ ਸਮਝ ?'

'ਜੇ ਸੋਸ਼ਲ ਸਿਕਿਉਰਟੀ ਵਾਲਿਆਂ ਚੈੱਕ ਕਰ ਲਿਆ ?'

'ਕੌਣ ਐਨਾ ਤਰੱਦਦ ਕਰਦੇ ? ਅਗਲੇ ਵੀ ਖਾਨਾ ਪੂਰੀ ਕਰ ਕੇ ਰਾਜ਼ੀ ਆ।'

'ਖਾਨਾ ਪੂਰੀ ਈ ?'

'ਹਾਂ ਜੀ।'

'ਜੇ ਪੁਲਸ ਨੇ ਫੜ ਲਿਆ ?'

'ਫੇਰ ਕੀ ਹੋਊ ? ਰੋਟੀ ਈ ਖਾਣੀ ਆ ? ਛੋਟੇ ਘਰ ਦੀ ਨਾਂ ਸਹੀ, ਵੱਡੇ ਦੀ ਸਹੀ ?

'ਸ਼ਰਮ ਨਾ ਆਊ ?'

'ਕਾਹਦੀ ਸ਼ਰਮ ਤੇ ਕਿਹਤੋਂ ? ਸ਼ਰਮ ਵੀ ਅਪਣਿਆਂ ਦੀ ਹੁੰਦੀ ਏ, ਨਈਂ ? ਤੇ ਆਪਣੇ ਤਾਂ ਬਣਦੇ ਆ ਜੇ ਬੰਦਾ ਇਕ ਥਾਂ ਟਿੱਕ ਕੇ ਰਹੇ। ਇਕ ਥਾਂ ਤਾਂ ਰਿਹਾ ਜਾ ਸਕਦੈ, ਜੇ ਕੰਮ ਪੱਕਾ ਹੋਵੇ।

ਜਤਿੰਦਰ ਨੂੰ ਜ਼ੋਰ ਦੀ ਝਟਕਾ ਲੱਗਾ। ਕਿੰਨਾ ਚਿਰ ਤਾਂ ਉਹਦੇ ਪੈਰ ਧਰਤੀ ਤੇ ਨਾ ਲੱਗੇ। ਰਤਾ ਸੰਭਲਿਆ ਤਾਂ ਉਹਦੀਆਂ ਅੱਖਾਂ ਅੱਗੋਂ ਪਹਿਲਾਂ ਹੀਥ ਟਾਊਨ ਲੰਘਿਆ, ਖ਼ਾਸ ਕਰ ਕੇ ਬੀ ਲੇਨ। ਫਿਰ ਹੁਣ ਵਾਲੀ ਬਸਤੀ ਤੇ ਨਾਲ ਹੀ ਉਹਦੇ ਵਰਤਾਰੇ ਵਿਚ ਆਈ ਤਬਦੀਲੀ। ਪਲ ਦੀ ਪਲ ਤੇ ਉਹਦੇ ਮੂੰਹੋਂ ਆਪਣੇ ਆਪ ਹੂੰ ਨਿਕਲ ਗਈ।

ਉਹਦੀ ਇਸ ਹੂੰ ਦੀ ਵਿਆਖਿਆ ਕਰਨ ਲਈ ਰਣਜੀਤ ਸਿੰਘ ਕਹਿਣ ਲੱਗਾ, ਜਦ ਕਿਸੇ ਨੂੰ ਇਹੀ ਭਰੋਸਾ ਨਹੀਂ ਕਿ ਕੱਲ੍ਹ ਨੂੰ ਕਿਥੇ ਤੇ ਕੀ ਕਰਣੈ ਤਾਂ ਸ਼ਰਮ ਹਿਆ ਕਾਹਦੀ ਤੇ ਕਿਹਤੋਂ ?

'ਏਦਾਂ ਕਿਧਰ ਨੂੰ ਜਾਮਾਂਗੇ ਤੇ ਕੀ ਬਣੂ ਸਾਡਾ। ਜਦ ਸਰਕਾਰ ਹੀ ਇਹ ਕੁਕਰਮ ਕਰ ਕਰਾ ਰਹੀ ਏ ਤਾਂ ਆਮ ਲੋਕ ਕੀ ਕਰ ਸਕਦੇ ਆ ? ਅਖੇ, ਜੌਬ ਲਾਈਫ ਲਈ ਜ਼ਰੂਰੀ ਨਹੀਂ ਹੋਣੀ ਚਾਹੀਦੀ। ਜੇ ਜੌਬ ਜ਼ਿੰਦਗੀ ਭਰ ਲਈ ਨਹੀਂ ਤਾਂ ਜੀਵਨ ਦੀਆਂ ਕਦਰਾਂ ਕੀਮਤਾਂ ਕਿੱਦਾਂ ਪੱਕੀਆਂ ਰਹਿ ਸਕਦੀਆਂ ਨੇ ? ਇਨ੍ਹਾਂ ਦਾ ਆਪਸੀ ਦਿਨ ਰਾਤ ਦਾ ਰਿਸ਼ਤਾ ਆ, ਭਾਈ ਸਾਬ੍ਹ ? ਸਾਡੇ ਪੇਅਰੈਂਟਸ ਜਿਸ ਥਾਂ ਕੰਮ ਕਰਨ ਲੱਗ ਪੈਂਦੇ ਸਨ, ਸਾਰੀ ਉਮਰ ਉਥੇ ਕਰੀ ਜਾਂਦੇ ਸਨ, ਸਗੋਂ ਬਹੁਤੀ ਵਾਰੀ ਨਿਆਣੇ ਵੀ ਆਪਣੇ ਨਾਲ ਲੁਆ ਲੈਂਦੇ। ਪੱਕੇ ਕੰਮ ਹੋਣ ਕਾਰਣ ਉਹ ਇਕ ਥਾਂ ਸਾਰੀ ਜ਼ਿੰਦਗੀ ਲੰਘਾ ਦਿੰਦੇ ਸਨ। ਏਸੇ ਕਰ ਕੇ ਜ਼ਿੰਦਗੀ ਦੇ ਮੁੱਲ ਵੀ ਪੱਕੇ ਸਨ ਤੇ ਇਕ ਦੂਜੇ ਦੀ ਅੱਖ-ਸ਼ਰਮ ਦਾ ਕਲਚਰ ਵੀ ਸੀ ਤੇ ਹੁਣ ਜਦ ਕਿਸੇ ਨੂੰ ਭਲਕ ਦਾ ਵਿਸਾਹ ਨਹੀਂ ਕਿ ਕਿਥੇ ਜਾਣਾ ਤਾਂ ਉਹ ਉਸ ਕਲਚਰ ਦਾ ਭਾਰ ਕਾਹਤੋਂ ਚੁੱਕੀ ਫਿਰੇ ?'

ਜਤਿੰਦਰ ਨੂੰ ਫਿਰ ਝਟਕਾ ਲੱਗਾ। ਕੁਝ ਚਿਰ ਤਾਂ ਉਹ ਬੌਂਦਲਿਆ ਜਿਹਾ ਖੜ੍ਹਾ ਰਿਹਾ. ਫਿਰ ਚੁੱਪ ਚਾਪ ਫਾਰਮ ਭਰਨ ਲੱਗ ਪਿਆ। —ਵੁਲਵਰ ਹੈਂਪਟਨ, ਯੂ. ਕੇ.





## ਉਤਰ-ਆਧੁਨਿਕਤਾ ਦਾ ਭੂਤ ਅਤੇ ਭੂਤ ਦੀ ਉਤਰ-ਆਧੁਨਿਕਤਾ/ਚੰਚਲ ਚੌਹਾਨ

ਮਹਾਂਨਗਰਾਂ ਵਿਚ ਪਿਛਲੇ ਚਾਰ ਪੰਜ ਸਾਲਾਂ ਦੌਰਾਨ ਉਤਰ-ਆਧੁਨਿਕਤਾ ਦੀ ਖ਼ੂਬ ਚਰਚਾ
ਰਹੀ ਹੈ। ਅੱਜ ਕੱਲ ਲੇਖਕਾਂ ਤੇ ਬੁੱਧੀਜੀਵੀਆਂ ਵਿਚਕਾਰ ਅਕਸਰ ਗੱਲਬਾਤ ਦਾ ਵਿਸ਼ਾ ਵੀ
ਤਰ-ਆਧੁਨਿਕਤਾ ਦਾ ਰਹਿੰਦਾ ਹੈ। ਮੈਨੂੰ ਨਿੱਕੇ ਨਿੱਕੇ ਕਸਬਿਆਂ ਤੇ ਸ਼ਹਿਰਾਂ ਵਿਚ ਜਾਣ ਦਾ
ਕਾ ਮਿਲਦਾ ਰਿਹਾ ਹੈ ਤਾਂ ਉਥੋਂ ਦੇ ਲੇਖਕ ਇਹ ਜਾਣਨ ਲਈ ਉਤਾਵਲੇ ਰਹਿੰਦੇ ਹਨ ਕਿ
ਹ ਉਤਰ-ਆਧੁਨਿਕਤਾ ਕੀ ਚੀਜ਼ ਹੈ ? ਮਾਰਚ 94 ਦੇ 'ਹੰਸ' ਵਿਚ ਯਥਾਰਥ ਤੇ ਵਿਚਾਰ ਦੇ
ਲਸਿਲੇ ਵਿਚ ਕੀਤੀ ਗਈ ਬਹਿਸ ਵਿਚ ਹਿੱਸਾ ਲੈਂਦੇ ਹੋਏ, ਮੈਂ ਸੰਖੇਪ ਵਿਚ ਉਤਰ-ਆਧੁਨਿਕਤਾ
! ਮੂਲ ਸਰੋਤਾਂ ਤੇ ਉਸਦੀ ਵਿਚਾਰਧਾਰਾ 'ਤੇ ਰੌਸ਼ਨੀ ਪਾਈ ਸੀ, ਪਰ ਹਿੰਦੀ ਵਿਚ ਉਤਰ-
ਾਧੁਨਿਕਤਾ ਦੇ ਇਸ ਭੂਤ ਨੇ ਅਜੇ ਤੱਕ ਤਾਂ ਖੌਰੂ ਹੀ ਮਚਾਇਆ ਹੋਇਆ ਹੈ। ਪਿਛਲੇ ਦਿਨੀਂ
ਹੁੰਦੀ ਵਿਚ ਕੁਝ ਕਿਤਾਬਾਂ ਉਤਰ-ਆਧੁਨਿਕਤਾ ਤੇ ਛਪੀਆਂ, ਜਿਸ ਵਿਚ ਪੱਛਮ ਦੇ ਉਤਰ-
ਾਧੁਨਿਕਤਾਵਾਦੀਆਂ ਦੀ ਭਾਸ਼ਾ ਦੇ ਗਲਤ-ਮਲਤ ਅਨੁਵਾਦ ਏਨੇ ਜ਼ਿਆਦਾ ਹਨ ਕਿ ਖ਼ੁਦ ਲੇਖਕ
ੂ ਵੀ ਇਹ ਪਤਾ ਨਹੀਂ ਕਿ ਉਸਨੇ ਕੀ ਲਿਖਿਆ ਹੈ, ਕਿਉਂਕਿ ਜ਼ਿਆਦਾਤਰ ਇਹ ਲੇਖਕ
ਅੰਗਰੇਜ਼ੀ ਤੇ ਫਰੈਂਚ ਭਾਸ਼ਾਵਾਂ ਨਹੀਂ ਜਾਣਦੇ ਹਨ, ਪਰ ਬਜ਼ਾਰ ਦੀ ਅਰਥ ਵਿਵਸਥਾ ਦੀ ਮੰਗ
ੈ ਕਿ ਨਵਾਂ ਮਾਲ ਲਿਆਇਆ ਜਾਵੇ ਸੋ ਮਾਲ ਹਾਜ਼ਰ ਹੈ। ਮਾਹੌਲ ਲਗਭਗ ਗੀਤ ਫਰੋਸ਼ ਦਾ
ੈ......ਜੀ ਹਾਂ ਹਜ਼ੂਰ।

ਪਰ ਅਨਪੜ੍ਹ ਤੇ ਗੈਰ-ਆਲੋਚਨਾਤਮਿਕ ਹਿੰਦੀ ਉਤਰ-ਆਧੁਨਿਕਾਂ ਦੇ ਇਲਾਵਾ ਵੀ ਕੁਝ
ਬੁੱਧੀਜੀਵੀਆਂ ਨੇ ਉਤਰ-ਆਧੁਨਿਕਵਾਦ ਦੀ ਜਾਂਚ ਪੜਤਾਲ ਕੀਤੀ ਹੈ। ਏਸੇ ਜਾਂਚ ਪੜਤਾਲ ਦੀ
ਕੋਸ਼ਿਸ਼ ਦੇ ਤੌਰ 'ਤੇ ਦਿੱਲੀ ਯੂਨੀਵਰਸਿਟੀ ਦੇ ਜਰਮਨ ਭਾਸ਼ਾ ਵਿਭਾਗ ਅਤੇ ਉਸਦੇ ਹੋਰ ਯੂਰਪੀ
ਭਾਸ਼ਾਵਾਂ ਦੇ ਵਿਦਵਾਨਾਂ ਦੇ ਸਹਿਯੋਗ ਨਾਲ ਨਵੰਬਰ 1991 ਵਿਚ ਇਕ ਸੈਮੀਨਾਰ ਹੋਇਆ ਸੀ,
ਉਸ ਦੌਰਾਨ ਪੜ੍ਹੇ ਗਏ ਕੁਝ ਲੇਖਾਂ ਦਾ ਇਕ ਸੰਕਲਨ (ਸੰਗ੍ਰਹਿ) ਅੰਗਰੇਜ਼ੀ ਦੇ ਪ੍ਰੋ: ਵਿਭਾ ਮੌਰਿਆ
ਦੀ ਸੰਪਾਦਨਾ ਹੇਠ ਛਪਿਆ। ਜਿਸ ਵਿਚ ਇਕ ਬਹੁਤ ਹੀ ਵਧੀਆ ਲੇਖ ਡਾ: ਬਦਰੀ ਰੈਨਾ ਨੇ
ਲਿਖਿਆ ਹੈ। ਸੰਪਾਦਕੀ ਵਿਚ ਪ੍ਰੋ: ਵਿਭਾ ਮੌਰਿਆ ਨੇ ਦੱਸਿਆ ਹੈ ਕਿ ਉਤਰ-ਆਧੁਨਿਕਤਾ
ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਅਰਨਲਡ ਜੇ. ਟਾਈਨਬੀ ਨੇ ਪੰਜਵੇਂ ਦਹਾਕੇ ਵਿਚ ਆਪਣੀ
ਰਚਨਾ ਹੇਠ ਕੀਤਾ ਸੀ। ਪ੍ਰੋ: ਅਭੈਜ ਮੌਰਿਆ ਨੇ ਆਪਣੇ ਲੇਖ ਵਿਚ ਈਹਾਬ ਹਸਨ ਦਾ ਹਵਾਲਾ
ਦੇਂਦੇ ਦੱਸਿਆ ਹੈ ਕਿ ਇਸ ਸ਼ਬਦ ਦਾ ਪਹਿਲਾ ਪ੍ਰਯੋਗ 1934 ਈ: ਵਿਚ ਫੇਡਰਿਕੋ ਡੀ. ਔਨਿਸ
ਨੇ ਕੀਤਾ ਸੀ ਅਤੇ ਬਾਦ ਵਿਚ 1942 ਈ: ਵਿਚ ਡੱਡਲੇ ਫਿਟਸ ਨੇ ਤੇ ਫਿਰ ਉਸ ਤੋਂ ਬਾਅਦ
ਟਾਇਨਬੀ ਨੇ 1947 ਵਿਚ ਇਸ ਸ਼ਬਦ ਦਾ ਪ੍ਰਯੋਗ ਕੀਤਾ ਸੀ। ਉਹਨਾਂ ਨੇ ਇਹ ਵੀ ਲਿਖਿਆ
ਹੈ ਕਿ ਅੱਜ ਦੇ ਸੰਦਰਭ ਵਿਚ ਇਸ ਸ਼ਬਦ ਦਾ ਪ੍ਰਯੋਗ ਹਿਰਵਿੰਗ ਹੋ ਅਤੇ ਹੈਰੀ ਲੇਵਿਨ ਨੇ ਸਭ
ਤੋਂ ਪਹਿਲਾਂ ਕੀਤਾ। ਉਸ ਤੋਂ ਬਾਦ ਸੱਠਵਿਆਂ ਵਿਚ ਲੇਸਲੀ ਫਾਈਡਲਰ ਅਤੇ ਇਹਾਬ ਹਸਨ
ਨੇ ਇਸ ਸ਼ਬਦ ਦੀ ਕਾਫ਼ੀ ਮਦਦ ਲਈ ਅਤੇ ਇਸ ਦਾ ਭਰਪੂਰ ਇਸਤੇਮਾਲ ਕੀਤਾ। ਪ੍ਰੋ: ਅਭੈਜ

ਮੌਰਿਆ ਨੇ ਪੱਛਮੀ ਬੁੱਧੀਜੀਵੀਆਂ ਦੁਆਰਾ ਦਿੱਤੀਆਂ ਗਈਆਂ ਉਤਰ-ਆਧੁਨਿਕਤਾ ਦੇ ਪ੍ਰਚਲਿਤ ਵਿਆਖਿਆਵਾਂ ਦਾ ਅਰਾਜਕਤਾਪੂਰਨ ਖਾਕਾ ਪੇਸ਼ ਕੀਤਾ ਹੈ। ਇਸ ਅਰਾਜਕਤਾ ਰੋਲਾਂ ਬਾਰਥ ਤੋਂ ਲੈ ਕੇ ਦੇਰਿਦਾ ਤਕ ਅਤੇ ਜਯਾਂ ਫਰਾਸਣਾਂ ਲਯੋਤਾਰ ਤੋਂ ਲੈਕੇ ਜਯੋ ਹਾਰਟਮੈਨ, ਪਾਲਡਿਮਨ ਅਤੇ ਹਿਲਿਸ ਮਿਲਰ ਤੱਕ ਆਪਣੀ ਆਪਣੀ ਡਫਲੀ ਅਤੇ ਆ... ਆਪਣਾ ਰਾਗ ਅਲਾਪ ਰਹੇ ਹਨ। ਡਾ: ਅਭੈਯ ਮੌਰਿਆ ਦੀ ਤਰ੍ਹਾਂ ਗੁਰਭਗਤ ਸਿੰਘ ਨੇ ਆਪਣੇ ਲੇਖ ਵਿਚ ਉਤਰ-ਆਧੁਨਿਕਤਾ ਦੀਆਂ ਵਿਭਿੰਨ ਧਾਰਾਵਾਂ ਦਾ ਜਾਇਜ਼ਾ ਲਿਆ ਹੈ, ਇ... ਵਿਚ ਫਲੇਕਸ ਕਾਲਿਨਿਕੋਸ, ਫਰੇਡਰਿਕ ਜੇਮਸਨ ਅਤੇ ਇਹਾਬ ਹਸਨ ਦੇ ਆਪਸੀ ਵਿ... ਨਜ਼ਰੀਏ ਦਾ ਖਾਸ ਤੌਰ ਤੇ ਵਿਸ਼ਲੇਸ਼ਣ ਕੀਤਾ ਹੈ।

ਉਤਰ-ਆਧੁਨਿਕਤਾ ਅਤੇ ਸੁਰੰਚਨਾਵਾਦ ਦੇ ਬਾਰੇ ਸਿਧਾਂਤਿਕ ਲੇਖਾਂ ਤੋਂ ਇਲਾਵਾ ਲੇਖ ਇਸ ਸੰਗ੍ਰਹਿ ਵਿਚ ਵਿਵਹਾਰਿਕ ਸਮੀਖਿਆ ਦੇ ਵੀ ਹਨ ਅਤੇ ਇਕ ਲੇਖ ਭਾਰਤ ਦੇ ਸੰ... ਵਿਚ ਉਤਰ-ਆਧੁਨਿਕਤਾ ਦੀ ਅਹਿਮੀਅਤ (ਜਾਂ ਨਿਰਆਰਥਕਤਾ) ਬਾਰੇ ਹੈ। ਜਿਸ ਤਰ੍ਹਾਂ ਉ... ਆਧੁਨਿਕਤਾ 'ਹਰਿ ਅਨੰਤ ਹਰਿ ਕਥਾ ਅਨੰਤਾ' ਦੀ ਤਰ੍ਹਾਂ ਹੈ। ਉਸੇ ਤਰ੍ਹਾਂ ਇਸ ਸੰਕਲਨ ਲੇਖਾਂ ਵਿਚ ਵੀ 'ਮੁੰਡੇ ਮੁੰਡੇ ਮਤਰਭਿੰਨਾ' ਦੇ ਦਰਸ਼ਨ ਹੁੰਦੇ ਹਨ। ਪਰ ਫਿਰ ਵੀ ਕੁਝ ਲੇਖ ਬ... ਵਧੀਆ ਹਨ। ਜਿਹਨਾਂ ਦਾ ਉਲੇਖ ਕਰਨਾ ਜ਼ਰੂਰੀ ਬਣਦਾ ਹੈ। ਬਦਰੀ ਰੈਨਾ ਦਾ ਲੇਖ ਜਿ... ਭੂਮਿਕਾ ਦੇ ਰੂਪ ਵਿਚ ਲਿਆ ਗਿਆ ਹੈ ਹਿੰਦੀ ਦੇ ਉਹਨਾਂ ਅਨਪੜ੍ਹ ਉਤਰ-ਆਧੁਨਿਕਤਾਵਾਦੀ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ ਜਿਹੜੇ ਇਸ ਨਵੇਂ ਵਾਦ ਦੀ ਬੇਸੁਰੀ ਵੰਝਲੀ ਭਾਰਤੀ ਬਜ਼ਾਰ ... ਵਜਾ ਰਹੇ ਹਨ। ਬਦਰੀ ਰੈਨਾ ਨੇ ਪੱਛਮ ਦੇ ਆਧੁਨਿਕਤਾਵਾਦ ਅਤੇ ਉਤਰ-ਆਧੁਨਿਕਤਾਵਾਦ ਵਿਚਾਰ ਤੰਤਰ ਦਾ ਸਿਲਸਿਲੇਵਾਰ ਡੂੰਘਾਈ ਵਿਚ ਵਿਸ਼ਲੇਸ਼ਣ ਕਰਦੇ ਹੋਏ ਇਹ ਸਪਸ਼ਟ ... ਹੈ ਕਿ ਇਤਹਾਸ ਵਿਚ ਗਿਆਨ ਅਤੇ ਸੱਤਾ ਦੇ ਜਿਤਨੇ ਵੀ ਨਜ਼ਰੀਏ ਰਹੇ ਹਨ ਉਹਨਾਂ ਦੀ ... ਹੀ ਉੱਤਰ-ਆਧੁਨਿਕਤਾ ਦੇ ਪਿਛੇ ਵੀ ਇਕ ਰਾਜਨੀਤਿਕ ਅਵ-ਚੇਤਨ ਕੰਮ ਕਰ ਰਿਹਾ ਹੈ। ... ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹਨਾਂ ਨੇ ਇਸ ਨਿਚੋੜ ਨੂੰ ਫਤਵੇ ਦੇ ਤੌਰ ਇਸਤੇਮਾਲ ਨਹੀਂ ਕੀਤਾ ਬਲਕਿ ਪੂਰੀ ਸੰਜੀਦਗੀ ਨਾਲ ਇਸ ਤਰ੍ਹਾਂ ਦੇ ਤਮਾਮ ਵਿਚਾਰਤੰਤਰਾਂ ਦੀ ਅੰਦਰੂਨੀ ਅਵਧਾਰਣਾਵਾਂ ਨਾਲ ਟਕਰਾਂਦੇ ਹੋਏ ਨਤੀਜਾ ਕੱਢਿਆ ਹੈ ਜਿਹੜਾ ਕਿਸੇ ਨਾ ਕਿਸੇ ... ਵਿਚ ਮਾਰਕਸ ਦੇ ਵਰਗ-ਚਿੰਤਨ ਨੂੰ ਨਕਾਰਦਾ ਹੈ।

ਇਸ ਸੰਕਲਨ ਦੇ ਲੇਖਾਂ ਵਿਚੋਂ ਇਕ ਮਹੱਤਵਪੂਰਨ ਲੇਖ ਪ੍ਰੋ: ਸ਼ਾਸ਼ਵਤੀ ਮਜ਼ੂਮਦਾਰ ਦਾ ਜਿਹਨਾਂ ਨੇ ਹੈਬਰਮਾਸ ਦੇ ਆਲੋਚਨਾਤਮਕ ਵਿਸ਼ਲੇਸ਼ਣ ਰਾਹੀਂ ਉੱਤਰ-ਆਧੁਨਿਕਤਾ ਦੇ ਵਰਗਵ... ਦੇ ਸਾਰ ਤੱਤ ਨੂੰ ਖੋਲਿਆ ਹੈ। ਸ਼ਾਸ਼ਵਤੀ ਮਜੂਮਦਾਰ ਜਰਮਨ ਭਾਸ਼ਾ ਦੀ ਵਿਦਵਾਨ ਹੈ ਜਿ... ਲਈ ਉਸਨੂੰ ਜਰਮਨ ਭਾਸ਼ਾ ਦੇ ਸਾਹਿਤ ਅਤੇ ਦਰਸ਼ਨ ਵਿਚ ਹੋਣ ਵਾਲੀ ਬਹਿਸ ਦਾ ਬੋ...

---

ਪੋਸਟ ਮਾਡਰਨਿਜ਼ਮ : ਏ. ਡਿਸਕਸ਼ਨ, ਸੰਪਾਦਕ : ਵਿਭਾ ਮੌਰਿਯ,

ਪ੍ਰਕਾਸ਼ਕ : ਕਲਿੰਗ ਪ੍ਰਕਾਸ਼ਨ, 10 ਏ ਪਾਕੇਟ,

1, ਮਯੂਰ ਵਿਹਾਰ, ਦਿੱਲੀ---91, 1994, ਮੁੱਲ 200/-



...ਨ ਹੈ। ਇਸ ਕਰਕੇ ਉਹ ਆਪਣੇ ਆਲੋਚਨਾਤਮਕ ਵਿਵੇਕ ਨਾਲ ਇਹਨਾਂ ਨਵੀਆਂ ਗਿਆਨ ...ਲੀਆਂ ਦੇ ਪੁਰਾਣੇ ਅਤੇ ਤਰਕਹੀਣ ਸਵਰੂਪ ਨੂੰ ਉਦਘਾਟਿਤ ਕਰ ਸਕੀ ਹੈ।

ਇਸ ਸੰਕਲਨ ਦੇ ਕੁਝ ਲੇਖ ਇੱਕ ਤਰ੍ਹਾਂ ਦੇ ਸਰਵ-ਸੰਗ੍ਰਹਿਵਾਦ ਦੇ ਹੀ ਨਮੂਨੇ ਹਨ ਜੋ ਕਿ ਅੱਜ ਦੇ ਮੱਧ ਵਰਗ ਦੇ ਵਿਆਪਕ ਢਿੱਲੇ ਦੋਹਰਾਵਪਨ ਹੀ ਪਰਵਿਰਤੀ ਦਾ ਹੀ ਇਕ ਹਿੱਸਾ ...ਮੱਧ ਵਰਗ ਦੇ ਬੁੱਧੀਜੀਵੀ ਕਿਸੇ ਵਿਚਾਰਧਾਰਾ ਜਾਂ ਗਿਆਨ ਪ੍ਰਣਾਲੀ ਨੂੰ ਸਮਾਜ ਵਿਵਸਥਾਵਾਂ ...ਰਤੀ ਯਥਾਰਥ ਤੋਂ ਵੱਖ ਸਿਰਫ ਸ਼ਾਬਦਿਕ ਸਰੰਚਨਾ ਮੰਨਦੇ ਹਨ ਉਹ ਆਪਣੇ ਖੁਦ ਦੇ ...ਰਾਂ ਨੂੰ ਵੀ ਵਰਗ ਤੋਂ ਪਰ੍ਹੇ ਜਾਂ ਸਰਵ-ਆਜ਼ਾਦ ਸਮਝਦੇ ਹਨ, ਜਦੋਂ ਕਿ ਵਰਗਾਂ ਵਿਚ ਵੰਡੇ ...ਸਮਾਜ ਅਤੇ ਵਿਸ਼ਵ ਵਿਚ ਕੋਈ ਵਿਚਾਰ ਪ੍ਰਣਾਲੀ ਵਰਗੀ ਹਿੱਤਾਂ ਤੋਂ ਪਰ੍ਹੇ ਨਹੀਂ ਹੈ। ਇਸ ...ਖ ਦੇ ਗਾਇਬ ਹੋਣ ਕਰਕੇ ਕਈ ਲੇਖਕਾਂ ਨੇ ਹੀਗੇਲ, ਮਾਰਕਸ ਅਤੇ ਨੀਤਸ਼ੇ ਹੀਡੇਗਰ ਨੂੰ ...ਜਿਹਾ ਹੀ ਵਿਖਾਇਆ ਹੈ ਜਾਂ ਫਿਰ ਭਾਰਤੀ ਸੰਦਰਭ ਵਿਚ ਸਾਰੀਆਂ ਗਿਆਨ ਪ੍ਰਣਾਲੀਆਂ ...ਮੀ ਦੱਸ ਕੇ ਖਾਰਿਜ ਕਰ ਦਿੱਤਾ ਹੈ ਅਤੇ ਉਹਨਾਂ ਨੂੰ ਭਾਰਤ ਭੂਮੀ ਲਈ ਬੇਕਾਰ ਘੋਸ਼ਿਤ ...ਦਿੱਤਾ ਹੈ। ਸਰਵਸੰਗ੍ਰਹਿਵਾਦ ਅਤੇ ਸਰਵ-ਨਿਸ਼ੇਧਵਾਦ ਇਕ ਹੀ ਮਨੋ ਰਚਨਾ ਦੇ ਦੋ ਪਹਿਲੂ ...ਵ ਗੈਰ-ਅਲੋਚਨਾਤਮਕ ਹੋਣ ਦੀ ਪ੍ਰਵਿਰਤੀ ਦੇ ਹੀ ਦੋ ਰੂਪ ਹਨ, ਇਸ ਲਈ ਗਿਆਨ ਦੀ ...ਆ ਦੇ ਵਿਕਾਸ ਦੇ ਅਵਰੋਧਕ ਹਨ। ਕਿਉਂਕਿ ਸਾਡੇ ਇਥੋਂ ਦੇ ਮੱਧਵਰਗ ਦੀ ਮਨੋਰਚਨਾ ...ਕੁਝ ਸਾਲਾਂ ਤੋਂ ਵਿਸ਼ਵ-ਪੂੰਜੀਵਾਦ ਦੇ ਪੈਰੋਕਾਰ ਬੁੱਧੀਜੀਵੀਆਂ ਅਤੇ ਪੱਛਮੀ ਦੇਸ਼ਾਂ ਦੇ ...ਜਾਂ ਉਪਭੋਗਤਿਆਂ ਦੇ ਅਨੁਸਾਰ ਹੀ ਢਲ ਰਹੀ ਹੈ, ਸੰਚਾਰ ਮਾਧਿਅਮਾਂ ਅਤੇ ਦੂਰਦਰਸ਼ਨ ...ਦੇ ਰਾਹੀਂ ਉਹਨਾਂ ਦੇ ਸੰਪਰਕ ਵਿਚ ਵੀ ਆ ਰਹੀ ਹੈ। ਇਸ ਲਈ ਵਿਚਾਰਾਂ ਦੇ ਖੇਤਰ ...ਤਾਂ ਸਾਡਾ ਬੱਧੀਜੀਵੀ 'ਬਹੁਲਤਾਵਾਦ' ਦਾ ਹਾਮੀ ਹੈ ਜਾਂ ਫਿਰ ਸਰਵਨਿਸ਼ੇਧਵਾਦ ਦਾ। ...ਜਿ ਵਿਚਾਰਧਾਰਾਈ ਸੰਘਰਸ਼ (ਜੋ ਕਿ ਵਰਗੀਯ ਸੱਚਾਈ ਹੈ) ਦੀ ਥਾਂ ਤੇ 'ਸਲਾਹ-ਮਸ਼ਵਰੇ' ...ਪਰੋਚੀ ਕਰ ਰਿਹਾ ਹੈ, ਗਿਆਨ ਦੇ ਵਿਕਾਸ ਨੂੰ ਸਮਾਜਿਕ ਵਿਕਾਸ ਦੇ ਹਿੱਸੇ ਦੇ ਰੂਪ ...ਕ ਅਸਲੀ ਕਾਰਵਾਈ ਮੰਨਣ ਦੀ ਬਜਾਏ ਉਹ ਸਾਰੇ ਗਿਆਨ ਵਿਗਿਆਨਾਂ ਨੂੰ ਫਜ਼ੂਲ ...ਹਾ ਹੈ, ਕਿਉਂਕਿ ਇਹ ਸਥਾਪਨਾਵਾਂ ਜ਼ਿਆਦਾਤਰ ਉੱਤਰ-ਆਧੁਨਿਕਤਾ ਦੀਆਂ ਸਥਾਪਨਾਵਾਂ ...ਇਸ ਲਈ ਅੱਜ ਉੱਤਰ-ਆਧੁਨਿਕਤਾ ਇਕ ਆਕਰਸ਼ਕ ਵਿਚਾਰਧਾਰਾ ਹੈ। ਇਹ ਸਿਰਫ ...ਨਹੀਂ ਹੈ। ਮੱਧਵਰਗ ਉਸ ਵਿਚ ਆਪਣੀ ਮਾਨਸਿਕਤਾ ਦੇ ਅਨੁਕੂਲ ਵਿਚਾਰ ਪ੍ਰਾਪਤ ਕਰ ..., ਇਸ ਲਈ ਸੁੱਖ ਮਹਿਸੂਸ ਕਰ ਰਿਹਾ ਹੈ।

...ਤਾਂ ਉੱਤਰ-ਆਧੁਨਿਕਤਾ ਦੀਆਂ ਬਹੁਤ ਸਾਰੀਆਂ ਵਿਆਖਿਆਵਾਂ ਅਤੇ ਪਰਿਭਾਸ਼ਾਵਾਂ ...ਤੇ ਉਹਨਾਂ ਤੋਂ ਕੁਝ ਨਾ ਕੁਝ ਸਕਾਰਾਤਮਕ ਹਾਸਿਲ ਕੀਤਾ ਜਾ ਸਕਦਾ ਹੈ, ਪਰ ਉੱਤਰ ...ਤਾ ਦੀ ਜਿਹੜੀ ਧਾਰਾ ਸਾਡੇ ਬੁੱਧੀਜੀਵੀਆਂ ਤੇ ਭੂਤ ਦੀ ਤਰ੍ਹਾਂ ਹਾਵੀ ਹੋ ਰਹੀ ਹੈ, ਉਸਦਾ ...ਅਧਾਰ ਮੁੱਖ ਰੂਪ ਵਿਚ **ਜਿਆ ਫਰਾਸਵਾ ਲਉਤਾਰ ਦੀ ਥੀਸਿਜ਼ 'ਚ "ਪੋਸਟ ...ਕੰਡੀਸ਼ਨ" : ਏ ਰਿਪੋਰਟ ਆਨ ਨਾਲਿਜ਼ (1979)** ਹੈ। ਜਿਵੇਂ ਕਿ ਮੈਂ 'ਹੰਸ' ...ਸ਼ਿਤ ਆਪਣੇ ਲੇਖ ਵਿਚ ਦੱਸਿਆ ਸੀ, ਲਿਉਤਰ ਨੇ ਉੱਤਰ-ਆਧੁਨਿਕਤਾ ਨੂੰ ...ਤ ਕਰਦੇ ਹੋਏ ਲਿਖਿਆ ਹੈ : ਪੋਸਟ ਮਾਡਰਨਿਜ਼ਮ ਇਜ਼ ਏ ਡਿਪਾਰਚਰ ਫਰਾਮ ਏਨੀ ...ਜਿੰਗ ਅਟੈਮਪਟ ਆਫ ਰੀਜ਼ਨਿੰਗ ਫਰਾਮ ਏਨੀ ਅਲਟੀਮੇਟ ਫਾਊਂਡੇਸ਼ਨ ਆਫ ਟਰੂਥ"

(ਵੇਖੋ ਅਸਰਟ ਬੇਹਲਰ ਦੀ ਪੁਸਤਕ. ਆਇਰਨੀ ਏਂਡ ਦਾ ਡਿਸਕੋਰਸ ਆਫ ਮਾਡਰਨਿ ਸਫਾ 11) ਲਿਉਤਾਰ ਨੇ ਇਕ ਸ਼ਬਦ ਵਿਚ ਉੱਤਰ-ਆਧੁਨਿਕਤਾ ਦੀ ਪਰਿਭਾਸ਼ਾ ਕਰਦੇ ਹੋ ਕਿਹਾ : ਪੋਸਟਮਾਡਰਨਿਜ਼ਮ, ਇਨ ਏ ਵਰਡ, ਇਜ਼ ਵਿਨਕਰੈਡੁਲਿਟੀ ਇਨ ਦਾ ਫੇਸ ਆਫ ਯੂਨੀਵਰਸਲ ਮੇਟਾਲੈਰੇਟਿਵਜ਼''। (ਉਹੀ)

ਉੱਤਰ-ਆਧੁਨਿਕਤਾਵਾਦੀਆਂ ਦਾ ਸੱਭ ਤੋਂ ਵੱਧ ਜ਼ੋਰ ਇਸੇ ਸਥਾਪਨਾ ਤੇ ਹੈ ਕਿ ਵਿਚਾਰ ਪ੍ਰਣਾਲੀਆਂ ਬੇਕਾਰ ਹੋ ਗਈਆਂ ਹਨ, ਉਹਨਾਂ ਤੋਂ ਯਥਾਰਥ ਨਹੀਂ ਜਾਣਿਆ ਜਾ ਸਕਦ ਇਸ ਝੂਠ ਨੂੰ ਇਹ ਚਿੰਤਕ ਉਸੇ ਤਰ੍ਹਾਂ ਵਾਰ-ਵਾਰ ਬੋਲ ਰਹੇ ਹਨ (ਜਿਸ ਤਰ੍ਹਾਂ ਸਾਡੇ ਦੇਸ਼ ਹੋਰਨਾਂ ਦੇਸ਼ਾਂ ਦੇ ਨਵ-ਫਾਸਿਸਟ ਬੋਲਦੇ ਹਨ। ਝੂਠੀ ਚੇਤਨਾ 'ਤੇ ਅਧਾਰਿਤ ਆਪਣੇ ਇਹ ਗਿ ਨੂੰ ਉਹ ਨਵਾਂ ਦੱਸਦੇ ਹਨ ਅਤੇ ਵਿਗਿਆਨਿਕ ਚਿੰਤਨ ਦੇ ਅੰਤ ਦੀ ਘੋਸ਼ਣਾ ਕਰਦੇ ਹ ਭੋਲੇ-ਭਾਲੇ ਲੋਕਾਂ ਦੇ ਮਨ ਵਿਚ ਉਹ ਪਹਿਲਾਂ ਹੀਣਭਾਵਨਾ ਭਰਦੇ ਹਨ ਕਿ 'ਯਾਰ ਕਿਸ ਜ਼ ਵਿਚ ਜੀ ਰਹੇ ਹੋ, ਦੁਨੀਆ ਕਿੱਥੇ ਦੀ ਕਿੱਥੇ ਪਹੁੰਚ ਗਈ ਹੈ ਤੇ ਤੁਸੀਂ ਉਸੇ ਪੁਰਾਣੇ ਖਿ ਵਿਚ ਫਸੇ ਹੋ, ਹੁਣ ਇਸ ਸਭ ਨਾਲ ਕੰਮ ਚਲਣ ਵਾਲਾ ਨਹੀਂ।'' ਪਰ ਦਿੱਕਤ ਇਹ ਹੈ ਵਿਸ਼ਵ ਦੀ ਗਿਆਨ ਵਿਵਸਥਾ ਵਿਚ ਮਾਰਕਸਵਾਦ ਅਜਿਹਾ ਦਰਸ਼ਨ ਸਾਹਮਣੇ ਆ ਗਿਆ ਜਿਸ ਨਾਲ ਟਕਰਾਏ ਬਗ਼ੈਰ ਇਹ ਨਵੇਂ ਗਿਆਨ ਆਪਣੇ ਆਪ ਨੂੰ ਸਥਾਪਿਤ ਵੀ ਨਹੀਂ ਸਕਦੇ। ਇਸ ਲਈ ਉਹ ਸਰਵਨਿਸ਼ੇਧਵਾਦ ਦੀ ਸ਼ਰਣ ਲੈਂਦੇ ਹਨ। ਮਾਰਕਸਵਾਦ ਨੂੰ ਸਾਬਿਤ ਕਰਨ ਦੀ ਕੋਸ਼ਿਸ਼ ਵਿਚ ਉਹ ਭੂਤ ਕਾਲ ਵੱਲ ਮੁੜਦੇ ਹਨ, (ਲੋਕ ਵਿਸ਼ਵਾਸ਼ ਵਿਚ ਦੇ ਪੈਰ ਪੁੱਠੇ ਦੱਸੇ ਜਾਂਦੇ ਹਨ)। ਉੱਤਰ-ਆਧੁਨਿਕਤਾਵਾਦ ਦੇ ਤਰਕ ਵੀ ਭਾਵਵਾਦ ਆਧਾਰਿਤ ਹੋਣ ਦੇ ਕਾਰਨ ਮਾਰਕਸਵਾਦ ਤੋਂ ਪਹਿਲਾਂ ਦੇ ਹੀ ਤਰਕ ਹੁੰਦੇ ਹਨ. ਨਵੇਂ ਦੇ ਤੇ ਉਹੀ ਪੁਰਾਣੇ ਸੜੇ ਹੋਏ ਖਾਦ ਬਣ ਚੁੱਕੇ ਵਿਚਾਰ।

ਉੱਤਰ-ਆਧੁਨਿਕਤਾ ਦੇ ਵਿਚਾਰਕ ਜਦੋਂ ਇਹ ਕਹਿੰਦੇ ਹਨ ਕਿ ਸਾਰੇ ਗਿਆਨ ਵਿਗਿ ਮੈਟਾਨੈਰੇਟਿਵਜ਼ ਹਨ, ਇਹਨਾਂ ਤੋਂ ਯਥਾਰਥ ਨਹੀਂ ਜਾਣਿਆ ਜਾ ਸਕਦਾ, ਉਦੋਂ ਉਹ ਉ ਸਦੀ ਦੇ ਵਰਡਸਵਰਥ ਜਿਹੇ ਰੋਮਾਨੀ ਕਵੀਆਂ ਦੀ ਹੀ ਗੱਲ ਦੋਹਰਾ ਰਹੇ ਹੁੰਦੇ ਹਨ। ਕਿਤਾਬਾਂ ਸੁੱਟ ਦੇਵੋ ਅਤੇ ਕੁਦਰਤ ਦੀ ਸ਼ਰਣ ਵਿਚ ਜਾਵੋ। ਹਾਂਲਾਂ ਕਿ ਉਸ ਦੌਰ ਦੇ ਕਵੀਆਂ ਚਿੰਤਕਾਂ ਨੇ ਛੇਤੀ ਹੀ ਆਪਣੀ ਇਸ ਮਿਥਿਆ ਚੇਤਨਾ ਨੂੰ ਸੁਧਾਰ ਲਿਆ ਸੀ, ਪਰ ਸਾਡੇ ਜ਼ ਆਧੁਨਿਕਤਾਵਾਦੀ ਲੇਖਕ ਭੂਤ ਦੀ ਵਿਚਾਰਧਾਰਾ ਨੂੰ ਨਵਾਂ ਦੱਸ ਕੇ ਬਜ਼ਾਰ ਵਿਚ ਆਪਣਾ ਵੇਚਣ ਲੱਗੇ ਹਨ। ਉੱਤਰ-ਆਧੁਨਿਕਤਾਵਾਦ ਦੇ 'ਨਵੇਂਪਨ' ਨੂੰ ਪੁਰਾਣੇ ਦਾ 'ਭੇਤ' ਖੁਦ ਦੇ ਹੀ ਕਈ ਲੇਖਕਾਂ ਨੇ ਸਾਬਤ ਕਰ ਦਿੱਤਾ ਹੈ। ਉਦਾਹਰਣ ਦੇ ਤੌਰ ਤੇ ਪਿਛਲੇ ਵਿਲੀਅਮ ਵੀ ਸਪੇਨੋਸ ਨੇ ਸਹੀ ਤੌਰ ਤੇ ਇਹਨਾਂ ਵਿਚਾਰਧਾਰਾਵਾਂ ਨੂੰ ਪਹਿਲਾਂ ਦਿੱਤੀਆਂ ਚੁੱਕੀਆਂ ਧਾਰਨਾਵਾਂ ਦਾ ਦੋਹਰਾਵ ਵੀ ਮੰਨਿਆ ਹੈ। ਉਹਨਾਂ ਦੀ ਪੁਸਤਕ 'ਰਿਪੀਟੀਸ਼ ਪੋਸਟ ਮਾਡਰਨ ਅਕੇਯਜਨ ਇਨ ਲਿਟਰੇਚਰ ਐਂਡ ਕਲਚਰ' ਇਸੇ ਗੱਲ 'ਤੇ ਜ਼ੋਰ ਦਿੰਦੀ ਇਸੇ ਤਰ੍ਹਾਂ ਰਿਚਰਡ ਰੋਟਰੀ ਨੇ ਆਪਣੇ ਨਿਬੰਧ, 'ਨਾਈਨਟੀਨਥ ਸੈਂਚੁਰੀ ਆਇਡਿਲਿਜ਼ਮ ਟਵੈਨਟੀਥ ਸੈਨਚੁਰੀ ਟੈਕਸਤੁਅਲਿਜ਼ਮ' ਵਿਚ ਵੀ ਇਹਨਾਂ ਵਿਚਾਰਧਾਰਾਵਾਂ ਨੂੰ ਪੁਰਾਣੇ ਭ ਤਾ ਭੂਤ ਹੀ ਦੱਸਿਆ ਹੈ। ਇੱਕ ਹੋਰ ਵਿਦਵਾਨ ਜੂਲਿਅਟ ਸਿਚਰਾਵਾ ਨੇ ਆਪਣੀ



''ਸ਼ਿਲਰ ਟੂ ਦੇਰੀਦਾ।'' : ਆਇਡਿਲਿਜ਼ਮ ਇਨ ਐਸਥੈਟਿਕਸ'' ਵਿਚ ਸਾਫ ਕਿਹਾ ਹੈ ਕਿ ਇਨ੍ਹਾਂ ਵਿਚਾਰਧਾਰਾਵਾਂ ਦੇ ਵਿਚਾਰ ਪੁਰਾਣੇ ਹਨ, ਉਹ ਮੌਲਿਕ ਤਾਂ ਬਿਲਕੁਲ ਨਹੀਂ ਹਨ।

(ਵੇਖੋ ਸਫਾ 168)

ਭਾਰਤੀ ਸਮਾਜ ਵਿਚ ਵੀ ਉੱਤਰ-ਆਧੁਨਿਕਤਾ ਦੇ ਵਿਚਾਰਾਂ ਨੂੰ ਘੋਖਿਆ ਜਾਵੇ ਤਾਂ ਅਸੀਂ ਦੇਖਾਂਗੇ ਕਿ ਇਹ ਭਭਕ ਅਚਾਨਕ ਨਹੀਂ ਹੈ। ਆਧੁਨਿਕਤਾਵਾਦ ਦੇ ਸਮੇਂ ਵਿਚ ਵੀ ਪੁਰਾਣੇ ਪ੍ਰਤੀਕਾਂ ਨੂੰ ਉਭਾਰ ਕੇ ਵਿਵੇਕਵਾਦ ਦੇ ਖਿਲਾਫ ਇੱਕ ਮੁਹਿੰਮ ਚਲਾਈ ਗਈ ਸੀ। ਛੇਵੇਂ ਦਹਾਕੇ ਨੂੰ ਯਾਦ ਕਰੋ ਤਾਂ ਤੁਸੀਂ ਦੇਖੋਂਗੇ ਕਿ ਭਾਰਤ ਦੀ ਉੱਨਤੀ ਨੂੰ ਰੋਕਣ ਦੇ ਇਰਾਦੇ ਨਾਲ ਸਾਮਰਾਜ-ਵਾਦੀ ਪਿੱਠੂਆਂ ਨੇ ਰਾਮ-ਰਾਜ-ਪਰਿਸ਼ਦ ਜਾਂ ਸੁਤੰਤਰ ਪਾਰਟੀ ਜਿਹੇ ਰਾਜਨੀਤਿਕ ਸੰਗਠਨ ਖੜੇ ਕੀਤੇ ਸਨ। ਉਸ ਸਮੇਂ ਵੀ ਸਾਧੂ ਸੰਤਾਂ ਨੂੰ ਜੋ ਕਿ ਭਗਤੀ ਦੇ ਪ੍ਰਤੀਕ ਸਨ ਅਤੇ ਗਿਆਨ ਦੇ ਵਿਰੋਧੀ ਸਨ (ਜਾਂ ਕਹਿ ਲਵੋ ਅਕਲ ਦੇ ਦੁਸ਼ਮਨ ਸਨ) ਭਾਰਤ ਦੇ ਵਿਕਾਸ ਨੂੰ ਰੋਕਣ ਲਈ ਇਸਤੇਮਾਲ ਕੀਤਾ ਗਿਆ ਸੀ। ਨਵੇਂ ਤਰ੍ਹਾਂ ਦੇ ਮੱਧਯੁਗੀਨ **ਭਗਤੀ ਮਾਰਗ** ਅਤੇ **ਗਿਆਨ ਮਾਰਗ** ਵਿਚਕਾਰ ਲੜਾਈ ਚਲ ਰਹੀ ਸੀ। ਸਾਹਿਤ ਵਿਚ ਆਧੁਨਿਕਤਾਵਾਦ ਦੇ ਉਭਰਨ ਦਾ ਇਹੀ ਸਮਾਂ ਸੀ। ਹਿੰਦੀ ਰਚਨਾਵਾਂ 'ਅਸਾਧਿਅ ਵੀਣਾ', ਅੰਧਾਯੁਗ, ਕਲੂਪ੍ਰਿਆ, ਸ਼ੀਸ਼ੇ ਦੀ ਇਕ ਰਾਤ' ਆਦਿ ਦੇ ਪਿਛੇ ਨਵੇਂ ਸੰਦਰਭ ਅਤੇ ਨਵੀਂ ਭਾਸ਼ਾ ਵਿਚ ਪੁਰਾਣੇ ਵਿਚਾਰ ਆਪਣੀ ਡਫਲੀ ਵਜਾ ਰਹੇ ਸਨ। ਸਮਾਜ ਇਹਨਾਂ ਸੱਭ ਦੇ ਲਈ ਭਵਸਾਗਰ ਸੀ। ਆਦਮੀ ਨੂੰ ਉਸ ਤੋਂ ਮੁਕਤ ਹੋ ਕੇ ਆਪਣੀ ਪਹਿਚਾਣ ਬਣਾਉਣੀ ਸੀ, ਸਦੀਆਂ ਤੋਂ ਮਿਲੀ 'ਬ੍ਰਾਹਮਣਵਾਦੀ ਅਹਮਵਾਦੀ' ਵਿਚਾਰਧਾਰਾ ਆਧੁਨਿਕਤਾਵਾਦੀ ਚੋਲਾ ਪਹਿਨ ਕੇ ਆਈ ਸੀ। ਇਹ ਅਚਨਚੇਤ ਨਹੀਂ ਹੈ ਕਿ ਜ਼ਿਆਦਾਤਰ ਆਧੁਨਿਕਤਾਵਾਦੀ ਬਾਦ ਵਿਚ ਧਾਰਮਿਕ ਤੱਤਵਾਦੀ ਬਣ ਗਏ।

ਅੱਜ ਸਾਡੇ ਸਮਾਜ ਵਿਚ ਇਕ ਵਾਰ ਫਿਰ 'ਬ੍ਰਾਹਮਣਵਾਦੀ' 'ਅਹਮਵਾਦੀ' ਵਿਚਾਰ ਪ੍ਰਣਾਲੀ ਨੂੰ ਰਾਜਨੀਤੀ ਅਤੇ ਸਾਹਿਤ ਦੋਵਾਂ ਵਿਚ ਇਸਤੇਮਾਲ ਕਰਨ ਦੀ ਮੁਹਿੰਮ ਚੱਲੀ ਹੋਈ ਹੈ। ਇਕ ਵਾਰ ਫਿਰ ਰਾਮ, ਕ੍ਰਿਸ਼ਨ, ਸ਼ਿਵ ਦੇ ਪ੍ਰਤੀਕਾਂ ਨੂੰ ਅਤੇ ਸਾਧੂ ਸੰਤਾਂ ਸ਼ੰਕਰਾਚਾਰੀਆ ਨੂੰ ਉਸੇ ਤਰ੍ਹਾਂ ਉਭਾਰਿਆ ਜਾ ਰਿਹਾ ਹੈ ਜਿਵੇਂ ਆਧੁਨਿਕਤਾਵਾਦੀ ਦਹਾਕਿਆਂ ਵਿਚ ਸਵਾਮੀ ਕਰਪਾਤਰੀ, ਪ੍ਰਭੂਦੱਤ ਬ੍ਰਹਮਚਾਰੀ ਆਦਿ ਨੂੰ ਉਭਾਰਿਆ ਗਿਆ ਸੀ। ਅੱਜ ਇਕ ਵਾਰ ਫਿਰ ਵਿਵੇਕਵਾਦ ਦੇ ਖਿਲਾਫ ਮੁਹਿੰਮ ਜ਼ੋਰਾਂ 'ਤੇ ਹੈ। ਇਕ ਤਰ੍ਹਾਂ ਨਜ਼ਾਰਾ ਫਿਰ ਮੱਧਯੁਗ ਦੇ ਭਗਤੀ ਮਾਰਗ ਅਤੇ ਗਿਆਨ ਮਾਰਗ ਦੇ ਵਿਚਕਾਰ ਸੰਘਰਸ਼ ਵਰਗਾ ਹੈ। ਅੱਜ ਕੱਲ੍ਹ ਪੱਛਮ ਵਿਚ ਸਾਮਰਾਜਵਾਦੀ ਮਾਲਕਾਂ ਦੇ ਦਾਸ ਬੁੱਧੀਜੀਵੀ ਅਤੀਤ ਦੇ ਉਹਨਾਂ ਤਮਾਮ ਗਲੇ ਸੜੇ ਵਿਚਾਰਾਂ ਨੂੰ ਨਵਾਂ ਮੁਲੰਮਾ ਚੜ੍ਹਾ ਕੇ ਬਜ਼ਾਰ ਵਿਚ ਵੇਚ ਰਹੇ ਹਨ ਜਿਹਨਾਂ ਨੂੰ ਪ੍ਰਗਤੀਗਾਮੀ ਸਮਾਜ ਬਹੁਤ ਪਿਛੇ ਛੱਡ ਚੁੱਕਾ ਹੈ। ਸਾਡੇ ਇਥੇ ਵੀ ਇਕ ਵਾਰ ਫਿਰ ਉਹਨਾਂ ਪ੍ਰਤੀ ਦਾਸਤਾਂ ਜਾਂ ਭਗਤੀਭਾਵ ਦਿਖਾਉਂਦੇ ਹੋਏ ਬ੍ਰਾਹਮਣਵਾਦੀ ਲੇਖਕ ਉਹਨਾਂ ਦੀਆਂ ਟੂਕਾਂ ਅਤੇ ਪਰਿਭਾਸ਼ਾਵਾਂ ਦਾ ਅਖੰਡ ਪਾਠ ਕਰਨ ਵਿਚ ਲੱਗੇ ਹਨ। ਉਹ ਰੋਲਾਂ ਬਾਰਥ ਅਤੇ ਦੇਰੀਦਾ ਦੇ ਹਵਾਲੇ ਨਾਲ ਪਾਠ ਦੀ ਮਹਿਮਾ ਸਾਨੂੰ ਸਿਖਾ ਰਹੇ ਹਨ ਅਤੇ ਇਸ ਪਾਠ ਦੀ ਮਹਿਮਾ ਨੂੰ ਨਵਾਂ ਵਿਚਾਰ ਦੱਸ ਰਹੇ ਹਨ। ਭਗਤੀ ਮਾਰਗੀ ਸਾਧੂ ਮੱਧਯੁਗ ਵਿਚ ਹੀ ਚੀਖ-ਚੀਖ ਕੇ ਕਹਿ ਰਹੇ ਸਨ, ਭਾਇਂ ਕੁ ਭਾਇਂ ਅਨਖ ਆਲਸਹੂੰ ਨਾਮ ਜਪਤ ਮੰਗਲ ਦਿਸਿ ਦਸਹੂੰ''। ਤੁਲਸੀ ਦਾਸ ਦੇ 'ਰਾਮਚਰਿਤਮਾਨਸ ਵਿਚ' ਪਾਠ ਦੀ ਇਸ ਮਹਿਮਾ ਦਾ ਬਖਾਨ

ਸੰਕੜੇ ਵਾਰ ਆਇਆ ਹੈ, ਸੰਤਪੁਰਸ਼ ਨੇ ਇਹ ਵੀ ਕਹਿ ਦਿੱਤਾ ਕਿ 'ਪਾਠ' ਕਰਨ ਨਾਲ ਸੁੱਖ ਸੰਪਤੀ ਵੀ ਮਿਲ ਸਕਦੀ ਹੈ, ਇਸ ਤਰ੍ਹਾਂ 'ਪਾਠ' ਪ੍ਰਕਿਰਿਆ ਨੂੰ ਅੰਧਵਿਸ਼ਵਾਸ਼ ਦੀ ਹੱਦ ਤੱਕ ਪਹੁੰਚਾ ਦਿੱਤਾ। ਅੱਜ ਵੀ ਭਾਰਤ ਦੇ ਹਰ ਗਲੀ, ਮੁਹੱਲੇ ਵਿਚ 'ਅਖੰਡ ਪਾਠ' ਦੀ ਪ੍ਰਕਿਰਿਆ ਅਸੀਂ ਰੋਜ਼ ਵੇਖਦੇ ਹਾਂ ਅਤੇ ਇਸਨੂੰ ਗਿਆਨ ਮਾਰਗੀਆਂ ਨੇ ਵੀ ਅਪਨਾ ਲਿਆ ਹੈ। ਭਾਰਤੀ ਸਮਾਜ ਵਿਚ ਵੈਚਾਰਿਕ ਰੂਪ ਨਾਲ ਗਹਿਰੇ ਖੁਭੇ ਹੋਏ ਬ੍ਰਾਹਮਣਵਾਦ ਦਾ ਹੀ ਇਹ ਇਕ ਹੋਰ ਸਬੂਤ ਹੈ ਕਿ ਉਹ ਗਿਆਨ ਦੇ ਰਾਹ ਨੂੰ ਵੀ 'ਪਾਠ' ਵਿਚ ਬਦਲਕੇ ਅਪੰਗ ਬਣਾ ਸਕਦਾ ਹੈ। ਕਬੀਰ ਨੇ ਪਾਠ ਦੇ ਵਿਰੁੱਧ ਗਿਆਨ ਅਤੇ ਵਿਵੇਕ ਦੇ ਤੂਫਾਨ ਦੀ ਇੱਛਾ ਕੀਤੀ "ਸਾਧੋ ਆਈ ਗਿਆਨ ਕੀ ਆਂਧੀ" ਅਤੇ ਝੂਠ ਦੇ ਖਿਲਾਫ ਜਿਹਾਦ ਦਾ ਡੰਕਾ ਵਜਾ ਦਿੱਤਾ। ਬ੍ਰਾਹਮਣਵਾਦ ਦੇ ਖਿਲਾਫ ਖੜੇ ਹੋ ਕੇ ਚੀਖ-ਚੀਖ ਕੇ ਕਿਹਾ ਕਿ ਯਥਾਰਥ, 'ਪਾਠ' ਤੋਂ ਬਾਹਰ ਹੈ, 'ਪੋਥੀ ਪੜਿ ਪੜਿ ਜਗ ਮੁਆ, ਪੰਡਿਤ ਭਆ ਨਾ ਕੋਇ' ਅੱਜ ਸਾਡੇ ਇਥੋਂ ਦੇ ਸਾਹਿਤ ਦੇ ਸ਼ੰਕਰਾਚਾਰੀਆ ਬਣਨ ਦੇ ਸੁਪਨੇ ਦੇਖਣ ਵਾਲੇ ਉੱਤਰ-ਆਧੁਨਿਕ ਸਮਝ ਵਾਲੇ ਭਾਵੇਂ ਮਾਲਾ ਰੋਲਾਂ ਬਾਰਥ, ਦੇਰੀਦਾ ਅਤੇ ਜਿਆਂ ਫਰਾਂਸਵਾ ਲਿਉਤਾਰ ਦੀ ਜਾਪ ਰਹੇ ਹੋਣ, ਪਰ ਵਿਚਾਰਿਕ ਰੂਪ ਵਿਚ ਉਹ ਕਬੀਰ ਤੋਂ ਵੀ ਪਿਛੇ ਹਨ। ਇਸ ਲਈ ਉਹਨਾਂ ਦੇ ਲੇਖਣ ਦੇ ਤੇਵਰ ਤੁਲਸੀਦਾਸ ਵਾਲੇ ਹੀ ਹਨ "ਸ਼ੂਦਰ ਦਮਿਜਨ ਉਪਦੇਸ਼ਹਿ ਗਿਆਨਾ/ਮੇਲਿ ਜਨੇਊ ਲੇਹਿ ਕੁਦਾਨਾ" ਉਹਨਾਂ ਨੂੰ ਲੱਗਦਾ ਹੈ ਕਿ ਜੇਕਰ ਸ਼ੂਦਰ ਗਿਆਨਵਾਨ ਹੋ ਗਏ, ਪਾਠ ਤੋਂ ਬਾਹਰ ਦਾ ਯਥਾਰਥ ਜਾਣ ਗਏ ਤਾਂ ਸ਼ੰਕਰਾਚਾਰਯਾ ਦਾ ਕੀ ਹੋਵੇਗਾ। ਹਿੰਦੀ ਖੇਤਰਾਂ ਵਿਚ ਦਲਿਤਾਂ ਦੇ ਉਭਾਰ ਨਾਲ ਬ੍ਰਾਹਮਣਵਾਦੀਆਂ ਦੇ ਕੰਨ ਖੜੇ ਹੋ ਗਏ ਹਨ। ਉਹਨਾਂ ਦੇ 'ਵੱਡੇਪਨ' ਨੂੰ ਮੱਧਕਾਲ ਤੋਂ ਬਾਦ ਇਕ ਵਾਰ ਫਿਰ ਚੁਨੌਤੀ ਮਿਲ ਰਹੀ ਹੈ ਇਸ ਲਈ ਉਹ ਉਸੇ ਮੱਧਕਾਲ ਦੇ ਭੂਤ ਨੂੰ ਉੱਤਰ-ਆਧੁਨਿਕਤਾ ਦੇ ਮੁਖੌਟੇ ਵਿਚ ਲਿਆ ਕੇ ਖੜਾ ਕਰ ਰਹੇ ਹਨ। ਰਾਜਨੀਤੀ ਵਿਚ ਸਿੱਧੇ ਸਿੱਧੇ ਰਾਮ, ਕ੍ਰਿਸ਼ਨ, ਸ਼ਿਵ ਆਦਿ ਦੇ ਪ੍ਰਤੀਕਾਂ ਨੂੰ ਟੀ.ਵੀ. ਉੱਤੇ ਰਾਮਾਇਣ ਅਤੇ ਮਹਾਂਭਾਰਤ ਆਦਿ ਸੀਰੀਅਲਾਂ ਦੇ ਮਾਧਿਅਮ ਨਾਲ ਮੱਧਕਾਲ ਦੇ ਵਿਚਾਰਾਂ ਨੂੰ ਪ੍ਰਚਾਰਿਤ ਕਰ ਰਹੇ ਹਨ, ਇਹਨਾਂ ਸਭ ਰਾਹੀਂ ਹਮਲਾ ਵਿਵੇਕਸ਼ੀਲਤਾ ਤੇ ਹੀ ਹੋ ਰਿਹਾ ਹੈ। ਅਜਿਹੇ ਹਾਲਾਤ ਸਾਹਮਣੇ ਗੋਡੇ ਟੇਕ ਦੇਣ ਦੀ ਬ੍ਰਾਹਮਣਵਾਦੀ ਸਲਾਹ ਹੀ ਇਹਨਾਂ ਮਾਧਿਅਮਾਂ ਰਾਹੀਂ ਦਿੱਤੀ ਜਾ ਰਹੀ ਹੈ। ਇਹ ਬਿਨਾਂ ਕਾਰਨ ਹੀ ਨਹੀਂ ਹੈ ਕਿ ਦੁਨੀਆ ਭਰ ਦੇ ਉੱਤਰ-ਆਧੁਨਿਕਤਾਵਾਦੀ ਇੱਕ ਸੁਰ ਤੋਂ ਵਿਵੇਕਵਾਦ ਦੇ ਖਿਲਾਫ ਜਿਹਾਦ ਬੋਲ ਰਹੇ ਹਨ। ਭਾਰਤੀ ਪਰਿਵੇਸ਼ ਵਿਚ ਸ਼ੋਸ਼ਕ ਸ਼ਾਸਕ ਵਰਗਾਂ ਅਤੇ ਜਾਤ ਵਿਵਸਥਾ ਦੇ ਹਿੱਤ ਵਿਚ ਵੀ ਇਹੀ ਹੈ ਕਿ ਸ਼ੂਦਰ (ਪ੍ਰੋਲਤਾਰੀ) ਅਤੇ ਦਲਿਤ ਪਾਠ ਤੋਂ ਬਾਹਰ ਦੇ ਯਥਾਰਥ ਨੂੰ, ਗਿਆਨ ਨੂੰ ਨਾ ਸਮਝ ਸਕਣ, ਉਹ ਅਖੰਡ ਪਾਠ ਵਿਚ ਹੀ ਮਗਨ ਰਹਿਣ ਅਤੇ ਉਹਨਾਂ ਦੇ ਸੁਆਮੀ ਬ੍ਰਾਹਮਣਵਾਦੀ ਅਤੇ ਇਜਾਰੇਦਾਰ ਨੂੰ ਪੂੰਜੀਪਤੀ, ਜ਼ਿਮੀਦਾਰ ਵਰਗ ਆਪਣਾ ਅਧਿਕਾਰ ਕਾਇਮ ਰੱਖਣ।

ਆਧੁਨਿਕਤਾਵਾਦ ਅਤੇ ਉੱਤਰ-ਆਧੁਨਿਕਤਾਵਾਦ ਦੇ ਇਸ ਸਹਿ-ਸੰਬੰਧ ਨੂੰ ਅਤੇ ਉਸਦੇ ਵਰਗਵਾਦੀ ਸਾਰ ਤੱਤ ਨੂੰ ਡਾ: ਜਗਦੀਸ਼ਵਰ ਚਤੁਰਵੇਦੀ ਅਤੇ ਡਾ: ਚੰਦਰਾ ਪਾਡੇ ਨੇ ਆਪਣੀ ਕਿਤਾਬ 'ਆਧੁਨਿਕਤਾਵਾਦ ਅਤੇ ਉੱਤਰ-ਆਧੁਨਿਕਤਾਦ ਵਿਚ ਵਿਸ਼ਲੇਸ਼ਿਤ ਕੀਤਾ ਹੈ। ਇਹਨਾਂ ਲੇਖਕਾਂ ਨੇ ਇਹ ਠੀਕ ਹੀ ਕਿਹਾ ਹੈ ਕਿ ਉੱਤਰ-ਆਧੁਨਿਕਤਾਵਾਦ ਅਸਲ ਵਿਚ ਆਧੁਨਿਕਤਾਵਾਦ ਦਾ ਹੀ ਚਰਮ ਵਿਕਾਸ ਹੈ। (ਸਫਾ 56) ਪਰ ਆਧੁਨਿਕਤਾਵਾਦ ਨੂੰ ਜਦੋਂ ਇਹ ਲੇਖਕ ਛਾਇਆਵਾਦ



ਤੋਂ ਸ਼ੁਰੂ ਹੋਇਆ ਮੰਨਦੇ ਹਨ ਤਾਂ ਗਲਤੀ ਕਰ ਰਹੇ ਹੁੰਦੇ ਹਨ। ਅਧੁਨਿਕਤਾ ਅਤੇ ਆਧੁਨਿਕਤਾਵਾਦ ਵਿਚ ਫਰਕ ਕਰਨਾ ਚਾਹੀਦਾ ਹੈ। ਭਾਰਤ ਦੇ ਮੁਕਤੀ ਸੰਘਰਸ਼ ਦੇ ਸੇਕ ਤੋਂ ਪੈਦਾ ਹੋਇਆ ਛਾਇਆਵਾਦ ਆਪਣੀ ਵਿਚਾਰਧਾਰਾ ਵਿਚ ਪ੍ਰਗਤੀਵਾਦੀ ਸਾਹਿਤ ਹੀ ਸੀ ਕਿਉਂਕਿ ਉਹ ਭਾਰਤੀ ਸਮਾਜ ਦੀ ਆਜ਼ਾਦੀ ਦੀ ਮੰਜ਼ਲ ਨਾਲ ਜੁੜਿਆ ਹੋਇਆ ਸੀ। ਆਧੁਨਿਕਤਾਵਾਦ ਇਕ ਉੱਨਤੀ-ਵਿਰੋਧੀ ਸਾਹਿਤਕ ਅਤੇ ਸੱਭਿਆਚਾਰਕ ਵਿਚਾਰਧਾਰਾ ਹੈ ਜਿਹੜੀ ਸਾਡੇ ਇਥੇ ਛੇਵੇਂ ਦਹਾਕੇ ਵਿਚ ਵੱਧੀ ਫੱਲੀ ਅਤੇ ਜਿਸਨੂੰ 'ਕਾਂਗਰੇਸ ਫਾਰ ਕਲਚਰਲ ਫਰੀਡਮ' ਦੇ ਰਾਹੀਂ ਸ਼ੀਤ ਯੁੱਧ ਦੀ ਰਾਜਨੀਤੀ ਦੇ ਤਹਿਤ ਭਾਰਤ ਦੇ ਨਵੇ਼ ਲੇਖਕਾਂ ਅਤੇ ਬੁੱਧੀਜੀਵੀਆਂ ਦੇ ਵਿਚਕਾਰ ਪ੍ਰਚਾਰਿਤ ਕੀਤਾ ਗਿਆ ਸੀ ਕਿਉਂਕਿ ਉਸਦੇ ਲਈ ਸਾਡੇ ਇਥੇ ਸਮਾਜ਼ਿਕ ਮਾਹੌਲ ਵੀ ਬਣਿਆ ਹੋਇਆ ਸੀ ਜਦੋਂ ਇਸ ਕਿਤਾਬ ਦੇ ਲੇਖਕ ਲਿਖਦੇ ਹਨ ਕਿ 'ਨਵੀਂ ਕਵਿਤਾ ਪ੍ਰਯੋਗਵਾਦ ਦਾ ਸਰੋਤ ਛਾਇਆਵਾਦੀ ਰਚਨਾਵਾਂ ਵਿਚ ਹੀ ਹੈ ਤਾ ਉਹ ਵਰਗ-ਵਿਵੇਕ ਤੋਂ ਕੰਮ ਨਾ ਲੈ ਕੇ ਉਸ ਸਭ ਤੋਂ ਵੱਧ ਮਹੱਤਵ-ਪੂਰਨ ਵਿਭਾਜਕ ਰੇਖਾ ਨੂੰ ਭੁੱਲ ਜਾਂਦੇ ਹਨ ਜਿਸ ਨੂੰ 15 ਅਗਸਤ 1947 ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਜਿਸਨੂੰ ਇਹ ਆਜ਼ਾਦੀ ਝੂਠੀ ਹੈ 'ਕਹਿ ਕੇ ਨਕਾਰਨ ਦੀ ਇਕ ਗਲਤ ਕੋਸ਼ਿਸ਼ ਉਹਨਾਂ ਦਿਨਾਂ ਵਿਚ ਕਮਿਊਨਿਸਟ ਪਾਰਟੀ ਨੇ ਵੀ ਕੀਤੀ ਸੀ, ਪਰ ਛੇਤੀ ਹੀ ਇਸ ਭੁੱਲ ਨੂੰ ਸੁਧਾਰ ਲਿਆ ਗਿਆ ਸੀ। ਸੱਚਾਈ ਇਹ ਹੈ ਕਿ ਆਧੁਨਿਕਤਾਵਾਦ ਅਜ਼ਾਦੀ ਦੇ ਦੌਰ ਦੀਆਂ ਕਦਰਾਂ ਦਾ ਨਿਸ਼ੇਧ ਕਰਨ ਵਾਲੀ ਵਿਚਾਰ ਪ੍ਰਣਾਲੀ ਬਣ ਕੇ ਸਾਹਮਣੇ ਆਇਆ ਸੀ, ਜਦੋਂ ਕਿ ਛਾਇਆਵਾਦ ਮੁਕਤੀ ਦੀ ਕਾਮਨਾ ਉਜਾਗਰ ਕਰਨ ਵਾਲਾ ਸਾਹਿਤ ਸੀ, ਪ੍ਰਗਤੀਵਾਦ ਉਸੇ ਦਾ ਵਿਸਤਾਰ ਸੀ, ਅਜਿਹਾ ਨਹੀਂ ਸੀ ਕਿ ਉਸ ਯੁੱਗ ਦੇ ਸਾਹਤ ਵਿਚ ਵਰਗਾਂ ਵਿਚ ਅੰਤਰ-ਵਿਰੋਧ ਨਹੀਂ ਸੀ ਪਰ ਉਸ ਸਮੇਂ ਉਹ ਇੱਕ ਹੀ ਧਾਰਾ ਵਿਚ ਰਚੇ ਬਸੇ ਹੋਏ ਸਨ। ਉਸਦੇ ਆਦਰਸ਼ਾਂ ਅਤੇ ਕਦਰਾਂ ਕੀਮਤਾਂ ਦਾ ਖੰਡਨ ਆਧੁਨਿਕਤਾਵਾਦ ਦੀ ਅੰਹਵਾਦੀ-ਵਿਅਕਤੀ-ਕੇਂਦਰਿਤ ਵਿਚਾਰਧਾਰਾ ਨੇ ਕੀਤਾ।

ਆਧੁਨਿਕਤਾਵਾਦ ਨੇ ਸਾਡੇ ਇਥੇ ਹੀ ਨਹੀਂ ਪੱਛਮ ਵਿਚ ਵੀ ਫਰਾਂਸ ਦੀ ਕ੍ਰਾਂਤੀ ਦੇ ਪ੍ਰੇਰਕ ਜਨਵਾਦੀ ਕਦਰਾਂ ਕੀਮਤਾਂ ਦੇ ਖਿਲਾਫ ਵੈਚਾਰਿਕ ਸੰਘਰਸ਼ ਛੇੜਿਆ ਸੀ। ਉੱਤਰ-ਆਧੁਨਿਕਤਾਵਾਦੀ ਉਹਨਾਂ ਤੋਂ ਵੀ ਚਾਰ ਕਦਮ ਪਿਛੇ ਜਾ ਕੇ ਨਵ-ਜਾਗਰਣ ਦੀਆਂ ਕਦਰਾਂ ਕੀਮਤਾਂ ਦੇ ਵਿਰੁੱਧ ਪੂਰੀ ਗਿਆਨਧਾਰਾ ਦੀਆਂ ਉਹਨਾਂ ਕਦਰਾਂ ਕੀਮਤਾਂ ਦੇ ਖਿਲਾਫ ਖਲੋਤੇ ਹਨ ਜਿਹਨਾਂ ਨੂੰ ਪੂੰਜੀਵਾਦ ਨੇ ਆਪਣੇ ਉਪਜਣ ਦੇ ਨਾਲ ਹੀ ਪੈਦਾ ਕੀਤਾ ਸੀ। ਸਾਡੇ ਇਥੇ ਵੀ ਇਹ ਹੈਰਾਨ ਕਰ ਦੇਣ ਵਾਲਾ ਸੰਯੋਗ ਹੈ ਕਿ ਉੱਤਰ-ਆਧੁਨਿਕਤਾਵਾਦ ਦਾ ਦਿਨ ਰਾਤ ਪਾਠ ਕਰਨ ਵਾਲੇ ਰਾਜਸਥਾਨ ਵਿਚ ਕੁਝ ਸਾਲ ਪਹਿਲਾਂ ਹੋਈ ਸਤੀ ਪ੍ਰਥਾ ਦੀ ਆੜ ਵਿਚ ਰੂਪ ਕੰਵਰ ਦੀ ਹੱਤਿਆ ਦੇ ਪੱਖ ਵਿਚ ਖੜੇ ਹੋ ਕੇ ਰਾਜਾਰਾਮ ਮੋਹਨ ਰਾਏ ਦੇ ਸਮੇਂ ਦੀਆਂ ਮਾਨਵੀ ਕਦਰਾਂ ਕੀਮਤਾਂ ਨੂੰ ਤੋੜ ਰਹੇ ਸਨ। ਉੱਤਰ-ਆਧੁਨਿਕਤਾ ਦੇ ਇਸ ਚਰਿੱਤਰ ਨੂੰ ਜਗਦੀਸ਼ਵਰ ਚਤੁਰਵੇਦੀ ਅਤੇ ਚੰਦਰ ਪਾਂਡੇ ਨੇ ਸਹੀਂ ਪਹਿਚਾਣਿਆ ਹੈ। ਉਹਨਾਂ ਰਾਜਨੀਤੀ ਵਿਚ ਇਸ ਪ੍ਰਵਿਰਤੀ ਨੂੰ ਨਕਸਲਵਾਦੀਆਂ ਵਿਚ ਵੇਖਿਆ ਅਤੇ ਲਿਖਿਆ : ਇਸ ਅਰਥ ਵਿਚ ਉਹ ਉੱਤਰ-ਆਧੁਨਿਕਤਾ ਦੇ ਰਾਜਨੀਤੀ ਵਿਚ ਭਾਰਤੀ ਸੰਸਕਰਣ ਹਨ। ਭਾਰਤੀ ਰਾਸ਼ਟਰੀ ਜਾਗਰਣ ਦੀਆਂ ਪ੍ਰਾਪਤੀਆਂ ਦੇ ਰੂਪ ਵਿਚ ਰਾਜਾਰਾਮ ਮੋਹਨ

ਹਾਏ ਅਤੇ ਈਸ਼ਵਰ ਚੰਦਰ ਵਿਦਿਆ ਸਾਗਰ ਦੇ ਚੰਗੇ ਕੰਮਾਂ ਨੂੰ ਨਾ ਮਨਜ਼ੂਰ ਕਰਦੇ ਹਨ।...
(ਸਫ਼ਾ 20)

ਲੇਕਿਨ ਇਸ ਪੁਸਤਕ ਦੇ ਲੇਖਕਾਂ ਨੂੰ ਖ਼ੁਦ ਇਸ ਗਲਤੀ ਦਾ ਅਹਿਸਾਸ ਨਹੀਂ ਹੈ ਕਿ ਆਜ਼ਾਦੀ ਦੇ ਦੌਰ ਦੇ ਸਾਹਿਤ, ਖਾਸਕਰ ਛਾਇਆਵਾਦ ਨੂੰ ਆਧੁਨਿਤਾਵਾਦ ਦੇ ਖਾਤੇ ਵਿਚ ਪਾ ਕੇ ਇਹ ਉਹੀ ਕੰਮ ਕਰ ਰਹੇ ਹਨ ਜਿਹੜਾ ਉੱਤਰ-ਆਧੁਨਿਕਤਾਵਾਦੀ ਅਤੇ ਨਕਸਲਵਾਦੀ ਕਰਦੇ ਰਹੇ ਹਨ। ਇਸ ਕਿਤਾਬ ਦੇ ਪਹਿਲੇ ਹੀ ਸਫ਼ੇ ਤੇ ਲੇਖਕ ਦੀ ਇੱਕ ਕਮਜ਼ੋਰੀ ਸਾਹਮਣੇ ਆ ਜਾਂਦੀ ਹੈ ਉਹ ਹੈ ਰਾਸ਼ਟਰੀ ਜਾਗਰਣ ਦੇ ਵਰਗਵਾਦੀ ਅਧਾਰ ਨੂੰ ਅਣਵੇਖਿਆ ਕਰਨਾ। ਪਹਿਲੇ ਹੀ ਪੈਰੇ ਵਿਚ "ਮੁਦਰਣ ਤਕਨੀਕ ਦੇ ਵਿਆਪਕ ਪ੍ਰਯੋਗ" ਨਾਲ ਹੀ ਸਾਰੇ ਪਰਿਵਰਤਨਾਂ ਨੂੰ ਵੇਖਿਆ ਗਿਆ ਹੈ। ਇਸ ਨਾਲ ਇਸ ਭਰਮ ਦੀ ਗੁੰਜਾਇਸ਼ ਹੈ ਕਿ ਸਿਰਫ਼ ਨਵੇਂ ਉਤਪਾਦਨ ਔਜ਼ਾਰ ਜਾਂ ਤਕਨੀਕ ਪਰਿਵਰਤਨ ਦੇ ਅਧਾਰ ਭੂਤ ਕਾਰਕ ਹਨ ਜਦੋਂ ਕਿ ਇਹ ਅਧੂਰਾ ਸੱਚ ਹੈ, ਉਤਪਾਦਨ ਸਾਧਨ ਦੇ ਨਾਲ ਉਤਪਾਦਨ ਸੰਬੰਧ ਤੇ ਨਜ਼ਰ ਰੱਖੇ ਬਿਨਾਂ ਗਲਤ ਨਤੀਜੇ ਕੱਢ ਸਕਦੇ ਹਾਂ, ਜਿਹੜੇ ਕਿ ਨਿਕਲੇ ਵੀ ਹਨ। ਉੱਤਰੀ ਕੋਰੀਆਂ ਅਤੇ ਦੱਖਣੀ ਕੋਰੀਆ ਵਿਚ ਉਤਪਾਦਨ ਦੇ ਸਾਧਨ ਇਕ ਹੀ ਹਨ, ਪਰ ਉਤਪਾਦਨ ਸੰਬੰਧ ਅਲਗ-ਅਲਗ ਹਨ ਇਸ ਲਈ ਦੋ ਭਿੰਨ ਸਮਾਜ ਹਨ ਉਹਨਾਂ ਦੇ ਯਥਾਰਥ ਵੱਖ ਹਨ। ਲੇਖਕ ਨੇ ਪੂਰੇ ਪੈਰ੍ਹੇ ਵਿਚ ਕਿਤੇ ਵੀ ਰੇਖਾਂਕਿਤ ਨਹੀਂ ਕੀਤਾ ਕਿ ਉਨ੍ਹੀਵੀਂ ਸਦੀ ਵਿਚ ਭਾਰਤ ਵਿਚ ਉਦਯੋਗਿਕ ਪੂੰਜੀਪਤੀ ਵਰਗ ਪੈਦਾ ਹੋ ਗਿਆ ਸੀ ਅਤੇ ਉਸੇ ਦੇ ਨਾਲ ਨਵੇਂ ਗਿਆਨ ਵਿਗਿਆਨ ਜਿਸਦੀ ਉਸ ਵਰਗ ਨੂੰ ਸਖਤ ਜ਼ਰੂਰਤ ਸੀ, ਹੋਂਦ ਵਿਚ ਆਏ, ਮੁਦਰਣ ਤਕਨੀਕ ਵੀ ਉਸੇ ਦੇ ਹਿੱਤ ਸਾਧਨ ਦੇ ਲਈ ਵਜੂਦ ਵਿਚ ਆਈ ਜਿਸਨੇ ਕਾਰਨ ਸਾਨੂੰ ਸਾਰੇ ਪਰਿਵਰਤਨ ਦਿਖਾਈ ਦਿੰਦੇ ਹਨ। ਅੱਜ ਦੇ ਉੱਤਰ-ਆਧੁਨਿਕਤਾਵਾਦੀ ਵੀ ਸਿਰਫ਼ ਨਵੀਂ ਤਕਨੀਕ ਦੀ ਗੱਲ ਕਰਦੇ ਹਨ। ਇਹ ਨਹੀਂ ਦੱਸਦੇ ਕਿ ਉਸ ਤਕਨੀਤ ਦੇ ਭੌਤਿਕ ਸਾਧਨਾਂ 'ਤੇ ਕਬਜ਼ਾ ਕਿਸਦਾ ਹੈ, ਇਸ ਲਈ ਅਧੂਰੇ ਸੱਚ ਦੇ ਮਾਧਿਅਮ ਨਾਲ ਯਾਨੀ ਸਿਰਫ਼ ਇਕ ਅੱਖ ਨਾਲ ਸਿਰਫ਼ ਇਕ ਤਰਫ਼ ਦਾ ਬਜ਼ਾਰ ਹੀ ਵੇਖਦੇ ਹਨ।

ਇਸ ਲਈ ਅਧੂਰੇ ਸੱਚ ਰਾਹੀਂ ਅਰਥਾਤ ਇੱਕ ਅੱਖ ਨਾਲ ਸਿਰਫ਼ ਇੱਕ ਪਾਸੇ ਦਾ ਹੀ ਬਜ਼ਾਰ ਵੇਖਦੇ ਹਨ ਅਤੇ ਗਰਦਨ ਨੂੰ ਘੁੰਮਾ ਕੇ ਵੇਖਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਹੈ, ਲਕਵੇ ਦੇ ਕਾਰਨ ਨਹੀਂ, ਭੂਤ ਚੰਮੜਣ ਦੇ ਕਾਰਨ। ਆਪਣੇ ਨਜ਼ਰੀਏ ਦੇ ਇਸ ਅਧੂਰੇਪਨ ਦੇ ਕਾਰਣ ਜਿਥੇ ਇੱਕ ਪਾਸੇ ਅਜ਼ਾਦੀ ਦੇ ਦੌਰ ਦੇ ਸਾਹਿਤ ਵਿਚ ਸਾਮੰਤਵਾਦ, ਸਾਮਰਾਜਵਾਦ ਅਤੇ ਪੂੰਜੀਵਾਦ ਦੇ ਪ੍ਰਤੀ ਨਫਰਤ ਦਾ ਭਾਵ ਹੈ। ਇਹ ਵੱਡੀ ਪ੍ਰਾਪਤੀ ਹੈ...(ਸਫ਼ਾ 3), ਉਥੇ ਹੀ ਇਹ ਵੀ ਕਹਿੰਦੇ ਹਨ ਕਿ "ਆਧੁਨਿਕਤਾਵਾਦ ਦਾ ਆਰੰਭ ਛਾਇਆਵਾਦੀ ਦੌਰ ਵਿਚ ਹੁੰਦਾ ਹੈ (ਉਹੀ ਸਫ਼ਾ 3)। ਨਾਂ ਤਾਂ ਪਹਿਲਾ ਨਿਸ਼ਕਰਮ ਹੀ ਸਹੀ ਹੈ ਅਤੇ ਨਾ ਦੂਜਾ ਹੀ। ਜੇਕਰ ਉਸ ਦੌਰ ਦਾ ਸਾਹਿਤ ਸਾਮੰਤਵਾਦ ਦੇ ਵਿਰੁੱਧ ਹੈ, (ਜਿਸਨੂੰ ਲੇਖਕਾਂ ਨੇ ਆਪ ਹੀ ਸ਼ੁਰੂ ਵਿਚ ਨਾ ਮਨਜ਼ੂਰ ਕਰ ਦਿੱਤਾ ਹੈ) ਸਾਮਰਾਜਵਾਦ ਦੇ ਵਿਰੁੱਧ ਵੀ ਹੈ ਤਾਂ ਫਿਰ ਉਸ ਸਾਹਿਤ ਨੂੰ ਸਮਾਜਵਾਦੀ ਯਥਾਰਥਵਾਦੀ ਕਹਿਣਾ ਚਾਹੀਦਾ ਹੈ, ਫਿਰ ਘਾਟ ਕੀ ਰਹਿ ਗਈ। ਓਏ ! ਕਾਮਰੇਡ, ਇਹ ਮਾਰਕਸਵਾਦੀ ਪਰਿਪੇਖ ਨਹੀਂ ਹੈ ਜਦੋਂ ਕਿ ਇਸ ਅਧਿਆਇ ਦਾ ਮੁੱਖਬੰਦ ਤੁਸਾਂ ਜੋ ਦਿੱਤਾ ਹੈ, ਉਹ ਹੈ, "ਆਧੁਨਿਕਤਾਵਾਦ ਦਾ ਮਾਰਕਸਵਾਦੀ ਪਰਿਪੇਖ"।



ਪਰਿਪੇਖ ਦੀ ਇਸੇ ਕੰਮਜ਼ੋਰੀ ਦੇ ਕਾਰਨ ਉੱਤਰ-ਆਧੁਨਿਕਤਾਵਾਦ ਦੇ ਖਾਤੇ ਵਿਚ "ਜਾਦੂਈ ਯਥਾਰਥਵਾਦ ਨੂੰ ਘਸੀਟ ਲਿਆ ਹੈ। ਬਦਕਿਸਮਤੀ ਨਾਲ ਹਿੰਦੀ ਆਲੋਚਨਾ ਦੇ ਖੇਤਰ ਵਿਚ "ਜਾਦੂਈ ਯਥਾਰਥਵਾਦ" ਦਾ ਸਭ ਤੋਂ ਪਹਿਲਾ ਇਸਤੇਮਾਲ ਮੈਂ ਹੀ ਕੀਤਾ ਸੀ ਅਤੇ ਉਸਤੇ ਵਿਸਤਾਰ ਨਾਲ ਮੈਂ ਹੀ ਲਿਖਿਆ ਸੀ। ਹਿੰਦੀ ਕਥਾ ਸਾਹਿਤ ਵਿਚ ਜਾਦੂਈ ਯਥਾਰਥਵਾਦ ਦਾ ਇਸਤੇਮਾਲ ਇਕ ਤਕਨੀਕ ਦੇ ਰੂਪ ਵਿਚ ਉਸੇ ਤਰ੍ਹਾਂ ਹੋਇਆ ਹੈ, ਜਿਸ ਤਰ੍ਹਾਂ ਲਾਤੀਨੀ, ਅਮਰੀਕੀ ਦੇਸ਼ਾਂ ਵਿਚ ਸਾਮਰਾਜਵਾਦ ਦੇ ਵਿਰੁਧ ਉਥੋਂ ਦੀ ਰਚਨਾਸ਼ੀਲਤਾ ਵਿਚ ਹੋਇਆ ਹੈ। ਤਕਨੀਕ ਦਾ ਇਸਤੇਮਾਲ ਸ਼ੋਸ਼ਕ ਵੀ ਕਰਦੇ ਹਨ ਅਤੇ ਸ਼ੋਸਿਤ ਵੀ। ਹਿੰਦੀ ਕਹਾਣੀ ਵਿਚ ਜੋ ਪ੍ਰਯੋਗ ਹੋਏ ਹਨ ਉਹ ਯਕੀਕਨ ਜਨਵਾਦੀ ਕਦਰਾਂ ਕੀਮਤਾਂ ਨੂੰ ਬਿਆਨ ਕਰਨ ਵਾਲੇ ਪ੍ਰਯੋਗ ਹਨ। ਇਸ ਲਈ ਤਕਨੀਕ ਨੂੰ ਵਿਚਾਰਧਾਰਾ ਬਣਾ ਦੇਣਾ ਠੀਕ ਨਹੀਂ ਹੈ। ਇਕ ਪਾਸੇ ਤਾਂ ਜਗਦੀਸ਼ਵਰ ਚਤੁਰਵੇਦੀ ਲਿਖਦੇ ਹਨ ਕਿ, "ਟੈਲੀਵਿਜ਼ਨ ਦੇ ਮਾਧਿਅਮ ਰਾਹੀਂ ਮਨੋਰੰਜਨ ਦੇ ਹੜ੍ਹ ਨੇ ਲੇਖਕਾਂ, ਰੰਗ ਕਰਮੀਆਂ ਅਤੇ ਸੰਸਕ੍ਰਿਤੀ ਕਰਮੀਆਂ ਲਈ ਨਵੀਆਂ ਚੁਨੌਤੀਆਂ ਪੈਦਾ ਕਰ ਦਿੱਤੀਆਂ ਹਨ। ਉਹਨਾਂ ਨੂੰ ਮਨੋਰੰਜਨ ਦੀ ਧਾਰਨਾਂ ਤੇ ਵਿਚਾਰ ਕਰਨਾ ਚਾਹੀਦਾ ਹੈ।" (ਸਫ਼ਾ 196) ਦੂਜੇ ਪਾਸੇ ਉਸ ਜਾਦੂਈ ਯਥਾਰਥਵਾਦ ਨੂੰ ਖਾਰਿਜ ਕਰਦੇ ਹਨ ਜਿਸਨੇ ਉਹਨਾਂ ਦੇ ਇਸ ਹੁਕਮ ਨੂੰ ਮੰਨਣ ਦੀ ਕੋਸ਼ਿਸ਼ ਕੀਤੀ ਹੈ। ਦਰਅਸਲ ਇਸਨੂੰ ਖਾਰਿਜ ਕਰਨ ਦੇ ਪਿੱਛੇ ਵੀ ਉਸੇ ਵਰਗੀ ਨਜ਼ਰੀਏ ਦੀ ਘਾਟ ਕੰਮ ਕਰ ਰਹੀ ਹੈ ਜੋ ਤਕਨੀਕ ਨੂੰ ਵੀ ਸ਼ਕਤੀਸ਼ਾਲੀ ਅਤੇ ਨਿਆਮਕ ਮੰਗਦਾ ਹੈ। ਕੌਣ ਉਸ ਤਕਨੀਕ ਦਾ ਪ੍ਰਯੋਗ ਕਰ ਰਿਹਾ ਹੈ। ਇਸ ਗਲ ਨੂੰ ਨਜ਼ਰਾਂ ਤੋਂ ਓਹਲੇ ਕਰ ਦਿਤਾ ਗਿਆ ਹੈ। ਉੱਤਰ ਆਧੁਨਿਕਤਾ ਕੋਈ ਤਕਨੀਕ ਨਹੀਂ ਹੈ। ਕੋਈ ਸ਼ੈਲੀ ਨਹੀਂ ਹੈ, ਇਕ ਵਿਚਾਰਧਾਰਾ ਹੈ, ਜਿਸਦਾ ਵਰਗੀ ਅਧਾਰ ਅਤੇ ਵਰਗੀ ਸੁਆਰਥ ਹੈ, ਇਕ ਵਰਗੀ ਉਦੇਸ਼ ਹੈ। ਜਾਦੂਈ ਯਥਾਰਥਵਾਦ ਕਥਾ ਸਾਹਿਤ ਦੀ ਇਕ ਨਵੀਂ ਤਕਨੀਕ ਹੈ। ਦੋਵਾਂ ਦਾ ਰੋਲਘਚੋਲ ਕਰਨਾ ਠੀਕ ਨਹੀਂ ਹੈ।

ਜਗਦੀਸ਼ਵਰ ਚਤੁਰਵੇਦੀ ਨੇ ਇਕ ਚੰਗਾ ਕੰਮ ਇਹ ਕੀਤਾ ਹੈ ਕਿ ਸਾਰ ਰੂਪ ਵਿਚ ਵੱਖ-ਵੱਖ ਚਰਚਿਤ ਵਿਚਾਰਕਾਂ ਦੇ ਸਿਧਾਂਤ ਕੱਚੇ-ਪੱਕੇ ਰੂਪ ਵਿਚ ਇਸ ਕਿਤਾਬ ਵਿਚ ਦਰਜ ਕਰ ਦਿੱਤੇ ਹਨ। ਕਿਤਾਬ ਵਿਚ ਨਵੇਂ ਸੰਚਾਰ ਮਾਧਿਅਮ ਖਾਸ ਕਰ ਟੈਲੀਵਿਜ਼ਨ ਅਤੇ ਰੇਡਿਓ ਦੇ ਵਿਚਾਰਧਾਰਾਈ ਪੱਖਾਂ ਦਾ ਵਿਵੇਕਪੂਰਨ ਵਿਸ਼ਲੇਸ਼ਣ ਪੇਸ਼ ਹੋਇਆ ਹੈ। ਪੱਛਮ ਦੇ ਵਿਦਵਾਨਾ ਦੇ ਮੱਤਾਂ ਦਾ ਵਧੇਰੇ ਹਵਾਲਾ ਦੇਂਦਿਆਂ ਹੋਇਆਂ ਇਕ ਆਲੋਚਨਾਤਮਕ ਵਿਵੇਚਨ ਕੀਤਾ ਗਿਆ ਹੈ ਜੋ ਕਾਫੀ ਸੂਚਨਾ ਦੇਣ ਵਾਲਾ ਹੈ। ਉੱਤਰ-ਆਧੁਨਿਕਤਾ ਦੇ ਵਰਗੀ ਸਾਰ ਤੱਤ ਦੀ ਪਛਾਣ ਵੀ ਕਾਫੀ ਹੱਦ ਤੱਕ ਠੀਕ ਹੈ। ਕਿਤਾਬ ਬੜੀ ਹੜਬੜੀ ਨਾਲ ਛੱਪੀ ਲੱਗਦੀ ਹੈ ਜਿਸ ਨਾਲ ਕੁਝ ਸਾਫ ਦਿਖਾਈ ਦੇਣ ਵਾਲੀਆਂ ਗਲਤੀਆਂ ਰਹਿ ਗਈਆਂ ਹਨ। ਲਿਉਤਾਰ ਨੂੰ ਇਕ ਹੀ ਸਫ਼ੇ ਤੇ ਲਿਉਤਾ ਲਿਖਿਆ ਗਿਆ ਹੈ। ਕਈ ਧਾਰਨਾਵਾਂ ਵਿਚ ਦੋਹਰਾਵ ਹੈ। ਇਹ ਦੋਹਰਾਵ ਗੈਰਜ਼ਰੂਰੀ ਸੀ। ਫਿਰ ਵੀ ਹਿੰਦੀ ਦੇ ਉਹਨਾਂ ਪਾਠਕਾਂ ਲਈ ਇਹ ਕਿਤਾਬ ਜ਼ਰੂਰੀ ਹੈ ਜੋ ਉੱਤਰ ਆਧੁਨਿਕਤਾ ਦੀ ਵਾਕਫੀਅਤ ਚਾਹੁੰਦੇ ਹਨ।

ਆਧੁਨਿਕਤਾਵਾਦ ਦੇ ਵਿਸ਼ੇ ਵਿਚ ਇਕ ਗੱਲ ਹੋਰ ਜੋੜ ਦਿਆਂ। ਮਾਰਕਸਵਾਦ ਨੂੰ ਕਾਫੀ ਸਮੇਂ ਤੋਂ ਨਕਾਰਣ ਤੋਂ ਬਾਦ ਹੁਣ ਪੱਛਮ ਵਿਚ ਕੁਝ ਪਾਠਵਾਦੀ ਉੱਤਰ ਆਧੁਨਿਕ ਸੱਜਣ ਮਾਰਕਸ-ਵਾਦ ਨਾਲ ਖ਼ੁਦ ਨੂੰ ਜੋੜਨ ਲੱਗ ਪਏ ਹਨ। ਇਹਨਾਂ ਵਿਚ ਦੇਰੀਦਾ ਦਾ ਨਾਂ ਮੁੱਖ ਹੈ। ਲਿਉਤਾਰ ਨੇ ਵੀ 1989 ਵਿਚ ਲਿਖੇ ਆਪਣੇ ਲੇਖ ਵਿਚ ਮਾਰਕਸਵਾਦ ਦੀ ਪ੍ਰਾਸੰਗਿਕਤਾ ਨੂੰ ਸਵੀਕਾਰ ਕੀਤਾ ;

ਹੈ ਜਦਕਿ ਦਸ ਸਾਲ ਪਹਿਲਾਂ ਇਹ ਸਮੁੱਚੇ ਗਿਆਨ ਵਿਗਿਆਨ ਨੂੰ ਵਿਅਰਥ ਕਹਿ ਰਿਹਾ ਸੀ। ਦੇਰੀਦਾ ਵੀ ਸਮੁੱਚੇ ਗਿਆਨ ਸਾਧਨਾਂ ਨੂੰ ਨਕਾਰਦੇ ਰਹੇ ਸਨ ਪਰ ਅਚਾਨਕ 1994 ਵਿਚ ਉਹਨਾਂ ਨੇ ਮਾਰਕਸ ਨੂੰ ਆਪਣਾ ਪਿਓ ਬਣਾ ਲਿਆ ਅਤੇ ਪਿਤਾ-ਰਿਣ ਤੋਂ ਛੁਟਕਾਰਾ ਪਾਉਂਦਿਆਂ ਕਸਮਾਂ ਖਾਣ ਲੱਗ ਪਏ। ਇਸ ਲਈ ਉਹਨਾਂ ਨੇ ਸ਼ੈਕਸਪੀਅਰ ਦੇ ਮਸ਼ਹੂਰ ਨਾਟਕ "ਹੈਮਲੈਟ" ਦਾ ਇਹ ਰੂਪਕ ਪੇਸ਼ ਕੀਤਾ, ਜਿਸ ਵਿਚ ਹੈਮਲੈਟ ਦੇ ਪਿਤਾ ਦਾ ਭੂਤ ਆਪਣੇ ਪੁੱਤਰ ਨੂੰ ਸੌਂਹ ਖਾਣ ਲਈ ਕਹਿੰਦਾ ਹੈ ਕਿ ਉਹ ਕਾਤਲ ਕਲਾਡਿਅਸ ਤੋਂ ਬਦਲਾ ਲਵੇ। ਇਸ ਰੂਪਕ ਵਿਚ ਦੇਰੀਦਾ ਆਪਣੀ ਪੁਰਾਣੀ ਮਾਨਤਾ ਨੂੰ ਬਰਕਰਾਰ ਰੱਖਦੇ ਹਨ, ਅਰਥਾਤ ਉਹਨਾਂ ਲਈ ਮਾਰਕਸਵਾਦ ਦੀ ਹੱਤਿਆ ਹੋ ਚੁੱਕੀ ਹੈ, ਜਿਵੇਂ ਲਿਉਤ ਰ ਲਈ ਸਾਰੇ ਗਿਆਨ ਵਿਗਿਆਨ ਵਿਅਰਥ ਹੋ ਚੁੱਕੇ ਹਨ। ਸਦੀਆਂ ਤੋਂ ਪ੍ਰਾਪਤ ਮਨੁੱਖੀ ਗਿਆਨ ਦਾ ਅੰਤ ਹੀ ਇਨ੍ਹਾਂ ਵਿਚਾਰਕਾਂ ਨੂੰ ਸੁਝਦਾ ਹੈ। ਦੇਰੀਦਾ ਦੇ ਨਕਲੀ ਹੰਝੂਆਂ ਦਾ ਬਹੁਤ ਵਧੀਆ ਜੁਆਬ ਏਜਾਜ਼ ਅਹਿਮਦ ਨੇ ਬਿਨਾਂ ਦੇਰ ਕੀਤੇ ਯੂਰਪ ਵਿਚ ਹੀ ਆਪਣੇ ਇਕ ਭਾਸ਼ਣ ਵਿਚ ਦੇ ਦਿੱਤਾ ਹੈ। ਦੇਰੀਦਾ ਦੇ ਵਿਆਖਿਆਨ ਦਾ ਅੰਗ੍ਰੇਜ਼ੀ ਅਨੁਵਾਦ 'ਨਿਊ ਲੈਫਟ ਰਿਵਿਊ' ਨੰ: 205 (ਮਈ, ਜੂਨ 1994) ਵਿਚ ਛੱਪਿਆ ਸੀ। ਏਜਾਜ਼ ਅਹਿਮਦ ਨੇ ਜੂਨ 1994 ਨੂੰ ਇਸਦਾ ਤਰਕਯੁਕਤ ਉੱਤਰ ਦੇ ਦਿੱਤਾ। ਉਹਨਾਂ ਦੱਸਿਆ ਕਿ ਦੇਰੀਦਾ ਵਿਖੰਡਨ ਨੂੰ ਮਾਰਕਸਵਾਦ ਦਾ ਵਿਕਲਪ ਦਸਦਾ ਹੈ, ਇਸ ਵਿਚ ਉਹ ਖੁਦ ਨੂੰ ਹੀ ਕੇਂਦਰ ਵਿਚ ਰਖਦਾ ਹੈ ਅਤੇ ਮਾਰਕਸਵਾਦ ਵਿਚ ਬੁਨਿਆਦੀ ਤਬਦੀਲੀ ਕਰਕੇ ਹੀ ਵਿਖੰਡਨ ਦਾ ਸਿਧਾਂਤ ਪ੍ਰਤਿਪਾਦਿੱਤ ਕਰਦਾ ਹੈ, ਇਕ ਤਰ੍ਹਾਂ ਦਾ ਸਰਵ ਨਿਸ਼ੇਧਵਾਦ, ਸਭ ਕੁਝ ਦਾ ਅੰਤ ਹੀ ਦੇਰੀਦਾ ਵੀ ਦੇਖਦਾ ਹੈ। ਏਜਾਜ਼ ਅਹਿਮਦ ਨੇ ਦੇਰੀਦਾ ਦੇ ਇਸ ਪਿਤਾ-ਰਿਣ ਜਾਂ ਪਿੰਡਦਾਨ ਪਿੱਛੇ ਇਕ ਧਾਰਮਿਕ ਕਰਮਕਾਂਡ ਦੀ ਛਿਪੀ ਹੋਈ ਭਾਵਨਾ ਨੂੰ ਵੀ ਠੀਕ ਤਰ੍ਹਾਂ ਦੇਖ ਲਿਆ ਹੈ। ਹਿੰਦੀ ਦੇ ਚਿੰਤਕ, ਜੋ ਭਾਸ਼ਾ ਤੇ ਵਿਚਾਰ ਇਹਨਾਂ ਦਿਨਾਂ ਵਿਚ ਪੱਤਰ-ਪੱਤਰਕਾਵਾਂ ਰਾਹੀਂ ਦੇ ਰਹੇ ਹਨ, ਦਰਅਸਲ ਉਹ ਵਿਚਾਰ (ਅਤੇ ਭਾਸ਼ਾ ਵੀ) ਹੈਰਾਨੀਜਨਕ ਰੂਪ ਨਾਲ ਪ੍ਰਜਾ ਪਿਤਾ ਬ੍ਰਹਮ ਕੁਮਾਰੀ ਸੰਪ੍ਰਦਾ ਦੇ ਸਰਕੂਲਰਾਂ ਅਤੇ ਪੈਂਫਲੈਟਾਂ ਦੀ ਭਾਸ਼ਾ ਹੈ। ਇਸ ਸੰਪ੍ਰਦਾ ਦੇ ਲੋਕ ਵਿਖੰਡਨ ਨਾਲ ਹੀ ਆਪਣੀ ਗੱਲ ਸ਼ੁਰੂ ਕਰਦੇ ਹਨ, ਅਰਥਾਤ ਹਰ ਬ੍ਰਹਮ ਕੁਮਾਰੀ ਭਗਤ ਇਥੋਂ ਗੱਲ ਸ਼ੁਰੂ ਕਰੇਗਾ : ਆਦਿ ਮਾਨਵ ਬੰਦਰ ਨਹੀਂ, ਦੇਵਤਾ ਸੀ ਅਤੇ ਹੁਣ ਦੁਨੀਆਂ ਦਾ ਅੰਤ ਹੋਣ ਵਾਲਾ ਹੈ ਹਿੰਦੀ ਦੇ ਇਕ ਚਿੰਤਕ ਨੇ ਵੀ ਲਿਖਿਆ ਹੈ, "ਸੋਵਿਅਤ ਸੰਘ ਦਾ ਵਿਖੰਡਨ ਹੋ ਗਿਆ, ਅਮਰੀਕਾ ਦਾ ਹੋਣਾ ਹੈ।" ਮੁੱਖ ਰੂਪ ਵਿਚ ਇਹ ਧਰਮ ਸ਼ਾਸਤਰੀ ਸਮਝ ਹੈ, ਬਲਕਿ ਉਸ ਤੋਂ ਵੀ ਗਈ ਬੀਤੀ ਸਮਝ ਹੈ। ਮਸਲਨ ਸੰਤ ਲੋਕ ਕਹਿਣਗੇ, "ਆਇਆ ਹੈ ਸੋ ਜਾਏਗਾ, ਰਾਜਾ ਰੰਕ ਫਕੀਰ/ਕੋਹ ਸਿੰਘਾਸਨ ਚੜ੍ਹਿ ਚਲਾ ਕੋਇ ਬੰਧੇ ਜਾਤ ਜੰਜੀਰ।" ਇਸ ਦੋਹੇ ਵਿਚ ਘੱਟ ਤੋਂ ਘੱਟ ਦੋ ਤਰ੍ਹਾਂ ਦੇ "ਅੰਤ" ਹਨ, ਇੱਕ 'ਅੰਤ' ਰਾਜਾ ਦਾ ਹੈ, ਦੂਜਾ ਫਕੀਰ ਜਾਂ ਰੰਕ ਦਾ। ਸੰਤਾਂ ਦੀ ਪ੍ਰਤਿਕ੍ਰਿਆ ਦੋਹਾਂ ਅੰਤਾਂ ਦੇ ਬਾਰੇ ਵਿਚ ਇਕੋ ਜੇਹੀ ਨਹੀਂ ਹੈ, ਇਥੇ ਅੰਧ ਦ੍ਰਿਸ਼ਟੀ ਨਹੀਂ ਹੈ ਜਦਕਿ ਉੱਤਰ ਆਧੁਨਿਕਤਾਵਾਦੀਆਂ ਲਈ ਸੋਵੀਅਤ ਸੰਘ ਦਾ ਅੰਤ ਖੁਸ਼ੀ ਦਾ ਮੌਕਾ ਹੈ। ਅਮਰੀਕੀ ਸਾਮਰਾਜ ਦਾ ਅੰਤ ਚਿੰਤਾ ਦਾ। ਕੀ ਇਹ ਚਿੰਤਕ ਇੰਨੇ ਭੋਲੇ ਹਨ ਜੋ ਇਹ ਨਹੀਂ ਜਾਣਦੇ ਕਿ ਇਕ ਦਾ ਅੰਤ ਦੂਜੇ ਨੂੰ ਜ਼ਿਆਦਾ ਤਾਕਤ ਅਤੇ ਵਧੇਰੇ ਖੂੰਖਾਰ ਬਣਾ ਚੁੱਕਾ ਹੈ ਦੂਜੇ ਦਾ ਜਦ ਅੰਤ ਹੋਵੇਗਾ ਤਾਂ ਪਹਿਲੇ ਦਾ ਅਧਿਕਾਰ ਵੱਧੇਗਾ ਹੀ। ਮਾਰਕਸ ਦਾ ਅਖੌਤੀ ਯੂਟੋਪਿਆ ਸਾਕਾਰ ਹੋ ਰਿਹਾ ਹੋਵੇਗਾ। ਪਰ ਕੀ ਇਹ ਦੂਜਾ ਅੰਤ ਇਤਨੀ



ਆਸਾਨੀ ਨਾਲ ਹੋ ਜਾਏਗਾ, ਜਿਤਨੀ ਆਸਾਨੀ ਨਾਲ ਹਿੰਦੀ ਚਿੰਤਕ ਨੇ ਲਿਖ ਦਿੱਤਾ ਹੈ। ਕੀ ਇਹ ਅੰਤ ਸਾਰੀ ਮਨੁੱਖਤਾ ਦੇ ਗਿਆਨ ਅਤੇ ਵਿਗਿਆਨ ਦੀਆਂ ਵੱਡੀਆਂ ਪ੍ਰਾਪਤੀਆਂ ਨੂੰ ਵਿਖੰਡਤ ਕਰਕੇ ਮੁੜ ਤੋਂ ਧਾਰਮਿਕ ਅੰਧਵਿਸ਼ਵਾਸ਼ਾਂ ਨੂੰ ਆਰੋਪਿਤ ਕਰਕੇ ਹੋਵੇਗਾ, ਜਿਵੇਂ ਕਿ ਉੱਤਰ ਆਧੁਨਿਕਤਾ-ਵਾਦੀ ਕਰ ਰਹੇ ਹਨ? ਕੀ ਇਹ ਅੰਤ ਅਕਵਿਤਾ ਦੇ ਜ਼ਮਾਨੇ ਦੇ ਸਰਵਨਿਸ਼ੇਧਵਾਦੀ ਵਿਚਾਰਾਂ ਜਿਨ੍ਹਾਂ ਨੂੰ ਨਵੀਂ ਭਾਸ਼ਾ ਵਿਚ ਵਿਖੰਡਨਵਾਦੀ ਕਿਹਾ ਗਿਆ ਹੈ, ਦੀ ਵਾਪਸੀ ਨਾਲ ਹੋਵੇਗਾ? ਇਤਿਹਾਸ ਗਵਾਹ ਹੈ ਕਿ ਦੂਸਰੇ ਦਾ ਅੰਤ ਜਦ-ਜਦ ਹੋਇਆ ਤਦ-ਤਦ ਮਾਰਕਸ, ਐਂਗਲਜ਼ ਅਤੇ ਲੈਨਿਨ ਰਾਹੀਂ ਖੋਜੇ ਗਏ ਰਸਤੇ ਅਤੇ ਵਿਚਾਰ ਪ੍ਰਣਾਲੀ ਨਾਲ ਹੀ ਹੋਇਆ। ਚੀਨ, ਵਿਅਤਨਾਮ, ਕਿਊਬਾ, ਉੱਤਰੀ-ਕੋਰਿਆ ਅਤੇ ਸਭ ਤੋਂ ਪਹਿਲਾਂ ਰੂਸ ਦੀ ਧਰਤੀ ਤੇ ਜਦੋਂ ਸਾਮਰਾਜਵਾਦ ਦੀ ਕਬਰ ਪੱਟੀ ਗਈ ਸੀ, ਤਦ ਇਹਨਾਂ ਵਿਗਿਆਨਕ ਵਿਚਾਰਾਂ ਦੀ ਰੌਸ਼ਨੀ ਹੀ ਜਗਮਗਾਈ ਸੀ, ਅੱਗੇ ਵੀ ਇਸ ਵਿਗਿਆਨਕ ਪਰੰਹਰ ਦੇ ਰਚਨਾਤਮਕ ਪ੍ਰਯੋਗ ਨਾਲ ਹੀ ਅਮਰੀਕੀ ਸਾਮਰਾਜ ਦਾ ਅੰਤ ਹੋਵੇਗਾ। ਕਿਸੇ ਧਾਰਮਿਕ ਕਰਮਕਾਂਡ ਦੀ ਤਰ੍ਹਾਂ ਵਿਖੰਡਨਵਾਦ ਦੇ ਪਾਠ ਨਾਲ ਨਹੀਂ।

ਅੱਜ ਜਦਕਿ ਪੱਛਮ ਵਿਚ ਉੱਤਰ ਆਧੁਨਿਕਤਾ ਦਾ ਭੂਤ ਉੱਤਰ ਚੱਕਿਆ ਹੈ ਅਤੇ ਦੇਰੀਦਾ ਅਤੇ ਲਿਉਤਾਰ ਮਾਰਕਸ ਵੱਲ ਮੁੜ ਰਹੇ ਹਨ (ਜਦ ਕਿ ਉਹਨਾਂ ਦੀਆਂ ਵਰਗੀਸੀਮਾਵਾਂ ਉਹਨਾ ਨੂੰ ਮਾਰਕਸ ਦੇ ਨਜ਼ਦੀਕ ਪੂਰੀ ਤਰ੍ਹਾਂ ਨਾਲ ਨਹੀਂ ਹੋਣ ਦੇ ਰਹੀਆਂ) ਉਸ ਸਮੇਂ ਹਿੰਦੀ ਦੇ ਕੁਝ ਚਿੰਤਕ ਆਪਣੇ ਪਿਓ ਤੋਂ ਦੂਰ ਭੱਜ ਕੇ ਕੇਸ਼ਕੰਬਲੀ ਹਨੇਰੀ ਗੁਫਾ ਦਾ ਰੂਪ ਧਾਰਕੇ, ਪਛੜੀਆਂ ਹੋਈਆਂ ਵਿਚਾਰਧਾਰਾਵਾਂ ਅਤੇ ਬ੍ਰਹਮ ਕੁਮਾਰੀਆਂ ਦੀ ਭਾਸ਼ਾ ਦੇ ਦੋਹਰਾਵ ਵਿਚ ਨਵਾਂਪਨ ਖੋਜ ਰਹੇ ਹਨ। ਹਿੰਦੀ ਸਾਹਿਤ ਵਿਚ ਇਹ ਅਕਵਿਤਾ ਦੇ ਦੌਰ ਦੀ ਵਾਪਸੀ ਹੈ। ਸ਼ਰਵਨਿਸ਼ੇਧਵਾਦ ਦੇ ਮੱਧਵਰਗੀ ਝੁਕਾਅ, ਆਖਰ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੀ ਸ਼ੋਸ਼ਕ ਵਰਗੀ ਤਾਨਾਸ਼ਾਹੀ ਦੇ ਪੱਖ ਵਿਚ ਜਾਂਦੇ ਹਨ। ਸਾਡੇ ਸਮਾਜ ਵਿਚ ਵੀ ਇਸ ਸਮੇਂ ਮਾਹੌਲ ਇਹ ਹੈ ਕਿ ਜਿਸ ਵਿਚ ਸੱਤਾਧਾਰੀ ਸ਼ੋਸ਼ਕ ਵਰਗ ਮੌਜੂਦਾ ਲੋਕਤੰਤਰ ਦਾ ਖਾਤਮਾ ਕਰਨ ਦੇ ਚੱਕਰ ਵਿਚ ਹੈ। ਇਸ ਲਈ ਕਦੀ ਇਹ ਸੰਸਦੀ ਪ੍ਰਣਾਲੀ ਨੂੰ ਖ਼ਤਮ ਕਰਕੇ ਰਾਸ਼ਟਰਪਤੀ ਪ੍ਰਣਾਲੀ ਲਾਗੂ ਕਰਨ ਦੀ ਵਕਾਲਤ ਕਰਦੇ ਹਨ। ਕਦੀ ਕਿਸੇ ਟੀ. ਐਨ. ਸ਼ੈਸ਼ਨ, ਕਿਸੇ ਸੋਨੀਆ ਗਾਂਧੀ ਦੇ ਹੱਥਾਂ ਵਿਚ ਦੇਸ਼ ਦੀ ਵਾਗਡੋਰ ਦੇਣ ਦੀ ਮਾਨ-ਸਿਕਤਾ ਤਿਆਰ ਕਰਦੇ ਹਾਂ ਅਤੇ ਜੇਕਰ ਉਹ ਇਹਨਾਂ ਕੋਸ਼ਿਸ਼ਾਂ ਵਿਚ ਸਫਲ ਨਾ ਹੋ ਸਕੇ ਤਾਂ ਮਿਲਿਟਰੀ ਤਾਨਾਸ਼ਾਹੀ ਵੀ ਮੜ੍ਹ ਸਕਦੇ ਹਨ। ਮੱਧਵਰਗ ਆਪਣੇ ਸਿਨਿਸਿਜ਼ਮ ਜਾਂ ਵਿਖੰਡਨਵਾਦੀ ਵਿਚਾਰਧਾਰਾ ਨਾਲ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਸ਼ੋਸ਼ਕ ਵਰਗ ਦੀ ਮਦਦ ਹੀ ਕਰੇਗਾ। ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਸਾਡੇ ਬੁਧੀਜੀਵੀਆਂ ਦਾ ਇਹ ਛੋਟਾ ਹਿੱਸਾ 'ਭਗਤੀ' ਦੇ ਇਸ ਨਵੇਂ ਕੰਮ ਵਿਚ ਪੂਰੀ ਤਰ੍ਹਾਂ ਨਾਲ ਜੁਟਿਆ ਹੋਇਆ ਹੈ। ਉਹਨਾਂ ਨੂੰ ਉਹਨੂੰ ਦੀ ਇਹ ਦਾਸਤਾਂ ਮੁਬਾਰਕ।

ਹਿੰਦੀ ਤੋਂ ਅਨੁਵਾਦ :
ਡਾਂ: ਸੇਵਾ ਸਿੰਘ, ਕਬੀਰ ਚੇਅਰ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

## ਗ਼ਜ਼ਲ/ਹਰਜਿੰਦਰ ਕੰਗ

ਮੁਸਾਫਿਰ ਧੂੜ ਬਣ ਕੇ ਰਹਿ ਗਏ ਨੇ ਰਸਤਿਆਂ ਉੱਤੇ।
ਮਿਸ਼ਾਲਾਂ ਰਾਖ਼ ਹੋ ਗਈਆਂ ਨੇ ਧੁਖ਼ ਧੁਖ਼ ਮੰਜ਼ਿਲਾਂ ਉੱਤੇ।

ਅਨੇਕਾਂ ਖ਼ੂਨ ਦੇ ਦਰਿਆ ਇਨ੍ਹਾਂ ਵਿਚ ਜਜ਼ਬ ਨੇ ਯਾਰੋ,
ਦਿਖਾਈ ਦੇਣ ਜੋ ਸ਼ਿਆਂ ਲਕੀਰਾਂ ਨਕਸ਼ਿਆਂ ਉੱਤੇ।

ਇਨ੍ਹਾਂ ਹੇਠੋਂ ਮਿਲਣਗੇ ਕਾਤਲਾਂ ਦੇ ਪੈਰ ਚਿੰਨ੍ਹ ਸਾਨੂੰ,
ਹਟਾਓ ਗਰਦ ਜੋ ਜੰਮੀ ਪਈ ਹੈ ਸਰਦਲਾਂ ਉੱਤੇ।

ਅਸਾਡੇ ਹੀ ਪਸੀਨੇ ਦੀ ਨਮੀ ਤੋਂ ਸੀ ਬਣੇ ਜਿਹੜੇ,
ਫਰੇਬੀ ਵਰ੍ਹ ਗਏ ਜਾ ਕੇ ਉਹ ਬੱਦਲ ਸਾਗਰਾਂ ਉੱਤੇ।

ਨਹੀਂ ਆਉਂਦੇ ਚੁਗਣ ਹੁਣ ਬੀਜ ਵੀ ਖੁਲ੍ਹੇ ਸਿਆੜਾਂ 'ਚੋਂ
ਬਿਠਾ ਦਿੱਤਾ ਹੈ ਕਿੰਨਾ ਸਖ਼ਤ ਪਹਿਰਾ ਪੰਛੀਆਂ ਉੱਤੇ।

ਕਿਹਾ ਜਾਂ ਬੱਚਿਆਂ ਨੂੰ ਮੈਂ ਕਿ ਕੀ ਹੈ ਅੱਗ ਦਾ ਕਾਰਨ,
ਸਿਵੇ ਬਲਦੇ ਬਣਾ ਦਿੱਤੇ ਉਨ੍ਹਾਂ ਨੇ ਕਾਗਜ਼ਾਂ ਉੱਤੇ।

ਹਰੇ ਪੱਤੇ ਭਰੂਹ ਕੇ ਕਰ ਗਏ ਐਲਾਨ ਪੱਤਝੜ ਦਾ,
ਰਹੇ ਰੋਂਦੇ ਪਰਿੰਦੇ, 'ਕੰਗ' ਸ਼ਹਿ ਕੇ ਟਹਿਣੀਆਂ ਉੱਤੇ।

(Jastor. St. Selma. C A 93662, U.S.A.)

## ਗ਼ਜ਼ਲ/ਬਰਜਿੰਦਰ ਚੌਹਾਨ

ਫੇਰ ਕੀ ਮਜਬੂਰ ਜੇ ਹੋਣਾ ਪਿਐ ਪਰਵਾਸ 'ਤੇ।
ਬੇਘਰੇ ਹੋਣਾ ਵੀ ਪੈਂਦਾ ਹੈ ਕਦੇ ਘਰ ਵਾਸਤੇ।

ਕਿਸ਼ਤੀਆਂ ਦਾ ਡੁੱਬਣਾ ਤੇਰੇ ਲਈ ਹੈ ਹਾਦਸਾ,
ਰੋਜ਼ ਦਾ ਪਰ ਹੈ ਸ਼ੁਗਲ ਇਹ ਤਾਂ ਸਮੁੰਦਰ ਵਾਸਤੇ

ਰਾਹ ਦਿਆਂ ਰੁੱਖਾਂ ਲਈ ਸਤਿਕਾਰ ਤਾਂ ਚਾਹੀਦਾ ਹੈ,
ਪਰ ਉਨ੍ਹਾਂ ਦਾ ਮੋਹ ਨਹੀਂ ਚੰਗਾ ਮੁਸਾਫ਼ਰ ਵਾਸਤੇ।

ਮੇਰੇ ਦੂਹਰੇ ਹੋਣ ਉੱਤੇ ਵੀ ਇਹ ਪੂਰੀ ਨਾ ਪਏ,
ਕਿਸ ਤਰ੍ਹਾਂ ਖ਼ੁਦ ਨੂੰ ਸਮੇਟਾਂ ਹੁਣ ਮੈਂ ਚਾਦਰ ਵਾਸਤੇ।

ਘਰ ਦੀ ਸਰਦਲ 'ਤੇ ਉਡੀਕੇ ਦਿਨ ਢਲੇ ਮੈਨੂੰ ਕੋਈ,
ਤਰਸਦੀ ਹੈ ਅੱਖ ਮੇਰੀ ਏਸ ਮੰਜ਼ਰ ਵਾਸਤੇ।

ਤੂੰ ਕਹੇ ਨਾ ਮੈਂ ਸੁਣੇ ਜੋ ਆਖ਼ਰੀ ਮਿਲਣੀ ਸਮੇਂ,
ਨਕਸ਼ ਨੇ ਉਹ ਬੋਲ ਦਿਲ 'ਤੇ ਜ਼ਿੰਦਗੀ ਭਰ ਵਾਸਤੇ।

ਜੀ-7 ਬੀ, ਤਿਲਕ ਨਗਰ, ਨਵੀਂ ਦਿੱਲੀ—18



ਦਸਤਾਵੇਜ਼2—

## ਜਨਵਾਦੀ ਲੇਖਕ ਸੰਘ ਦੇ ਪੰਜਵੇਂ ਕੌਮੀ ਸਮਾਗਮ (1 ਤੋਂ 3 ਫਰਵਰੀ, 1997) ਵਿਚ ਜਾਰੀ ਅਪੀਲ/(ਕਲਕੱਤਾ ਐਲਾਨਨਾਮਾ)

ਜਨਵਾਦੀ ਲੇਖਕ ਸੰਘ ਦੇ ਪੰਜਵੇਂ ਕੌਮੀ ਸਮਾਗਮ ਦੇ ਮੌਕੇ 'ਤੇ ਅਸੀਂ ਆਪਣੇ ਦੇਸ਼ ਦੇ ਸਾਰੇ ਲੇਖਕਾਂ, ਸਭਿਆਚਾਰਕ ਕਾਰਕੁਨਾਂ ਅਤੇ ਬੁੱਧੀਜੀਵੀਆਂ ਦਾ ਧਿਆਨ ਉਸ ਸੰਕਟ ਵੱਲ ਖਿੱਚਣਾ ਚਾਹੁੰਦੇ ਹਾਂ ਜੋ ਸਾਡੀ ਜਨਤਾ ਦੇ ਪਦਾਰਥਕ ਅਤੇ ਆਤਮਿਕ ਵਿਕਾਸ ਦੇ ਨਾਲ ਨਾਲ ਸਾਡੇ ਸਮੱਚੇ ਸਿਰਜਣਾਤਮਕ ਅਤੇ ਬੌਧਿਕ ਕ੍ਰਿਆਕ੍ਰਮ ਲਈ ਗੰਭੀਰ ਖਤਰੇ ਦੇ ਰੂਪ ਵਿਚ ਸਾਹਮਣੇ ਆਇਆਂ ਹੈ। ਇਹ ਸੰਕਟ ਸਾਮਰਾਜਵਾਦੀ ਤਾਕਤਾਂ ਦੁਆਰਾ ਵਿਸ਼ਵੀਕਰਣ ਦੇ ਨਾਂ ਉੱਪਰ ਦੁਨੀਆਂ ਦੇ ਪੱਛੜੇ, ਅਰਧ-ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੀ ਰਾਜਨੀਤਕ, ਆਰਥਿਕ ਅਤੇ ਸੰਸਕ੍ਰਿਤਕ ਜਕੜ ਵਿਚ ਲੈਣ ਲਈ ਚਲਾਈ ਜਾ ਰਹੀ ਮੁਹਿੰਮ ਨਾਲ ਪੈਦਾ ਹੋਇਆ ਹੈ। ਇਸ ਸਦੀ ਦੇ ਪਿਛਲੇ ਕੁਝ ਸਾਲਾਂ ਵਿਚ ਵਿਗਿਆਨਕ ਅਤੇ ਤਕਨੀਕੀ ਵਿਕਾਸ ਨਾਲ ਸੰਭਵ ਹੋਏ ਪ੍ਰਚਾਰ-ਪ੍ਰਸਾਰ ਦੇ ਮਾਧਿਅਮਾਂ ਦੇ ਵਿਸਥਾਰ ਨੇ ਸਾਰੇ ਦੇਸ਼ਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਹੈ ਅਤੇ ਉਹਨਾਂ ਦਰਮਿਆਨ ਸਮਾਨਤਾ ਉੱਪਰ ਆਧਾਰਿਤ ਆਪਸੀ ਲਾਭ ਲਈ ਸਹਿਯੋਗ ਦੀਆਂ ਸੰਭਾਵਨਾਵਾਂ ਨੂੰ ਪਹਿਲੇ ਨਾਲੋਂ ਬਹੁਤ ਜ਼ਿਆਦਾ ਵਧਾ ਦਿੱਤਾ ਹੈ। ਪਰੰਤੂ ਵਿਸ਼ਵੀਕਰਣ ਨੂੰ ਇਕ ਲੁਭਾਉਣੇ ਨਾਅਰੇ ਵਿਚ ਤਬਦੀਲ ਕਰਕੇ ਸਾਮਰਾਜਵਾਦ ਇਸਦੀ ਵਰਤੋਂ ਸਾਰੀ ਦੁਨੀਆਂ ਵਿਚ ਆਪਣੇ ਪ੍ਰਬੰਧ ਦੀ ਸਥਾਪਨਾ ਲਈ ਕਰ ਰਿਹਾ ਹੈ। ਸਮਾਜਵਾਦੀ ਕੈਂਪ ਦੇ ਬਿਖਰਾਵ ਨਾਲ ਇਕ ਧੁਰੀ ਦੁਨੀਆਂ ਦੇ ਹੋਂਦ ਵਿਚ ਆਉਣ ਕਾਰਨ ਸਾਮਰਾਜਵਾਦ ਦੀ ਇਹ ਵੱਡੀ ਇੱਛਾ ਹੋਰ ਵੀ ਵਧ ਗਈ ਹੈ।

ਸਾਮਰਾਜਵਾਦ ਦੁਨੀਆਂ ਦੇ ਪਛੜੇ, ਅਰਧ-ਵਿਕਸਤ ਅਤੇ ਵਿਕਾਸਸੀਲ ਦੇਸ਼ਾਂ 'ਤੇ ਆਪਣੀ ਆਰਥਿਕ ਅਤੇ ਰਾਜਨੀਤਕ ਪ੍ਰਭੂਸਤਾ ਕਾਇਮ ਕਰਨ ਅਤੇ ਉਨ੍ਹਾਂ ਦੀ ਸਸਤੀ ਕਿਰਤ ਸ਼ਕਤੀ ਅਤੇ ਸੰਸਥਾਵਾਂ ਦੇ ਸ਼ੋਸ਼ਣ ਲਈ ਵਿਸ਼ਵ ਬੈਂਕ, ਅੰਤਰ-ਰਾਸ਼ਟਰੀ ਮੁਦਰਾ ਕੋਸ਼, ਗੈਟ ਸਮਝੌਤਾ ਤੇ ਵਿਸ਼ਵ ਵਪਾਰ ਸੰਗਠਨ ਆਦਿ ਨੂੰ ਹਥਿਆਰਾਂ ਦੇ ਰੂਪ ਵਿਚ ਵਰਤ ਰਿਹਾ ਹੈ।

ਇਸੇ ਵਿਸਵੀਕਰਣ ਦੇ ਨਾਅਰੇ ਅਨੁਸਾਰ ਮੰਡੀ ਆਰਥਿਕਤਾ ਅਤੇ ਖੁੱਲ੍ਹੇ ਮੁਕਾਬਲੇ ਨੂੰ ਵਿਕਾਸ ਲਈ ਲਾਜ਼ਮੀ ਕਰਾਰ ਦੇ ਕੇ ਵਿਸ਼ਵ ਪੂੰਜੀਵਾਦ ਨੇ ਆਪਣੀ ਆਰਥਿਕ ਅਤੇ ਸੈਨਾ ਸ਼ਕਤੀ ਦੇ ਆਧਾਰ 'ਤੇ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਹਾਕਮਾਂ ਦੇ ਸਹਿਯੋਗ ਜਾਂ ਉਨ੍ਹਾਂ ਉੱਪਰ ਦਬਾਅ ਪਾ ਕੇ ਉਨ੍ਹਾਂ ਨੂੰ ਆਤਮ ਨਿਰਭਰਤਾ ਲਈ ਆਪਣੇ ਯੋਜਨਾਬੱਧ ਵਿਕਾਸ ਦੇ ਸਾਰੇ ਕੰਮਾਂ-ਕਾਰਜਾਂ ਨੂੰ ਛੱਡਣ ਲਈ ਮਜਬੂਰ ਕਰ ਦਿੱਤਾ ਹੈ।

ਵਿਸ਼ਵੀਕਰਣ ਦੇ ਨਾਂ 'ਤੇ ਚਲਾਈ ਗਈ ਇਸ ਮੁਹਿੰਮ ਦੇ ਦਬਾਅ ਹੇਠ ਆ ਕੇ ਸਾਡੇ ਦੇਸ਼ ਦੇ ਹਾਕਮਾਂ ਨੇ ਵੀ "ਨਵੀਂ ਆਰਥਿਕ ਨੀਤੀ" ਅਤੇ ਉਦਾਰੀਕਰਣ ਦੇ ਰਸਤੇ 'ਤੇ ਚੱਲਦਿਆਂ ਸਰਵਜਨਕ ਖੇਤਰ ਦੇ ਕਾਰਖਾਨਿਆਂ ਨੂੰ ਹੌਲੀ ਹੌਲੀ ਖਤਮ ਕਰਨਾ ਸ਼ੁਰੂ ਕਰ ਦਿੱਤਾ ਹੈ। ਅਜ਼ਾਦੀ ਤੋਂ ਬਾਅਦ ਪੂੰਜੀਵਾਦੀ ਵਿਕਾਸ ਦੀਆਂ ਸਾਰੀਆਂ ਸੀਮਾਵਾਂ ਅਤੇ ਉਸਦੇ ਵਧਦੇ ਹੋਏ ਲੋਕ ਵਿਰੋਧੀ ਚਰਿੱਤਰ ਦੇ ਬਾਵਜੂਦ ਅਸੀਂ ਆਪਣੇ ਦੇਸ਼ ਦੇ ਸਾਇੰਸਦਾਨਾਂ ਅਤੇ ਤਕਨੀਕੀ ਮਾਹਰਾਂ ਦੀ ਪ੍ਰਤਿਭਾ

ਦੇ ਸਹਾਰੇ ਸਵੈ-ਨਿਰਭਰ ਅਤੇ ਸ਼ਕਤੀਸ਼ਾਲੀ ਰਾਸ਼ਟਰ ਦੇ ਨਿਰਮਾਣ ਲਈ ਜੋ ਆਧਾਰੀ ਢਾਂਚਾ ਤਿਆਰ ਕੀਤਾ ਸੀ ਉਸ ਨੂੰ ਅੱਜ ਤੋੜਿਆ ਜਾ ਰਿਹਾ ਹੈ। ਤੀਜੀ ਦੁਨੀਆਂ ਦੇ ਅਨੇਕ ਦੇਸ਼ਾਂ ਦੇ ਕੌੜੇ ਅਨੁਭਵਾਂ ਦੇ ਬਾਵਜੂਦ ਸਾਡੇ ਇਥੋਂ ਦੇ ਹਾਕਮ ਵਰਗ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਨੂੰ ਪੂੰਜੀ ਨਿਵੇਸ਼ ਲਈ ਅਨੇਕਾਂ ਸਹੂਲਤਾਂ ਦੇਈ ਜਾ ਰਹੇ ਹਨ। ਇਸ ਤਰ੍ਹਾਂ ਉਹ ਸਾਡੇ ਦੇਸ਼ ਦੀ ਰਾਜਨੀਤਕ ਪ੍ਰਭੂਸਤਾ ਅਤੇ ਆਰਥਿਕ ਸੁਤੰਤਰਤਾ ਲਈ ਭਾਰੀ ਖਤਰਾ ਪੈਦਾ ਕਰ ਰਹੇ ਹਨ। ਸਾਮਰਾਜਵਾਦੀ ਦਬਾਅ ਤਹਿਤ ਹੀ ਸਾਡੇ ਹਾਕਮ ਲੋਕ ਕਲਿਆਣ ਦੀਆਂ ਯੋਜਨਾਵਾਂ ਅਤੇ ਲੋਕਾਂ ਨੂੰ ਰਾਹਤ ਦੇਣ ਵਾਲੀਆਂ ਅਨੇਕਾਂ ਰਾਜਕੀ ਸਹਾਇਤਾ ਪ੍ਰੋਗਰਾਮਾਂ ਨੂੰ ਖਤਮ ਕਰ ਰਹੇ ਹਨ।

ਤੀਜੀ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਬਹੁਕੌਮੀ ਕਾਰਪੋਰੇਸ਼ਨਾਂ ਦੀ ਪੂੰਜੀ ਕਿਸ ਤਰ੍ਹਾਂ ਏਥੋਂ ਦੇ ਹਾਕਮ ਵਰਗ ਦੇ ਨੇਤਾਵਾਂ ਦੀ ਵੱਡੀ ਪੱਧਰ 'ਤੇ ਖਰੀਦੋ-ਫਰੋਖਤ ਕਰ ਰਹੀ ਹੈ ਉਸਦੀਆਂ ਉਦਾਹਰਣਾਂ ਸਾਡੇ ਦੇਸ਼ ਵਿਚ ਹਵਾਲਾਂ ਕਾਂਡ ਤੋਂ ਬਾਅਦ ਆਏ ਦਿਨ ਤਰ੍ਹਾਂ-ਤਰ੍ਹਾਂ ਦੇ ਘੁਟਾਲਿਆਂ-ਕਾਂਡਾਂ ਦੇ ਰੂਪ ਵਿਚ ਸਾਡੇ ਸਾਹਮਣੇ ਆ ਰਹੀਆਂ ਹਨ। ਦੂਜੇ ਦੇਸ਼ਾਂ ਦੇ ਰਾਜਨੀਤਕ ਜੀਵਨ ਨੂੰ ਪ੍ਰਦੂਸ਼ਿਤ ਕਰਨਾ ਸਾਮਰਾਜਵਾਦ ਦੀ ਨੀਤੀ ਦਾ ਅਟੁੱਟ ਅੰਗ ਹੈ। ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਦੀ ਪੂੰਜੀ ਅਤੇ ਅੰਤਰ-ਰਾਸ਼ਟਰੀ ਆਤੰਕਵਾਦ, ਨਸ਼ੀਲੇ ਪਦਾਰਥਾਂ ਦਾ ਵਪਾਰ, ਮਾਫ਼ੀਆ ਗਿਰੋਹਾਂ ਦੀਆਂ ਅਪਰਾਧੀ ਕਾਰਵਾਈਆਂ ਅਤੇ ਦੇਸ਼ਾਂ ਨੂੰ ਤੋੜਨ-ਫੋੜਨ ਦੀਆਂ ਕਾਰਵਾਈਆਂ ਵਿਚ ਲੱਗੇ ਤੱਤਾਂ ਦਰਮਿਆਨ ਨੇੜਲੇ ਸੰਬੰਧਾਂ ਦਾ ਪਰਦਾਫਾਸ਼ ਹੁੰਦਾ ਜਾ ਰਿਹਾ ਹੈ।

ਸਾਰੀ ਦੁਨੀਆਂ ਦੇ ਅਰਥਚਾਰੇ ਉੱਪਰ ਆਪਣਾ ਏਕਾਧਿਕਾਰ ਜਮਾਉਣ ਦੀ ਆਪਣੀ ਆਰਥਿਕ ਮੁਹਿੰਮ ਦੇ ਨਾਲ ਨਾਲ ਵਿਸ਼ਵ ਪੂੰਜੀਵਾਦ ਇਕ ਵਿਚਾਰਧਾਰਕ ਅਤੇ ਸਭਿਆਚਾਰਕ ਮੁਹਿੰਮ ਵੀ ਚਲਾ ਰਿਹਾ ਹੈ ਜਿਸਦਾ ਉਦੇਸ਼ ਸੰਵੇਦਨਾ ਰਹਿਤ ਖਪਤਕਾਰੀ ਦੇ ਪ੍ਰਚਾਰ-ਪ੍ਰਸਾਰ ਨਾਲ ਮਨੁੱਖ ਨੂੰ ਆਪਣੀ ਵਾਸਤਵਿਕਤਾ ਦੀਆਂ ਚਿੰਤਾਵਾਂ ਤੋਂ ਅਤੇ ਸਮਾਜਿਕ ਵਿਕਾਸ ਦੇ ਹਜ਼ਾਰਾਂ ਸਾਲਾਂ ਦੇ ਦੌਰਾਨ ਸੰਚਿਤ ਜੀਵਨ ਦੇ ਸਾਰੇ ਸੁਹਜਾਤਮਕ ਅਤੇ ਪਦਾਰਥਕ ਅਤੇ ਮੁੱਲ ਚੇਤਨਾ ਤੋਂ ਪੂਰੀ ਤਰ੍ਹਾਂ ਰਹਿਤ ਕਰਨਾ ਹੈ। ਵਿਸ਼ਵ ਮਾਨਵਵਾਦ ਦੇ ਆਪਣੇ ਪੁਰਾਣੇ ਨਾਅਰੇ ਨੂੰ ਵਿਸ਼ਵੀਕਰਣ ਅਤੇ ਤਥਾਂ ਕਥਿਤ "ਵਿਸ਼ਵ ਗ੍ਰਾਮ" ਦੀ ਸਥਾਪਨਾ ਦੇ ਪਹਿਲਾਂ ਤੋਂ ਹੀ ਜ਼ਿਆਦਾ ਅਲੰਕ੍ਰਿਤ ਸੰਸਕਰਨ ਵਿਚ ਪੇਸ਼ ਕਰਕੇ ਉਹ ਵੱਖ ਵੱਖ ਰਾਸ਼ਟਰੀ ਅਤੇ ਸਥਾਨਕ ਸਭਿਆਚਾਰਾਂ ਨੂੰ ਮਨੁੱਖੀ ਜਾਤੀ ਦੀ ਏਕਤਾ ਵਿਚ ਰੁਕਾਵਟ ਅਤੇ ਅਪ੍ਰਸੰਗਿਕ ਸਿੱਧ ਕਰਨਾ ਚਾਹੁੰਦਾ ਹੈ। ਆਪਣੇ ਆਪ ਨੂੰ ਇਕ ਨਵੀਂ ਸਰਵ ਪ੍ਰਵਾਨਿਤ ਸੰਸਕ੍ਰਿਤੀ ਦੇ ਵਿਕਾਸ ਵਿਚ ਸਹਾਇਕ ਦੇ ਰੂਪ ਵਿਚ ਪੇਸ਼ ਕਰਨ ਵਾਲੇ ਸਾਰੇ ਸੰਚਾਰ ਮਾਧਿਅਮ ਇਕ ਅਜਿਹੀ ਪੇਤਲੀ ਤੇ ਸਤਹੀ ਸੰਸਕ੍ਰਿਤੀ ਦੇ ਨਿਰਮਾਣ ਵਿਚ ਲੱਗੇ ਹੋਏ ਹਨ ਜਿਸ ਵਿਚ ਲੋਕਾਂ ਦੀ ਭੂਮਿਕਾ ਸਿਰਫ ਖਪਤਕਾਰਾਂ ਦੀ ਹੈ, ਜਿਥੇ ਉਹਨਾਂ ਦੇ ਜੀਵਨ ਦਾ ਉਦੇਸ਼ ਤਰਕ ਰਹਿਤ ਮਨੋਰੰਜਨ ਤੋਂ ਛੁੱਟ ਹੋਰ ਕੁਝ ਰਹਿ ਹੀ ਨਹੀਂ ਜਾਂਦਾ। ਆਪਣੇ ਜੀਵਨ ਵਿਚ ਵਧਦੀ ਹੋਈ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਤੋਂ ਉਤਪੰਨ ਅਸੰਤੋਖ ਅਤੇ ਬੇਚੈਨੀ ਨੂੰ ਆਪਣੇ ਵਿਰੁੱਧ ਸੰਘਰਸ਼ ਦਾ ਇਕ ਰੂਪ ਗ੍ਰਹਿਣ ਕਰਨ ਤੋਂ ਰੋਕਣ ਲਈ ਵੀ ਉਹ ਇਸ ਖਪਤਕਾਰੀ ਪ੍ਰਵਿਰਤੀ ਦੀ ਵਰਤੋਂ ਕਰਦੇ ਹਨ। ਇਸ ਕਾਰਨ ਜਨਤਾ ਆਪਣੀਆਂ ਸਮੱਸਿਆਵਾਂ



ਲਈ ਕਿਸੇ ਸਥਾਈ ਹੱਲ ਦੀ ਥਾਂ ਆਤਮ ਸੁੱਖ ਦੇ ਛਿੰਨ ਭੰਗਰੀ ਅਨੁਭਵਾਂ ਨਾਲ ਸੰਤੁਸ਼ਟ ਹੋ ਜਾਂਦੀ ਹੈ। ਸਿੱਟੇ ਵਜੋਂ ਪਿਛਾਖੜੀ ਤਾਕਤਾਂ ਨੂੰ ਲੋਕਾਂ ਦੀ ਚੇਤਨਾ ਵਿਚ ਘਰ ਕਰ ਚੁੱਕੇ ਤਰ੍ਹਾਂ-ਤਰ੍ਹਾਂ ਦੇ ਪਛੜੇ ਹੋਏ ਸੰਸਕਾਰਾਂ ਨੂੰ ਉਭਾਰਕੇ ਉਸ ਅਸੰਤੋਸ਼ ਅਤੇ ਬੇਚੈਨੀ ਨੂੰ ਪਿਛਲਖੁਰੀ ਮੋੜ ਦੇਣ ਵਿਚ ਸਫਲਤਾ ਮਿਲ ਜਾਂਦੀ ਹੈ। ਹੁਣੇ ਹੁਣੇ ਦੇ ਵਰ੍ਹਿਆਂ ਵਿਚ ਅਸੀਂ ਦੇਖਿਆ ਹੈ ਕਿ ਇਸ ਤਰ੍ਹਾਂ ਨਾਲ ਸਾਡੇ ਦੇਸ਼ ਦੇ ਸਮਾਜਿਕ ਅਤੇ ਸਭਿਆਚਾਰਕ ਪਿਛਾਖੜ ਨੇ ਲੋਕਾਂ ਦੀ ਚੇਤਨਾ ਵਿਚ ਵੱਡੇ ਪੱਧਰ 'ਤੇ ਕਰਮ ਕਾਂਡੀ, ਰੀਤੀ-ਰਿਵਾਜਾਂ ਪ੍ਰਤੀ ਮੋਹ ਨੂੰ ਉਭਾਰਕੇ ਉਨ੍ਹਾਂ ਨੂੰ ਆਪਣੇ ਜੀਵਨ ਦੀਆਂ ਬੁਨਿਆਦੀ ਸਮੱਸਿਆਵਾਂ ਦੇ ਰੂ-ਬ-ਰੂ ਹੋ ਕੇ ਉਨ੍ਹਾਂ ਦਾ ਹੱਲ ਲੱਭਣ ਤੋਂ ਰੋਕਿਆ ਹੈ।

ਆਪਣੀ ਵਾਸਤਵਿਕਤਾ ਨੂੰ ਆਪਣੇ ਹੱਥਾਂ ਵਿਚ ਲੈ ਕੇ ਉਸ ਨੂੰ ਬਚਾਉਣ ਵਿਚ ਲੋਕਾਂ ਦੀ ਭੂਮਿਕਾ ਖਤਮ ਕਰਕੇ ਅਤੇ ਉਨ੍ਹਾਂ ਦੀ ਸਾਰੀ ਪਰਿਵਰਤਨਕਾਰੀ ਅਤੇ ਰਚਨਾਤਮਕ ਸ਼ਕਤੀ ਨੂੰ ਹਾਸ਼ੀਏ 'ਤੇ ਸੁੱਟਣ ਦੇ ਇਸ ਕਾਰਜ ਨੂੰ ਵਿਸ਼ਵ ਪੂੰਜੀਵਾਦ ਅਤੇ ਸਾਡੇ ਦੇਸ ਦਾ ਅੰਦਰੂਨੀ ਸਾਂਸਕ੍ਰਿਤਿਕ ਪਿਛਾਖੜ ਰਲ ਮਿਲਕੇ ਪੂਰਾ ਕਰਦੇ ਹਨ।

ਆਪਣੀਆਂ ਨੀਤੀਆਂ ਲਈ ਵਿਆਪਕ ਸਮਾਜਿਕ ਆਧਾਰ ਬਣਾਉਣ ਦੇ ਕੰਮ ਵਿਚ ਵਿਸ਼ਵ ਪੂੰਜੀਵਾਦ ਆਪਣੀ ਵਿਚਾਰਧਾਰਕ ਮੁਹਿੰਮ ਅਤੇ ਖਪਤਕਾਰੀ ਦੇ ਮਾਧਿਅਮ ਰਾਹੀਂ ਸਾਡੇ ਮੱਧ-ਵਰਗ ਦੇ ਇਕ ਵੱਡੇ ਹਿੱਸੇ ਦੀ ਚੇਤਨਾ ਨੂੰ ਪ੍ਰਭਾਵਿਤ ਕਰਨ ਵਿਚ ਕਾਫੀ ਸਫਲ ਹੋ ਗਿਆ ਹੈ। ਸਾਡੇ ਦੇਸ਼ ਵਿਚ ਪੁਨਰ ਜਾਗਰਣ ਅਤੇ ਕੌਮੀ ਮੁਕਤੀ ਸੰਗਰਾਮ ਵਿਚ ਮੱਧ-ਵਰਗ ਵਿਚੋਂ ਆਉਣ ਵਾਲੇ ਲੇਖਕਾਂ, ਸਭਿਆਚਾਰਕ ਕਾਰਜ-ਕਰਤਾਵਾਂ ਅਤੇ ਬੁੱਧੀਜੀਵੀਆਂ ਨੇ ਲੋਕਾਂ ਦੀ ਚੇਤਨਾ ਉਚਿਆਉਣ ਦੀ ਜਿਹੜੀ ਸ਼ਾਨਦਾਰ ਭੂਮਿਕਾ ਨਿਭਾਈ ਸੀ. ਉਸ ਦਾ ਤਿਆਗ ਕਰਕੇ ਉਹ ਅੱਜ ਆਪਣੇ ਦ੍ਰਿਸ਼ਟੀਕੋਨ ਵਿਚ ਏਨਾ ਸੰਕੁਚਿਤ ਹੋ ਗਿਆ ਹੈ ਕਿ ਉਸ ਦੀ ਚੇਤਨਾ ਵਿਚ ਵਿਆਪਕ ਸਮਾਜਿਕ ਸਰੋਕਾਰਾਂ ਦਾ ਪੂਰਨ ਭਾਂਤ ਅਭਾਵ ਹੋ ਗਿਆ ਹੈ। ਵਿਸ਼ਵ ਪੂੰਜੀਵਾਦ ਦੀ ਖਪਤਕਾਰੀ ਸੰਸਕ੍ਰਿਤੀ ਦੀ ਚਮਕ ਦਮਕ ਤੋਂ ਪ੍ਰਭਾਵਿਤ ਹੋ ਕੇ ਇਸ ਦੇਸ਼ ਦੀ ਧਰਤੀ ਉਪਰ ਰਹਿਣ ਦੇ ਬਾਵਜੂਦ ਉਸ ਦੀ ਨਜ਼ਰ ਪੂੰਜੀਵਾਦੀ ਮਾਇਆ ਲੋਕ 'ਤੇ ਟਿਕੀ ਰਹਿੰਦੀ ਹੈ ਅਤੇ ਉਹ ਆਪਣੇ ਆਪ ਨੂੰ ਅਮੂਰਤ, ਅਗਿਆਤ, ਸਮੁੱਚੀ ਵਿਸ਼ਵ ਸੰਸਕ੍ਰਿਤੀ ਦਾ ਝੰਡਾ ਬਰਦਾਰ ਸਮਝਦਾ ਹੈ। ਇਸ ਤੋਂ ਬਚੇ ਰਹਿ ਜਾਣ ਵਾਲੇ ਅਜਿਹੇ ਰਚਨਾਕਾਰ ਅਤੇ ਬੁੱਧੀਜੀਵੀ ਜਿਨ੍ਹਾਂ ਦੀ ਚੇਤਨਾ ਵਿਚ ਲੋਕਾਂ ਦੇ ਪੁਨਰ ਜਾਗਰਣ ਅਤੇ ਸੁਤੰਤਰਤਾ ਸੰਗਰਾਮ ਦੀਆਂ ਪਰੰਪਰਾਵਾਂ ਅਜੇ ਵੀ ਜੀਵਤ ਹਨ. ਉਹ ਵੀ ਵਿਸ਼ਵ ਪੂੰਜੀਵਾਦ ਦੇ ਵਿਚਾਰਧਾਰਕ ਅਤੇ ਦੂਜੇ ਸੂਖਮ ਰੂਪਾਂ ਤੋਂ ਪੂਰਨ ਭਾਂਤ ਅਪ੍ਰਭਾਵਿਤ ਨਹੀਂ ਕਹੇ ਜਾ ਸਕਦੇ। ਕਦੀ ਨਾ ਕਦੀ ਉੱਤਰ-ਆਧੁਨਿਕਤਾਵਾਦ ਦੀਆਂ ਅਨੇਕਾਂ ਸਥਾਪਨਾਵਾਂ ਉਨ੍ਹਾਂ ਦੀ ਚੇਤਨਾ ਵਿਚ ਆਪਣਾ ਸਥਾਨ ਬਣਾਉਣ ਵਿਚ ਸਫਲ ਹੋ ਜਾਂਦੀਆਂ ਹਨ। ਜਿਹੜੇ ਪ੍ਰਸ਼ਨ ਚਿੰਨ੍ਹ ਉੱਤਰ-ਆਧੁਨਿਕਤਾਵਾਦ ਨੇ ਸਮਾਜਿਕ ਵਿਕਾਸ ਵਿਚ ਵਿਸ਼ਵਾਸ, ਮਾਨਵਵਾਦ, ਤਾਰਕਿਕ ਵਿਵੇਕ ਅਤੇ ਸਮੂਹਿਕ ਪ੍ਰਤੀਬੱਧਤਾ ਦੇ ਅੱਗੇ ਲਗਾਏ ਹਨ, ਉਹ ਉਨ੍ਹਾਂ ਦੀ ਚੇਤਨਾ ਉੱਪਰ ਪ੍ਰੇਤ ਛਾਇਆ ਬਣਕੇ ਮੰਡਰਾਉਂਦੇ ਹਨ। ਵਿਵਸਥਾ ਦੇ ਵਿਰੁੱਧ ਪੈਦਾ ਹੋਣ ਵਾਲੀ ਉਨ੍ਹਾਂ ਦੀ ਵਿਰੋਧੀ ਭਾਵਨਾ ਦੀ ਪ੍ਰਕ੍ਰਿਤੀ ਏਨੀ ਅੰਦਰੂਨੀ ਹੈ ਕਿ ਉਹ ਵਿਵਸਥਾ ਲਈ ਕੋਈ ਖਤਰਾ ਪੈਦਾ ਨਹੀਂ ਕਰਦੀ। ਇਸ ਦੀ ਇਕ ਹੋਰ ਉਪਜ ਉਹ ਸ਼ੰਕਾਵਾਦ ਹੈ ਜੋ ਵਿਅਕਤੀ ਨੂੰ ਦਿਸ਼ਾਹੀਨ ਅਤੇ ਅਕ੍ਰਿਆਸ਼ੀਲ ਬਣਾ ਦਿੰਦਾ ਹੈ। ਕੋਈ ਮਹਿਸੂਸ ਕਰੇ ਜਾਂ ਨਾ ਕਰੇ, ਅਜਿਹੇ ਵਿਅਕਤੀ ਦੀ

ਮਾਨਸਿਕ ਸਥਿਤੀ ਤੋਂ ਅੰਤ ਵਿਚ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਸਮਾਜਿਕ-ਸਭਿਆਚਾਰਕ ਪਿਛਾਖੜ ਨੂੰ ਲਾਭ ਪਹੁੰਚਦਾ ਹੈ। ਵਿਸ਼ਵ ਪੂੰਜੀਵਾਦ ਅਤੇ ਉਸ ਦੇ ਸਹਿਯੋਗੀ ਦੇ ਰੂਪ ਵਿਚ ਸਰਗਰਮ ਅੰਦਰੂਨੀ ਪਿਛਾਖੜੀਆਂ ਦੀ ਵਿਚਾਰਧਾਰਾ, ਆਪਣੇ ਸਾਰੇ ਰੂਪਾਂ ਵਿਚ ਚਾਹੇ ਉਹ ਖਪਤਕਾਰੀ ਦੇ ਰੂਪ ਵਿਚ ਹੋਣ, ਅੰਧ-ਲੋਕਵਾਦ ਦੇ ਰੂਪ ਵਿਚ ਹੋਣ, ਉੱਤਰ-ਆਧੁਨਿਕਤਾਵਾਦ ਦੇ ਰੂਪ ਵਿਚ ਹੋਣ, ਸਮਾਜਿਕ ਵਿਕਾਸ ਨੂੰ ਉਸਦੇ ਇਤਿਹਾਸ ਨੂੰ ਪ੍ਰਸੰਗਾਂ ਤੋਂ ਕੱਟ ਕੇ ਮਾਨਵੀ ਬਰਾਮਦ ਦੇ ਨਾਲ ਹੀ ਸਮਕਾਲੀ ਯਥਾਰਥ ਦੀ ਪਹਿਚਾਣ ਨੂੰ ਧੁੰਦਲਾ ਕਰਦੀ ਹੈ, ਵਿਅਕਤੀਆਂ ਨੂੰ ਮਿਥਿਆ ਚੇਤਨਾ ਵੱਲ ਲੈ ਜਾਂਦੀ ਹੈ। ਉਸ ਦਾ ਚਰਿੱਤਰ ਮੂਲਭੂਤ ਮਾਨਵ ਧਰੋਹੀ ਹੈ। ਉਹ ਮਨੁੱਖ ਨੂੰ ਸੰਵੇਦਨਾ ਰਹਿਤ ਬਣਾ ਦਿੰਦੀ ਹੈ ਅਤੇ ਉਸਦੇ ਜੀਵਨ ਅਤੇ ਸੰਸਾਰ ਦੇ ਸਾਰੇ ਸੁਹਜ ਨੂੰ ਸਮਾਪਤ ਕਰ ਦਿੰਦੀ ਹੈ। ਸਾਹਿਤ, ਕਲਾ ਅਤੇ ਸੰਸਕ੍ਰਿਤੀ ਨੂੰ ਵਸਤੂਆਂ ਵਿਚ ਬਦਲਾਕੇ ਉਹ ਵਿਅਕਤੀ ਦੀ ਸੁਭਾਵਿਕ ਰੁਚੀ ਵਿਚ ਏਨੀ ਗਿਰਾਵਟ ਲਿਆ ਦਿੰਦੀ ਹੈ ਕਿ ਇਨ੍ਹਾਂ ਖੇਤਰਾਂ ਵਿਚ ਕੋਈ ਗੰਭੀਰ ਅਤੇ ਮੁੱਲ-ਸੰਪੰਨ ਰਚਨਾਸ਼ੀਲਤਾ ਅਸੰਭਵ ਜਿਹੀ ਹੋ ਜਾਂਦੀ ਹੈ। ਉਹ ਲੇਖਕਾਂ ਤੋਂ ਉਨ੍ਹਾਂ ਦੇ ਪਾਠਕਾ ਨੂੰ ਖੋਹ ਲੈਂਦੀ ਹੈ।

ਅੰਤਰ-ਰਾਸ਼ਟਰੀ ਅਤੇ ਅੰਦਰੂਨੀ ਪਿਛਾਖੜ ਦੀ ਜ਼ਬਰਦਸਤ ਸਮਾਜਿਕ-ਸਾਂਸਕ੍ਰਿਤਿਕ ਮੁਹਿੰਮ ਦੇ ਬਾਵਜੂਦ ਸਾਡਾ ਇਹ ਵਿਸ਼ਵਾਸ ਕਿ ਇਸਨੂੰ ਵਿਸ਼ਵ ਅਤੇ ਸਾਡੇ ਦੇਸ਼ ਦੀ ਜਨਤਾ ਹਰਾ ਦੇਵੇਗੀ—ਅੱਜ ਸੱਚ ਹੁੰਦਾ ਦਿਖਾਈ ਦਿੰਦਾ ਹੈ। ਇਸ ਦੇ ਵਿਰੁੱਧ ਸੰਸਾਰ ਦੇ ਅਨੇਕਾਂ ਦੇਸ਼ਾਂ ਅਤੇ ਖੇਤਰਾਂ ਵਿਚ ਪ੍ਰਤੀਰੋਧ ਦੀਆਂ ਸ਼ਕਤੀਆਂ ਦਾ ਜਨਮ ਅਤੇ ਵਿਕਾਸ ਹੋ ਰਿਹਾ ਹੈ। ਸਾਨੂੰ ਆਪਣੇ ਦੇਸ਼ ਵਿਚ ਲੇਖਕਾਂ, ਸਭਿਆਚਾਰਕ ਕਾਰਜ-ਕਰਤਾਵਾਂ ਅਤੇ ਬੁੱਧੀਜੀਵੀਆਂ ਦੀ ਉਸ ਪਰੰਪਰਾ ਉੱਪਰ ਮਾਣ ਹੈ ਜਿਸ ਨੂੰ ਉਨ੍ਹਾਂ ਨੇ ਸਾਮਰਾਜਵਾਦ ਅਤੇ ਸਾਮੰਤਵਾਦ ਦੇ ਵਿਰੁੱਧ ਆਪਣੇ ਸੰਘਰਸ਼ ਵਿਚ ਕਾਇਮ ਕੀਤਾ ਸੀ। ਇਹ ਪਰੰਪਰਾ ਸਾਡੇ ਲਈ ਅੱਜ ਵੀ ਪ੍ਰੇਰਨਾ ਸਰੋਤ ਹੈ। ਅੱਜ ਇਸ ਸੰਕਟ ਦੇ ਦੌਰ ਵਿਚ ਜਦੋਂ ਸਾਡੀ ਰਾਸ਼ਟਰੀ ਸੁਤੰਤਰਤਾ ਤੇ ਏਕਤਾ ਅਤੇ ਲੋਕ ਸੰਘਰਸ਼ਾਂ ਦੁਆਰਾ ਪੈਦਾ ਹੋਏ ਲੋਕਤਾਂਤਰਿਕ ਮੁੱਲਾਂ ਅਤੇ ਲੋਕਤੰਤਰੀ ਸੰਸਥਾਵਾਂ ਉੱਪਰ ਪਿਛਾਖੜ ਦੀਆਂ ਇਨ੍ਹਾਂ ਦੋਵਾਂ ਸ਼ਕਤੀਆਂ ਵੱਲੋਂ ਹਮਲੇ ਲਗਾਤਾਰ ਤੇਜ਼ ਹੁੰਦੇ ਜਾ ਰਹੇ ਹਨ, ਅਸੀਂ ਆਪਣੇ ਦੇਸ਼ ਦੇ ਸਾਰੇ ਦੇਸ਼ ਭਗਤ, ਕੌਮੀ ਸੁਤੰਤਰਤਾ ਤੇ ਏਕਤਾ ਦੀ ਰਾਖੀ ਲਈ ਪ੍ਰਤੀਬੱਧ ਅਤੇ ਲੋਕਤੰਤਰਿਕ ਮੁੱਲਾਂ ਵਿਚ ਯਕੀਨ ਰੱਖਣ ਵਾਲੇ ਲੇਖਕਾਂ, ਸਭਿਆਚਾਰਕ ਕਾਰਜ ਕਰਤਾਵਾਂ ਅਤੇ ਬੁੱਧੀਜੀਵੀਆਂ ਨੂੰ ਸੱਦਾ ਦਿੰਦੇ ਹਾਂ ਕਿ ਨਾਗਰਿਕ, ਰਚਨਾਕਾਰ ਅਤੇ ਬੁੱਧੀਜੀਵੀਆਂ ਦੇ ਰੂਪ ਵਿਚ ਉਹ ਇਸ ਸੰਕਟ ਤੋਂ ਆਪਣੇ ਰਾਸ਼ਟਰ ਅਤੇ ਆਪਣੇ ਲੋਕਾਂ ਦੀ ਮੁਕਤੀ ਲਈ ਆਪਣੀ ਸਾਰੀ ਸ਼ਕਤੀ ਸਮਰਪਤ ਕਰਨ। ਸਾਨੂੰ ਵਿਸ਼ਵਾਸ ਹੈ ਕਿ ਇਸ ਸੰਕਟ ਵਿਚੋਂ ਮੁਕਤੀ ਪਾਉਣ ਵਿਚ ਅਸੀਂ ਸਫਲ ਹੋਵਾਂਗੇ।

(ਹ. ਸ. ਹ.)

## ਸੂਚਨਾ

'ਚਿਰਾਗ਼' ਦਾ ਅਗਲਾ ਅੰਕ ਗੁਰਬਖ਼ਸ਼ ਸਿੰਘ 'ਪ੍ਰੀਤ-ਲੜੀ' ਨੂੰ ਸਮਰਪਿਤ ਹੋਵੇਗਾ। ਚਿਰਾਗ਼ ਦੇ ਘੱਟੋ ਘੱਟ ਅੱਧੇ ਪੰਨੇ ਇਸ ਕਾਰਜ ਲਈ ਲਾਏ ਜਾਣਗੇ। —ਸੰਪਾਦਕ





## **ਸਾਦਕ ਦਾ ਸਿਦਕ**/ਹਰਭਜਨ ਸਿੰਘ ਹੁੰਦਲ

ਅਵਤਾਰ ਸਾਦਕ ਇੰਗਲੈਂਡ ਦੇ ਪ੍ਰਵਾਸੀ ਸਾਹਿਤਕ ਤੇ ਰਾਜਸੀ ਹਲਕਿਆਂ ਵਿਚ ਇਕ ਚਰਚਿਤ ਨਾਮ ਹੈ। ਉਹ ਭਾਰਤੀ ਮਜ਼ਦੂਰ ਸਭਾ (ਗ੍ਰੇਟ ਬ੍ਰਿਟਨ) ਦਾ ਸਿਰਕੱਢ ਆਗੂ ਹੈ। ਕੋਈ ਵਿਅਕਤੀ ਸਿਆਸੀ ਖੇਤਰ ਵਿਚ ਵੀ ਪਹਿਲੀ ਸਫ ਦਾ ਆਗੂ ਹੋਵੇ ਤੇ ਨਾਲ ਨਾਲ ਸਾਹਿਤਕ ਖੇਤਰ ਵਿਚ ਵੀ ਸਾਰੇ ਅਦਬ-ਨਿਵਾਜ਼ ਲੋਕ ਉਸ ਦਾ ਸਿੱਕਾ ਮੰਨਦੇ ਹੋਣ, ਇਹ ਗੱਲ ਘੱਟ ਹੀ ਵੇਖਣ ਨੂੰ ਮਿਲਦੀ ਹੈ। ਤੱਕੜੀ ਦਾ ਪੱਲੜਾ ਅਕਸਰ ਹੀ ਇਕ ਜਾਂ ਦੂਸਰੇ ਪਾਸੇ ਝੁਕ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਆਖ਼ਰ ਕਿਉਂ ? ਕੀ ਇਹ ਦੋਵੇਂ ਗੱਲਾਂ ਪ੍ਰਸਪਰ ਵਿਰੋਧੀ ਹਨ ?

ਤੁਸੀਂ ਜਦੋਂ ਵੀ ਸਾਦਕ ਨੂੰ ਮਿਲੋ, ਤਾਂ ਉਹ ਕਿਸੇ ਚੱਲ ਰਹੀ ਉਗਰਾਹੀ ਜਾਂ ਮੁਹਿੰਮ ਦੀ ਗੱਲ ਕਰੇਗਾ, ਕਿਸੇ ਰਾਜਸੀ ਸਰਗਰਮੀ ਵਿਚ ਸਿਰ ਤੀਕ ਖੁੱਭੇ ਹੋਣ ਦਾ ਜ਼ਿਕਰ ਛੇੜੇਗਾ। ਪਰ ਜੇ ਤੁਸੀਂ ਉਸ ਨਾਲ ਕਿਸੇ ਚਰਚਿਤ ਪੁਸਤਕ ਦੀ ਗੱਲ ਕਰੋ ਜਾਂ ਕਿਸੇ ਨਵੀਂ ਲਿਖੀ ਕਵਿਤਾ ਜਾਂ ਕਹਾਣੀ ਦੀ ਗੱਲ ਤੋਰੋ ਤਾਂ ਉਹ ਕਹੇਗਾ, "ਯਾਰ ਰਾਜਸੀ ਰੁਝੇਵਿਆਂ ਤੋਂ ਹੀ ਵਿਹਲ ਨਹੀਂ ਮਿਲਦੀ। ਕਰਾਂ ਕੀ ?" ਇਹੀ ਉਸ ਦੀ ਮੁੱਖ ਸਮੱਸਿਆ ਹੈ। ਪਰ ਸਿਆਣੇ ਆਖਦੇ ਨੇ, ਹਰ ਸਮੱਸਿਆ ਦਾ ਸਮਾਧਾਨ ਕੀਤਾ ਜਾ ਸਕਦਾ ਹੈ, ਫਿਰ ਸਾਦਕ ਹੋਰੀਂ ਕਿਉਂ ਕੋਈ ਉਪਰਾਲਾ ਨਹੀਂ ਕਰਦੇ ?

ਖ਼ੈਰ ਇਹ ਗੱਲਾਂ ਵਿਚਾਰਨ ਵਾਲੀਆਂ ਹਨ। ਕਦੇ ਮਿਲਾਂਗੇ ਤੇ ਵਿਚਾਰਾਂਗੇ। ਤੁਸੀਂ ਪੁੱਛੋਗੇ ਕਿ ਕੀ ਸਾਦਕ ਸਾਹਿਬ ਵਿਲਾਇਤ ਫੇਰੀ ਸਮੇਂ ਮਿਲੇ ਨਹੀਂ ਸੀ। ਮਿਲੇ ਤਾਂ ਸਨ ਪਰ ਹੋਰ ਗੱਲਾਂ ਹੁੰਦੀਆਂ ਰਹੀਆਂ। ਉਹਨਾਂ ਦੀ ਆਪਣੀ ਰਚਨਾ ਬਾਰੇ ਗੱਲ ਘੱਟ ਹੋਈ ਜਾਂ ਕਹਿ ਲਵੋ, ਹੋਈ ਹੀ ਨਹੀਂ।

ਚੰਗਾ ਸੀ ਸਾਦਕ ਸਾਹਿਬ ਖ਼ੁਦ ਹੀ ਗੱਲ ਤੋਰਦੇ। ਆਪਣੀ ਰਚਨ ਪ੍ਰਕਿਰਿਆ ਨਾਲ ਸਬੰਧਤ ਔਕੜਾਂ ਦੱਸਦੇ। ਕਹਾਣੀ ਕਿੱਥੇ ਬਣਨੋਂ ਰਹਿ ਜਾਂਦੀ ਹੈ, ਵਿਚਾਰਦੇ। ਪਰ ਜੇ ਕਹਾਣੀ ਬਾਰੇ ਗੱਲ ਤੁਰਦੀ ਤਾਂ ਮੈਂ ਕੋਈ ਲਾਹੇਵੰਦੀ ਗੱਲ ਕਰ ਵੀ ਨਹੀਂ ਸੀ ਸਕਣੀ। ਕਹਾਣੀ ਮੇਰਾ ਖੇਤਰ ਨਹੀਂ ਹੈ। ਪਰ ਯਾਰ, ਸਾਹਿਤ-ਰਚਨਾ ਦੇ ਮਸਲੇ ਤਾਂ ਸਾਂਝੇ ਹੀ ਹੁੰਦੇ ਹਨ। ਤੁਹਾਡੀ ਗੱਲ ਵੀ ਠੀਕ ਹੈ। ਸਾਂਝੇ ਵੀ ਹਨ ਤੇ ਵੱਖਰੇ ਵੀ।

ਸਾਦਕ ਸਾਹਿਬ ਕੱਚੀ ਸਮੱਗਰੀ ਦੀ ਗੱਲ ਕਰ ਰਹੇ ਸਨ। ਇਕ ਦਿਨ ਬੱਦਲਵਾਈ ਦਾ ਦਿਨ ਸੀ। ਕਦੇ ਬਾਰੀਕ ਜੇਹੀ, ਰੂੰ ਵਰਗੀ ਭੂਰ ਪੈਂਦੀ, ਕਦੇ ਰੁਕ ਜਾਂਦੀ ਅਸੀਂ ਉਨ੍ਹਾਂ ਦੇ ਬਰਾਂਡੇ ਵਿਚ ਬੈਠੇ ਹੋਏ ਸੀ।

ਮੈਂ ਆਖਿਆ, "ਕੋਈ ਕਹਾਣੀ ਸੁਣਾਓ, ਜਿਹੜੀ ਹਾਲੀ ਅਣਲਿਖੀ ਹੋਵੇ। ਜੀਵਨ ਦਾ ਅਸਲੀ ਤਜਰਬਾ, ਕੱਚੀ ਸਮੱਗਰੀ।"

ਕਹਿਣ ਲੱਗੇ, "ਮੇਰਾ ਇਕ ਮਿੱਤਰ ਹੈ। ਬੁੱਢਾ ਆਦਮੀ। ਸਾਡਾ ਹਮਦਰਦ ਵੀ ਹੈ। ਕਦੇ ਜਲਸੇ ਜਲੂਸਾਂ ਵਿਚ ਵੀ ਜਾਂਦਾ ਆਉਂਦਾ ਹੁੰਦਾ ਸੀ। ਦੋ ਮੁੰਡੇ ਨੇ ਤੇ ਦੋ ਕੁੜੀਆਂ। ਘਰ ਵਾਲੀ

ਵੀ ਕਾਇਮ ਹੈ। ਮੁੰਡੇ ਗੋਰੀਆਂ ਨੂੰ ਘਰ ਲਿਆਉਣ ਲੱਗ ਪਏ ਤੇ ਕੁੜੀਆਂ ਆਪਣੇ ਹਾਣੀਆਂ ਨੂੰ। ਅੱਠ ਜਣੇ। ਕੋਈ ਆਉਂਦਾ, ਕੋਈ ਜਾਂਦਾ। ਮਾਈ ਆਪਣੇ ਬੱਚਿਆਂ ਨਾਲ ਸਹਿਮਤ ਸੀ। ਸਾਰੀ ਦਿਹਾੜੀ ਰੋਟੀਆਂ ਪਕਾਉਂਦੀ, ਚਾਹ ਬਣਾਉਂਦੀ। ਬੁੱਢਾ ਦੁੱਖੀ ਹੁੰਦਾ। ਅਖੀਰ ਸਭ ਨੇ ਸੋਚਿਆ ਇਸ ਬੁੱਢੇ ਨੂੰ ਕੱਢੀਏ ਘਰੋਂ। ਬੁੱਢਾ ਦੁਖੀ ਹੋਇਆ, ਰੋਇਆ ਕੁਰਲਾਇਆ। ਅਖੀਰ ਉਸ ਨੇ ਮੈਨੂੰ ਟੈਲੀਫੂਨ ਕੀਤਾ। ਮੈਂ ਗਿਆ। ਸਭ ਦੀ ਗੱਲ ਸੁਣੀ। ਪਰ ਮੇਰੇ ਲਈ ਇਹ ਨਵੀਂ ਸਮੱਸਿਆ ਸੀ। ਪੂਰੀ ਦੀ ਪੂਰੀ ਕਹਾਣੀ।"

"ਸਾਦਕ ਸਾਹਿਬ ਪੂਰੀ ਕਹਾਣੀ ਤਾਂ ਕਦੇ ਵੀ ਨਹੀਂ ਮਿਲਦੀ। ਸਦਾ ਅਧੂਰੀ ਹੀ ਮਿਲਦੀ ਹੈ। ਪੂਰੀ ਤਾਂ ਆਪ ਕਰਨੀ ਪੈਂਦੀ ਹੈ। ਕੁਝ ਕੱਢਣਾ, ਕੁਝ ਪਾਉਣਾ। ਕੀ ਰੱਖਣਾ ਹੈ, ਕੀ ਨਵਾਂ ਕੋਲੋਂ ਪਾਉਣਾ ਹੈ। ਇਹੀ ਤਾਂ ਅਸਲ-ਸਮੱਸਿਆ ਹੈ ਸਿਰਜਣਾ ਦੀ।':

"ਠੀਕ ਹੈ, ਇਹੀ ਔਕੜ ਹੈ ਹੁੰਦਲ ਸਾਹਿਬ। ਰਾਜਸੀ ਕੰਮਾਂ ਤੋਂ ਏਨੀ ਵਿਹਲ ਹੀ ਨਹੀਂ ਮਿਲਦੀ ਕਿ ਰਚਨਾ ਵੱਲ ਪੂਰਾ ਧਿਆਨ ਦਿਤਾ ਜਾ ਸਕੇ।"

ਯੂ. ਕੇ. ਦੀ ਫੇਰੀ ਸਮੇਂ ਮੈਨੂੰ ਉਹਨਾਂ ਦੇ ਘਰ ਕਈ ਵਾਰ ਜਾਣ ਦਾ ਮੌਕਾ ਮਿਲਿਆ। ਲੰਮੀਆਂ ਵਿਚਾਰਾਂ ਵੀ ਹੋਈਆਂ ਹਨ। ਮੈਂ ਉਹਨਾਂ ਦੀ ਲਾਇਬਰੇਰੀ ਵੀ ਸਾਰੀ ਫੋਲ ਮਾਰੀ ਹੈ। ਲਾਇਬਰੇਰੀ ਤੋਂ ਹੀ ਮੈਂ ਅਨੁਮਾਨ ਲਾ ਲੈਂਦਾ ਹਾਂ ਕਿ ਘਰ ਦੇ ਮਾਲਕ ਦੀ ਰੁੱਚੀ ਵਧੇਰੇ ਕਿੱਧਰ ਹੈ। ਸਾਦਕ ਹੋਰਾਂ ਦੀ ਲਾਇਬਰੇਰੀ ਵਿਚ ਮਾਰਕਸਵਾਦ/ਲੈਨਿਨਵਾਦ ਦੇ ਕਿਤਾਬਚੇ ਤੇ ਕਿਤਾਬਾਂ ਵਧੇਰੇ ਹਨ, ਤੇ ਸਾਹਿਤ ਦੇ ਘੱਟ। ਸਿਆਸੀ ਰੁਝੇਵੇਂ ਕਾਰਨ ਉਹਨਾਂ ਨੂੰ ਇਹ ਸਭ ਕੁਝ ਪਹਿਲ ਦੇ ਆਧਾਰ ਤੇ ਪੜ੍ਹਨਾ ਪੈਂਦਾ ਹੈ। ਸਿਆਸੀ ਜੀਵਨ ਦੇ ਖ਼ਤਰਿਆਂ ਨੂੰ ਕਿਵੇਂ ਪਹਿਲ ਦਿੰਦੇ ਹਨ, ਮੈਨੂੰ ਇਸ ਦੀ ਇਕ ਮਿਸਾਲ ਯਾਦ ਆਉਂਦੀ ਹੈ

ਮੇਰੀ ਯੂ. ਕੇ. ਯਾਤਰਾ ਦੇ ਸਭ ਜੁਗਾੜ ਪੂਰੇ ਹੋ ਚੁੱਕੇ ਸਨ ਕਿ ਪੰਜਾਬ ਵਿਚ ਮੈਨੂੰ ਸਾਦਕ ਹੋਰਾਂ ਦਾ ਸੁਨੇਹਾ ਮਿਲਿਆ। ਚਿੱਟ ਪੜ੍ਹ ਕੇ ਹੈਰਾਨ ਹੋਇਆ।

'ਜਦੋਂ ਤੁਸੀਂ ਏਥੇ ਆਏ ਤਾਂ ਅਤਿਵਾਦੀਆਂ ਦੇ ਬੁਲਾਰੇ' ਅਖਬਾਰ 'ਦੇਸ-ਪ੍ਰਦੇਸ' ਵਿਚ ਕੋਈ ਸੂਚਨਾ ਨਹੀਂ ਛਪਵਾਉਣੀ ਆਪਣੀ ਫੇਰੀ ਦੀ। ਨਾ ਉਸ ਨੂੰ ਕੋਈ ਇੰਟਰਵੀਊ ਹੀ ਦੇਣੀ ਹੈ। ਅਸੀਂ ਸਭ ਮਿੱਤਰ ਏਥੇ ਵੀ ਅਤਿਵਾਦੀਆਂ ਦੇ ਵਿਰੁੱਧ ਇਕ ਭਾਂਤ ਦੀ ਲੜ ਲੜਾਈ ਰਹੇ ਹਾਂ। ਸਮਾਗਮਾਂ ਜਾਂ ਮੀਟਿੰਗਾਂ ਦਾ ਪ੍ਰਬੰਧ ਅਸੀਂ ਆਪੇ ਕਰ ਲਵਾਂਗੇ, ਇਸ ਦੀ ਚਿੰਤਾ ਨਾ ਕਰਿਓ।"

ਸੋਚਿਆ, ਕਿੰਨਾ ਫਿਕਰ ਹੈ ਸਾਦਕ ਨੂੰ ਮੇਰਾ ਤੇ ਲੜੀ ਜਾ ਰਹੀ ਲੜਾਈ ਦੇ ਪੈਂਤੜਿਆਂ ਦਾ।

ਸਾਦਕ ਸਾਹਿਬ ਹੁਣ ਕਾਫੀ ਚਿਰ ਤੋਂ ਸ਼ਰਾਬ ਨਹੀਂ ਪੀਂਦੇ। ਪਰ ਯੂ. ਕੇ. ਵੱਸਦੇ ਪੰਜਾਬੀ ਘਰਾਂ ਵਿਚ ਹਰ ਤਰ੍ਹਾਂ ਦੀ ਬੀਅਰ, ਵਾਈਨ, ਵਿਸਕੀ ਪਈ ਹੁੰਦੀ ਹੈ। ਉਹ ਪਰਾਹੁਣੇ ਤੇ ਸ਼ਰਾਬ ਬੰਦੀ ਲਾਗੂ ਨਹੀਂ ਕਰਦੇ। ਸਾਦਕ ਹੋਰਾ ਦੇ ਘਰ ਵੀ ਇੰਝ ਹੀ ਹੁੰਦਾ ਰਿਹਾ ਹੈ। ਸ਼ਾਮ ਨੂੰ ਮੈਨੂੰ ਪੁੱਛਦੇ, ਕਿਹੜੀ ਪੀਣੀ ਹੈ?

'ਮੈਂ ਕਹਿਣਾ, ਜੇ ਤੁੱਠੇ ਹੋ ਤਾਂ ਦੋ ਪੈਗ ਫਰਾਂਸੀਸੀ ਵਾਈਨ ਦੇ ਹੋ ਜਾਣ।'

ਇਕ ਦਿਨ ਮੈਂ ਉਹਨਾਂ ਦੇ ਘਰ ਪੁੱਜਿਆ ਤਾਂ ਉਹ ਕਿਸੇ ਮੁਹਿੰਮ ਤੇ ਚੜ੍ਹਨ ਦੀ ਤਿਆਰੀ



ਕਰ ਰਹੇ ਸਨ। ਕਹਿਣ ਲੱਗੇ: 'ਏਥੇ ਘਰ ਕੀ ਕਰੇਂਗਾ, ਅਸੀਂ ਰੁੱਝੇ ਹੋਏ ਹਾਂ, ਸਾਰੇ। ਨਾਲ ਦਿਆਲ ਹੈ, ਫਰਮਾ ਹੈ ਤੇ ਦੁਸਾਂਝ ਵੀ। ਦੇਸ਼-ਸੇਵਕ ਲਈ ਦੋ ਲੱਖ ਪੌਂਡ ਸਾਨੂੰ ਲੱਗੇ ਨੇ। ਅਸੀਂ ਇਕ ਲੱਖ ਇਕੱਠੇ ਕਰ ਲਏ ਹਨ। ਆਓ ਬੈਠੋ ਕਾਰ ਵਿਚ, ਚਲੀਏ ਉਗਰਾਹੀ ਤੇ।

ਸੋਚਿਆ, ਨਵੇਂ ਅਨੁਭਵ ਦੇ ਰੂ-ਬਰੂ ਹੋਣ ਦਾ ਮੌਕਾ ਮਿਲ ਰਿਹਾ ਹੈ। ਘਰ ਬਹਿ ਕੇ ਵੀ ਕੀ ਕਰਾਂਗਾ।

ਪਹਿਲਾਂ ਜਿਸ ਸੱਜਣ ਦੇ ਘਰ ਗਏ, ਉਸ ਦਾ ਕੱਪੜੇ ਦਾ ਚੰਗਾ ਕੰਮ-ਧੰਦਾ ਸੀ। ਮੇਜ਼ਬਾਨ ਘਰੇ ਹੀ ਸੀ। ਚਾਰ ਸੱਜਣਾਂ ਨੂੰ ਆਏ ਵੇਖ ਉਸ ਸਕਾਚ ਦੀ ਬੋਤਲ ਕੱਢ ਕੇ ਲਿਆ, ਮੇਜ਼ ਤੇ ਰਖੀ। ਮੈਂ ਸੋਚਾਂ, ਲੈ ਹੋ ਗਈ ਉਗਰਾਹੀ! ਪਰ ਇਹ ਏਥੋਂ ਦਾ ਸ਼ਿਸ਼ਟਾਚਾਰ ਹੈ। ਦੂਜੇ ਪੈਗ ਤੇ ਉਹ ਪੁੱਛਣ ਲੱਗਾ; ਕਿਵੇਂ ਆਉ ਹੋ ਕਾਮਰੇਡ?'

'ਪੰਜਾਬ ਦੀ ਹਾਲਤ ਦਾ ਤਾਂ ਤੁਹਾਨੂੰ ਪਤਾ ਹੀ ਹੈ। ਦੇਸ਼ ਗੇੜਾ ਮਾਰਨਾ ਵੀ ਔਖਾ ਹੋਇਆ। ਜੇ ਕੋਈ ਭੁੱਲ-ਭੁਲੇਖੇ ਚਲਾ ਵੀ ਜਾਵੇ, ਭੈਣਾਂ ਭਰਾਵਾਂ ਨੂੰ ਮਿਲਣ, ਤਾਂ ਆ ਜਾਂਦੇ ਨੇ ਪੀਲੇ ਪਟਕਿਆਂ ਵਾਲੇ ਤੇ ਕਹਿੰਦੇ ਨੇ, ਪੰਥ ਤੇ ਭੀੜ ਬਣੀ ਹੋਈ ਹੈ। ਕੱਢੋ ਜੋ ਕੁਝ ਲਿਆਂਦਾ ਜੇ ਬਾਹਰੋਂ। ਮਸਲਾ ਹੱਲ ਹੋਵੇ ਤਾਂ ਸੁੱਖ ਦਾ ਸਾਹ ਆਵੇ।' ਸਾਦਕ ਹੋਰਾਂ ਭੂਮਿਕਾ ਬੰਨ੍ਹੀ·

ਮੈਂ ਸੋਚਿਆ ਗੱਲ ਤਾਂ ਸੁਹਣੀ ਸ਼ੁਰੂ ਕੀਤੀ ਹੈ ਵੇਖੀਏ ਕੀ ਸਿੱਟਾ ਨਿਕਲਦਾ ਹੈ।

'ਇਕ ਐਸੀ ਅਖਬਾਰ ਹੋਵੇ, ਜਿਹੜੀ ਨਿਰਭੈ ਹੋ ਕੇ ਪੰਜਾਬ ਦੇ ਮਸਲੇ ਨੂੰ ਚੁੱਕੇ ਤੇ ਧਰਮ ਤੋਂ ਉਤਾਂਹ ਉੱਠ ਕੇ ਸਾਰੇ ਪੰਜਾਬੀਆਂ ਦੇ ਸਾਂਝੇ ਮਸਲਿਆਂ ਦੀ ਗੱਲ ਕਰੇ। ਅੜਿੱਕੇ ਦੂਰ ਕਰਨ ਲਈ ਰਾਹ ਸਾਫ਼ ਕਰੇ।' ਸਾਦਕ ਹੋਰਾਂ ਗੱਲ ਨੂੰ ਅੱਗੇ ਤੋਰਦਿਆਂ ਕਿਹਾ।

ਮੇਜ਼ਬਾਨ ਇਹਨੀਂ ਦਿਨੀਂ ਪੰਜਾਬ ਦਾ ਗੇੜਾ ਮਾਰ ਕੇ ਗਿਆ ਸੀ। ਕਹਿਣ ਲੱਗਾ, 'ਇਕ ਅਖਬਾਰ ਮੈਂ ਪੜ੍ਹਦਾ ਰਿਹਾਂ ਪੰਜਾਬ ਵਿਚ। ਉਹਦੇ ਵਿਚ ਕੀ ਨੁਕਸ ਹੈ? ਸੁਹਣੇ ਸੰਪਾਦਕੀ ਲਿਖਦੇ ਨੇ ਮੁੱਖ-ਸੰਪਾਦਕ ਸਾਹਿਬ।'

ਕੜਿੱਕੀ ਫਸ ਗਈ ਸੀ ਮੌਕੇ ਦੀ ਨਜ਼ਾਕਤ ਨੂੰ ਵੇਖ ਸਾਦਕ ਸਾਹਿਬ ਕਹਿਣ ਲੱਗੇ; 'ਹੁੰਦਲ' ਹੋਰੀਂ ਵੀ ਪੰਜਾਬ ਤੋਂ ਆਏ ਨੇ। ਇਹ ਵੀ ਆਪਣੇ ਤਜਰਬੇ ਦੱਸਣਗੇ।'

ਮੈਂ ਕਿਹਾ; 'ਕੁਝ ਅਖ਼ਬਾਰਾਂ ਅਤਿਵਾਦੀਆਂ ਦੇ ਬੁਲਾਰੇ ਬਣ ਗਈਆਂ ਹਨ। ਬੰਦੂਕਾਂ ਦੇ ਖੌਫ਼ ਨੇ ਪੱਤਰਕਾਰਾਂ ਦਾ ਲਹੂ ਸੁਕਾ ਦਿੱਤਾ ਹੈ। ਜੱਗ-ਬਾਣੀ ਦੇ ਕਈ ਸੰਪਾਦਕ, ਪੱਤਰਕਾਰ ਤੇ ਏਜੰਟ ਮਾਰੇ ਗਏ ਹਨ। ਤੁਹਾਡੀ ਦੱਸੀ ਅਖਬਾਰ ਵਿਚ ਅਤਿਵਾਦੀਆਂ ਦੇ ਸਪੱਸ਼ਟੀਕਰਨ, ਧਮਕੀਆਂ ਤੇ ਸ਼ਹੀਦੀ ਸਮਾਗਮਾਂ ਦੇ ਇਸ਼ਤਿਹਾਰ ਨਿੱਤ ਛਪਦੇ ਹਨ। ਖ਼ਬਰਾਂ ਦੇਣ ਆਏ ਮੁੰਡੇ ਸ਼ਰੇ-ਆਮ ਧਮਕਾਉਂਦੇ ਹਨ। ਅਖ਼ਬਾਰ ਉਹ ਹੋਵੇ, ਜਿਹੜੀ ਹੱਕ ਸੱਚ ਤੇ ਪਹਿਰਾ ਦੇਵੇ।'

ਹਾਂ, ਇਹ ਗੱਲ ਤਾਂ ਠੀਕ ਹੈ, ਸਪਸ਼ਟੀਕਰਨ ਤੇ 'ਸ਼ਹੀਦਾਂ' ਦੇ ਭੋਗ ਦੀਆਂ ਤਸਵੀਰਾਂ ਤਾਂ ਮੈਂ ਵੀ ਵੇਖੀਆਂ ਹਨ। ਇਹ ਕਮਜ਼ੋਰੀ ਹੈ। ਭੈ ਕਾਹੂ ਕੋ ਦੇਤ ਹੈ, ਨਾ ਭੈ ਮਾਨਤ ਆਨ '

ਗੱਲ ਟਿਕਾਣੇ ਤੇ ਆ ਲੱਗੀ ਸੀ ਤੇ ਪ੍ਰਵਾਸੀ ਤੀਸਰੇ ਪੈੱਗ ਤੇ ਕਹਿਣ ਲੱਗਾ, 'ਕਾਮਰੇਡ ਤੁਸੀਂ ਦੇਰ ਤੋਂ ਪੰਜਾਬੀਆਂ ਲਈ ਲੜਦੇ ਆਏ ਹੋ ਤੁਹਾਨੂੰ ਨਾਂਹ ਕਰਨੀ ਔਖੀ ਹੈ। ਹੁਕਮ ਕਰੋ??

"ਪੰਜ ਸੌ ਪੌਂਡ ਲੈਣੇ ਨੇ ਤੁਰਾਥੋਂ।" ਸੁਣ ਕੇ ਉਹ ਕੁਝ ਘਬਰਾਇਆ, ਪਰ ਫਿਰ ਕਾਇਮ ਹੋ ਗਿਆ। ਅਖੀਰ ਉਸ ਕਿਹਾ, "ਢਾਈ ਸੌ ਹੁਣ ਲੈ ਜਾਓ, ਬਾਕੀ ਫੇਰ ਦੂਜੇ ਗੇੜੇ।"

'ਠੀਕ ਹੈ' ਸਾਦਕ ਸਾਹਿਬ ਕਹਿਣ ਲੱਗੇ। ਖੁਸ਼ੀ ਖੁਸ਼ੀ ਅਸੀਂ ਸਾਰੇ ਫਿਰ ਕਾਰ ਵਿਚ ਆ ਬੈਠੇ।

"ਪਹਿਲਾਂ ਅਸੀਂ ਚੀਮਾਂ-ਭਵਨ ਲਈ ਵੀ ਫੰਡ ਇਕੱਠਾ ਕੀਤਾ ਸੀ, ਫਿਰ ਕਿਊਬਾ ਦੀ ਸਹਾਇਤਾ ਲਈ, ਫਿਰ ਸੁਹੇਲ ਦੀ ਪਤਨੀ ਦੇ ਘਰ ਲਈ ਤੇ ਹੁਣ ਅਖ਼ਬਾਰ ਲਈ। ਇਹ ਕੰਮ ਤਾਂ ਚੱਲਦੇ ਹੀ ਰਹਿੰਦੇ ਹਨ।'

ਪ੍ਰਸ਼ਨ ਤਾਂ ਇਹ ਸੀ ਕਿ ਸਿਆਸੀ ਸਰਗਰਮੀਆਂ ਚੋਂ, ਪ੍ਰਾਪਤ ਕੀਤੇ ਅਨੁਭਵ ਨੂੰ ਕਹਾਣੀ ਵਿਚ ਕਿਵੇਂ ਪ੍ਰੋਇਆ ਜਾਵੇ। ਅਨੁਭਵ ਤਾਂ ਸੀ, ਪਰ ਉਸ ਨੂੰ ਪੇਸ਼ ਕਰਨ ਦੀ ਅਦੱਤੀ ਕਲਾ ਦੀ ਪ੍ਰਾਪਤੀ ਕਿਵੇਂ ਹੋਵੇ ? ਕਲਾ ਨਿਰੰਤਰ ਸਾਧਨਾਂ ਦੀ ਮੰਗ ਕਰਦੀ ਹੈ। ਇਸ ਦੀ ਪ੍ਰਾਪਤੀ ਲਈ ਰਿਆਜ਼ ਕਰਨਾ ਪੈਂਦਾ ਹੈ ਹਰ ਰੋਜ਼ ਤੇ ਨਿੱਠ ਕੇ।

ਮੈਂ ਸਾਦਕ ਹੋਰਾਂ ਦੀਆਂ ਟਾਵੀਆਂ ਟਾਵੀਆਂ ਕਹਾਣੀਆਂ ਤੇ ਕਵਿਤਾਵਾਂ ਪੜ੍ਹੀਆਂ ਸਨ। ਉਹਨਾਂ ਵਿਚ ਅਨੁਭਵ ਦੀ ਨਵੀਨਤਾ ਤਾਂ ਸੀ, ਪਰ ਕਲਾ ਪੱਖੋਂ ਪੇਸ਼ਕਾਰੀ ਪ੍ਰਭਾਵਸ਼ਾਲੀ ਨਹੀਂ ਸੀ। ਸਮੱਸਿਆ ਦੇ ਨਾਲ ਨਾਲ ਉਸ ਦਾ ਹੱਲ ਵੀ ਪੇਸ਼ ਕਰਨ ਦੀ ਕੋਸ਼ਿਸ਼ ਭਾਰੂ ਦਿਸਦੀ ਸੀ। ਪਾਤਰ ਪਾਰਟੀ ਦੇ ਬੁਲਾਰੇ ਪ੍ਰਤੀਤ ਹੁੰਦੇ ਸਨ। ਪ੍ਰਚਾਰ ਜਾਂ ਮਨੋਰਥ ਭਾਰੂ ਹੋ ਜਾਂਦਾ ਸੀ। ਸਪਸ਼ਟ ਹੈ ਕਿ ਕਲਾ ਦੇ ਰਾਜਸੀ ਮਨੋਰਥ ਪਹਿਲੀ ਥਾਂ ਤੇ ਆ ਜਾਂਦੇ ਸਨ ਤੇ ਪੇਸ਼ਕਾਰੀ ਕਮਜ਼ੋਰ ਰਹਿ ਜਾਂਦੀ ਸੀ ਇਹ ਦੁਖਾਂਤ ਕਿਸੇ ਇਕ ਲੇਖਕ ਨਾਲ ਨਹੀਂ, ਅਨੇਕਾਂ ਨਾਲ ਵਾਪਰ ਚੁੱਕਾ ਸੀ। ਰੂਪ ਤੇ ਵਿਸ਼ੇ ਦੀ ਏਕਤਾ, 'ਉਚਤਮ ਕਲਾਤਮਿਕ ਸੰਪੂਰਣਤਾ' ਦੀ ਪ੍ਰਾਪਤੀ ਕੋਈ ਆਸਾਨ ਕਾਰਜ ਨਹੀਂ ਹੁੰਦਾ। ਮੈਂ ਖੁਦ ਵੀ ਏਸੇ ਭਵਜਲ ਚੋਂ ਨਿਕਲ ਕੇ ਆਇਆ ਸੀ। ਸਾਦਕ ਸਾਹਮਣੇ ਵੀ ਇਹੀ ਗੰਭੀਰ ਚੁਣੌਤੀ ਸੀ। ਪਰ ਭਾਰਤੀ ਮਜ਼ਦੂਰ ਸਭਾ ਦੀ ਪ੍ਰਧਾਨਗੀ ਤੇ ਗਰੇਟ ਬ੍ਰਿਟਨ ਕਮਿਊਨਿਸਟ ਪਾਰਟੀ ਦੀ ਜਨਰਲ ਸਕੱਤਰੀ ਕੋਈ ਤਗਮੇਂ ਨਹੀਂ ਸਨ ਕਿ ਕੋਟ ਦੇ ਕਾਲਰ ਤੇ ਲਾ ਕੇ ਪ੍ਰਾਹੁਣਿਆਂ ਨੂੰ ਵਿਖਾਉਂਦੇ ਫਿਰਦੇ। ਇਸ ਲਈ ਕੁਰਬਾਨੀ ਕਰਨੀ ਪੈਂਦੀ ਹੈ ਤੇ ਸਾਦਕ ਨੂੰ ਵੀ ਇਹ ਕਰਨੀ ਪੈ ਰਹੀ ਸੀ। ਸਾਹਿਤ ਤੇ ਸਿਆਸਤ ਵਿਚੋਂ ਉਸ ਨੂੰ ਸਿਆਸਤ ਦੀ ਚੋਣ ਕਰਨੀ ਪਈ ਹੈ। ਉਸ ਨੂੰ ਇਹ ਚੋਣ ਮੁਬਾਰਕ।

ਸਿਆਸਤ ਨੂੰ ਚੰਗਾ ਸਾਹਿਤ ਕਿਵੇਂ ਬਣਾਉਣਾ ਹੈ। ਇਸ ਗੱਲ ਦਾ ਜਵਾਬ ਲੱਭਣਾ ਔਖਾ ਹੈ, ਪਰ ਜੇ ਵੀਹਵੀਂ ਸਦੀ ਦੇ ਸੰਸਾਰ ਪ੍ਰਸਿੱਧ ਪ੍ਰਗਤੀ ਸ਼ੀਲ/ਕਰਾਂਤੀਕਾਰੀ ਲੇਖਕਾਂ ਦੀਆਂ ਰਚਨਾਵਾਂ ਚੋਂ ਇਸ ਪ੍ਰਸ਼ਨ ਦਾ ਉੱਤਰ ਲੱਭਣ ਦਾ ਯਤਨ ਕਰੀਏ ਤਾਂ ਨਿਰਾਸ ਨਹੀਂ ਹੋਣਾ ਪਵੇਗਾ।

ਡਰਬੀ ਜਾਂ ਨੌਟਿੰਗਮ ਤੋਂ ਲਿਸਟਰ ਨੂੰ ਮੁੜਦੇ, ਜਦ ਵੀ ਮੈਂ ਉਸ ਕੋਲ ਠਹਿਰਦਾ ਉਹ ਕਿਸੇ ਨਾ ਕਿਸੇ ਮੁਹਿੰਮ ਤੇ ਚੜ੍ਹੇ ਮਿਲਦੇ। ਮੈਂ ਮਿੱਤਰਾਂ ਕੋਲੋਂ ਸੁਣਿਆ ਹੋਇਆ ਸੀ ਕਿ ਕਾਮਰੇਡਾਂ ਦੀ ਖਾਲਸਤਾਨੀਆਂ ਨਾਲ ਇਕ ਮੀਟਿੰਗ ਵਿਚ ਸਿੱਧੀ ਲੜਾਈ ਹੋਈ ਸੀ, ਪਰ ਮੈਨੂੰ ਵੇਰਵਿਆਂ ਦਾ ਪਤਾ ਨਹੀਂ ਸੀ। ਮੈਂ ਆਖਿਆ, 'ਸਾਦਕ ਸਾਹਿਬ ਗੱਲ ਕਿਵੇਂ ਹੋਈ ?"

'ਅਸਲ ਵਿਚ ਇਹ ਅਤਵਾਦ ਦੀ ਚੜ੍ਹਤ ਤੇ ਦਿਨ ਸਨ। ਅਸੀਂ ਸ਼ਹਿਰ ਵਿਚ ਪਬਲਿਕ ਮੀਟਿੰਗ ਰੱਖੀ ਸੀ ਤੇ ਇਸ ਗੱਲ ਦਾ ਉਹਨਾਂ ਨੂੰ ਪਤਾ ਸੀ। ਉਹਨਾਂ ਨਾਲ ਸਿੱਧਾ ਕੋਈ ਵੀ ਟੱਕਰ



ਲੈਣ ਦਾ ਹੌਸਲਾ ਨਹੀਂ ਸੀ ਕਰਦਾ। ਏਥੇ ਹਥਿਆਰ ਰੱਖਣ ਦੀ ਮਨਾਹੀ ਹੈ। ਅਸੀਂ ਕਾਰਾਂ ਨੂੰ ਜੰਦਰੇ ਲਾਉਣ ਵਾਲੇ ਰਾਡ, ਨਾਲ ਲੈ ਕੇ ਆਏ ਸੀ। ਮੀਟਿੰਗ ਸ਼ੁਰੂ ਹੋਣ ਤੇ ਸਾਥੀ ਪ੍ਰੇਮ ਸਿੰਘ ਬੋਲ ਰਹੇ ਸਨ ਕਿ ਉਹਨਾਂ ਮਾਈਕ ਖੋਹ ਲਿਆ ਤੇ ਹੱਲਾ ਪਾ ਦਿੱਤਾ। ਅਸੀਂ ਉਹ ਰਾਡ ਕੱਢ ਲਏ ਤੇ ਜੋ ਵੀ ਕਾਬੂ ਆਇਆ ਛੱਲੀਆਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਭੱਜ ਉਠੇ ਤੇ ਉਸ ਤੋਂ ਬਾਅਦ ਫਿਰ ਉਹਨਾਂ ਦੀ ਸਾਡੇ ਨਾਲ ਪੰਗਾ ਲੈਣ ਦੀ ਹਿੰਮਤ ਨਹੀਂ ਪਈ।"

ਸਾਦਕ ਸਾਹਿਬ, 'ਨਕਸਲਵਾਦੀਆਂ ਨਾਲ ਭਾਰਤੀ ਮਜ਼ਦੂਰ ਸਭਾ ਦੇ ਪ੍ਰਸੰਗ ਵਿਚ ਏਕਤਾ ਦੀ ਗੱਲ ਕਿਵੇਂ ਚੱਲੀ ਏ।

"ਇਹ ਏਕਤਾ ਸਮਾਜਕ ਸਥਿਤੀ ਦੀ ਹੀ ਪੈਦਾਵਾਰ ਹੈ। ਅਤਿਵਾਦ ਦੀ ਚੜ੍ਹਤ ਸਮੇਂ ਪ੍ਰਵਾਸੀ ਲੋਕਾਂ ਦੀਆਂ ਔਕੜਾਂ ਦੂਰ ਕਰਨ ਲਈ, ਕਾਫੀ ਮੁਸ਼ਕਲਾਂ ਆ ਰਹੀਆਂ ਸਨ ਖੱਬੇ ਪੱਖੀ ਤੇ ਧਰਮ ਨਿਰਪੱਖ ਧਿਰਾਂ ਦੀ ਏਕਤਾ ਤੋਂ ਬਿਨਾਂ ਫਿਰਕੂ ਜਨੂੰਨੀਆਂ ਨਾਲ ਲੜਨਾ ਮੁਸ਼ਕਿਲ ਹੋ ਰਿਹਾ ਸੀ। ਉਂਝ ਵੀ ਹੁਣ ਭਾਰਤੀ ਮਜ਼ਦੂਰ ਸਭਾ ਵਿਚ ਪਹਿਲੇ ਵਾਲੀ ਜੰਤਕ-ਸਰਗਰਮੀ ਨਹੀਂ ਰਹੀ। ਕਿਉਂਕਿ ਆਮ ਪ੍ਰਵਾਸੀਆਂ ਦੀਆਂ ਜੀਵਨ-ਹਾਲਤਾਂ ਵਿਚ ਬੜਾ ਪ੍ਰੀਵਰਤਨ ਆ ਚੁੱਕਾ ਹੈ।"

'ਬਾਕੀ ਖੱਬੀਆਂ ਧਿਰਾਂ ਦੇ ਟਾਕਰੇ ਦੇ ਆਪਣੀ ਜਥੇਬੰਦਕ ਸਥਿਤੀ ਕਿਸ ਤਰ੍ਹਾਂ ਦੀ ਹੈ ?'

'ਫਰੈਂਡਜ਼ ਆਫ ਸੀ. ਪੀ. ਆਈ. ਕੁਝ ਬਚੇ ਖੁਚੇ ਮਿੱਤਰ ਹਨ, ਜਿਹੜੇ ਬਾਹਰੋਂ ਆਏ ਕਿਸੇ ਆਗੂ ਨੂੰ ਚਾਹ-ਪਾਣੀ ਪਿਆ ਛੱਡਦੇ ਹਨ। ਨਕਸਲਵਾਦੀ ਫੁੱਟ ਕਾਰਨ, ਖਿੰਡ-ਪਿੰਡ ਗਏ ਹਨ, ਉਤਸ਼ਾਹ ਹੀਣ ਹੋ ਗਏ ਹਨ। ਸਾਡੇ ਕੋਲ ਦੋ ਢਾਈ ਸੌ ਪੱਕੇ ਠੱਕੇ ਵਰਕਰ ਹਨ, ਜਿਹੜੇ ਹਰ ਮੁਹਿੰਮ ਵਿਚ ਮੁੜਾਸੇ ਬੰਨ ਕੇ ਤੁਰ ਪੈਂਦੇ ਹਨ, ਪਰ ਨਵੀਂ ਪੀੜ੍ਹੀ 'ਚੋਂ ਹੁਣ ਕਾਡਰ ਨਹੀਂ ਆ ਰਿਹਾ।"

ਸਾਦਕ ਦਾ ਛੋਟਾ ਜਿਹਾ ਪ੍ਰੀਵਾਰ ਹੈ। ਪਤਨੀ ਤੇ ਸਵਾ-ਲੱਖ ਪੁੱਤਰ। ਉਹ ਫ਼ਾਰਮਸਿਸਟ ਦੀ ਪੜ੍ਹਾਈ ਮੁਕੰਮਲ ਕਰਕੇ, ਰਘਬੀਰ ਢੰਡ ਦੇ ਪੁੱਤਰ ਦੀ ਦੁਕਾਨ ਤੇ ਪ੍ਰੈਕਟੀਕਲ ਟਰੇਨਿੰਗ ਪੂਰੀ ਕਰ ਰਿਹਾ ਸੀ। ਸਾਦਕ ਸੰਖੇਪ ਪ੍ਰੀਵਾਰ ਕਾਰਨ ਹੀ, ਸ਼ਾਇਦ ਸਿਆਸੀ ਕੰਮਾਂ ਲਈ ਏਨਾ ਸਮਾਂ ਲਾਉਣ ਦੇ ਯੋਗ ਹੋ ਸਕਿਆ ਹੈ।

ਇਕ ਦਿਨ ਕਹਿਣ ਲਗੇ, 'ਤੁਹਾਨੂੰ ਕਿਸੇ ਦਿਨ ਸ਼ਾਪਿੰਗ ਕਰਾਉਣ ਲਈ ਮਾਰਕੀਟ ਲੈ ਜਾਵਾਂਗੇ। ਜਿਹੜੀ ਚੀਜ਼ ਖਰੀਦਣੀ ਹੋਈ, ਦੱਸ ਦਿਓ।'

ਆਖਰੀ ਗੇੜੇ ਜਦੋਂ ਮੈਂ ਲਿਸਟਰ ਗਿਆ ਤਾਂ ਕਾਰ ਦੇ ਕੇ ਸਾਥੀ ਦਿਆਲ ਸਿੰਘ ਨੂੰ ਮੇਰੇ ਨਾਲ ਮਾਰਕੀਟ ਭੇਜ ਦਿੱਤਾ ਤੇ ਲੋੜੀਂਦੀਆਂ ਚੀਜ਼ਾਂ ਖਰੀਦ ਦਿਤੀਆਂ।

"ਤੁਸੀਂ ਜੇ ਕੋਈ ਕਿਤਾਬ ਵੀ ਖਰੀਦਣੀ ਹੋਈ ਤਾਂ ਨਿਰਸੰਕੋਚ ਦੱਸ ਦੇਣਾ। ਇਹ ਕਿਤਾਬਾਂ ਦੁਕਾਨਦਾਰ ਤਿੰਨ ਹਫਤੇ ਬਾਅਦ ਮੰਗਵਾ ਕੇ ਦਿੰਦੇ ਹਨ।"

ਅਗਲੀ ਮੁਲਾਕਾਤ ਤੇ ਉਹ ਕਿਤਾਬਾਂ ਲੈ ਆਏ ਤੇ ਕਹਿਣ ਲੱਗੇ; 'ਇਹਨਾਂ ਦੀ ਇਕ ਇਕ ਕਾਪੀ ਮੈਂ ਆਪ ਵੀ ਖਰੀਦ ਲਈ ਹੈ। ਨੇਰੂਦਾ ਤੇ ਨਾਜ਼ਿਮ ਮੇਰੇ ਵੀ ਮਹਿਬੂਬ ਕਵੀ ਹਨ। ਤੁਹਾਡੇ ਕਾਰਨ ਮੈਂ ਵੀ ਇਹਨਾਂ ਕਵੀਆਂ ਨੂੰ ਪੜ੍ਹ ਲਵਾਂਗਾ।'

"ਪਰ ਤੁਹਾਡੀ ਕਹਾਣੀ ਤੇ ਕਵਿਤਾ ਦਾ ਕੀ ਬਣੇਗਾ ?" ਮੈਂ ਆਪਣਾ ਤੌਖਲਾ ਪ੍ਰਗਟ ਕੀਤਾ।

(ਬਾਕੀ ਸਫਾ 58 ਤੇ)

## ਸਵਾਲਨਾਮਾਂ

1. ? ਵਿਸ਼ਣੂ ਜੀ, ਆਪ ਉੱਤਰ ਆਧੁਨਿਕ ਹੋ ਗਏ ? ਮੁਆਫ਼ ਕਰਨਾ ਇਹ ਸਵਾਲ ਇਸ ਲਈ ਪੁੱਛ ਰਿਹਾ ਹਾਂ ਕਿ ਏਥੇ ਇਕ ਸੱਜਣ, ਜੋ ਖ਼ੁਦ ਨੂੰ ਉੱਤਰ-ਆਧੁਨਿਕਤਾ ਦਾ ਬੁਲਾਰਾ ਮੰਨਦੇ ਹਨ, ਬੜੇ ਉਤਾਵਲੇਪਨ ਨਾਲ ਇਹ ਗਿਣਤੀ ਕਰਨ ਵਿਚ ਲੱਗੇ ਹੋਏ ਹਨ ਕਿ ਕੌਣ ਕੌਣ ਲੇਖਕ ਉੱਤਰ-ਆਧੁਨਿਕ ਦੀ ਪਾਲ ਵਿਚ ਆ ਗਿਆ ਹੈ। ਆਪਣੇ ਸਿੱਟਿਆਂ ਤੋਂ ਉਹ ਬੜੇ ਖ਼ੁਸ਼ ਤੇ ਸੰਤੁਸ਼ਟ ਵੀ ਨਜ਼ਰ ਆਉਂਦੇ ਹਨ ?

○ ਸੱਚ ਪੁੱਛੀਏ ਤਾਂ ਜਿਹਨਾਂ ਅਰਥਾਂ ਵਿਚ ਆਧੁਨਿਕਤਾ ਤੇ ਉੱਤਰ-ਆਧੁਨਿਕਤਾ ਦੀ ਵਰਤੋਂ ਹਿੰਦੀ ਵਿਚ ਹੋ ਰਹੀ ਹੈ, ਉਸ ਵਿਚ ਤਾਂ ਮੈਂ ਉੱਤਰ-ਆਧੁਨਿਕ ਤਾਂ ਛੱਡੋ, ਆਧੁਨਿਕ ਵੀ ਨਹੀਂ ਹਾਂ ਮੈਂ ਉੱਤਰ-ਆਧੁਨਿਕਤਾ-ਵਿਰੋਧੀ ਹਾਂ। ਮੈਂ ਭਾਰਤ ਦੇ ਗ਼ਰੀਬ ਆਦਮੀ ਦੇ ਪੱਖ ਤੋਂ ਤਿਲ ਮਾਤਰ ਵੀ, ਹਟਣ ਲਈ ਤਿਆਰ ਨਹੀਂ ਹਾਂ। ਮੇਰੇ ਲਈ ਸਭ ਤੋਂ ਵੱਡਾ 'ਵਾਦ' ਆਦਮੀ ਹੈ ਆਪਣੀ ਹੋਂਦ ਤੇ ਮਾਣ ਲਈ ਲੜਦਾ ਮੇਰੇ ਦੇਸ਼ ਦਾ ਮਾਮੂਲੀ ਆਦਮੀ।

2. ? ਹੈਰਾਨੀ ਹੈ, ਇਹ ਗੱਲ ਆਪ ਏਸ ਵੇਲੇ ਕਹਿ ਰਹੇ ਹੋ, ਜਦੋਂ ਕਿ, ਸੋਸ਼ਣ, ਗ਼ਰੀਬੀ, ਏਥੋਂ ਤੱਕ ਕਿ ਸਮਾਜਵਾਦ ਵੀ, ਪੁਰਾਣੀਆਂ ਚੀਜ਼ਾਂ ਮੰਨ ਲਈਆਂ ਗਈਆਂ ਹਨ। 'ਪ੍ਰਗਤੀਵਾਦ' ਜੇਹੇ ਸ਼ਬਦ ਸਿਰਫ਼, 'ਪਛੜੇ ਹੋਇਆਂ' ਦੇ ਮੂੰਹ ਵਿਚ ਹੀ ਰਹਿ ਗਏ ਹਨ ਤੇ ਜਿਹੜੇ ਜ਼ਿਆਦਾ ਸਮਝਦਾਰ ਹਨ, ਉਹ ਤਾਂ ਸਮਾਜਵਾਦ ਦੀ ਅਪਰਸੰਗਤਾ ਦੀ ਵਿਆਖਿਆ ਕਰਨ ਵਿਚ ਜੁੱਟੇ ਹੋਏ ਨੇ ਤੇ ਇਹ ਹਾਲਤ ਤਾਂ ਉਹਨਾਂ ਦੀ ਹੈ ਜੋ ਕੱਲ੍ਹ ਤੱਕ ਜਨਵਾਦ ਦੇ ਢੰਡੋਰਚੀ ਸਮਝੇ ਜਾਂਦੇ ਸੀ। ਇੱਕ ਇਮਾਰਤ ਦੇ ਡਿੱਗਦੇ ਹੀ, ਜਿਵੇਂ ਵਿਚ ਖਾਣ-ਪੀਣ ਦੇ ਬਹੁਤ ਸਾਰੇ ਛੇਦ ਸਨ, ਉਹ ਝਟਪਟ ਦੂਸਰੀ ਇਮਾਰਤ ਵੱਲ ਦੌੜ ਪਏ ਹਨ, ਤਾਂ ਇਸ ...ਤ ਵਿਚ ਆਪ......?

...ਰ ਤਾਂ,—ਜੇ ਅੱਜ ਸਮਾਜਵਾਦ ਤੇ ਪ੍ਰਗਤੀਵਾਦ ਦੀ ਚਰਚਾ ਕਰਨ ਵਾਲਾ ਕੋਈ ...ਹੀਂ ਹੈ, ਜੇ ਕੋਈ ਪਾਰਟੀ, ਕੋਈ ਅੰਦੋਲਨ ਗਰੀਬੀ, ਲੁੱਟੇ ਹੋਏ ਤੇ ਦਲਿਤਾਂ ਦੇ ਪੱਖ ਵਿਚ ਨਹੀਂ ਖੜਾ—ਫੇਰ ਤਾਂ ਇਹ ਖਤਰਾ ਹੋਰ ਵੀ ਵੱਡਾ ਹੈ। ਫੇਰ ਇਸ ਗੱਲ ਨੂੰ ਹੋਰ ਜ਼ਿਆਦਾ ਜ਼ੋਰ ਨਾਲ ਤੇ ਤਾਕਤ ਨਾਲ, ਬਾਰ ਬਾਰ ਕਿਹਾ ਜਾਣਾ ਚਾਹੀਦਾ ਹੈ ਕਿ ਬਹੁਤ ਗ਼ਰੀਬੀ, ਬਹੁਤ ਸੋਸ਼ਣ, ਬਹੁਤ ਅਨਿਆਂ ਹੈ ਸਾਡੇ ਚਾਰੇ ਪਾਸੇ, ਜਦੋਂ ਵੀ, ਜਿੱਥੇ ਵੀ ਮੌਕਾ ਮਿਲੇ, ਅਸੀਂ ਇਹ ਕਹਿਣ ਤੋਂ ਨਾ ਉਕੀਏ, ਤਾਂਕਿ ਜਿਹੜੇ ਲੋਕ ਭੁੱਲ ਗਏ ਹਨ, ਉਹਨਾਂ ਨੂੰ ਇਹ ਯਾਦ ਆਵੇ—ਅਤੇ ਇਹ ਲੜਾਈ, ਜਿਸ ਬਿਨਾਂ ਸਾਡੇ ਦੇਸ਼ ਦਾ ਕੋਈ ਭਵਿੱਖ ਹੀ ਨਹੀਂ ਹੈ, ਜਾਰੀ ਰਹੇ। ਵੈਸੇ ਇਕ ਗੱਲ ਮੈਂ ਕਹਾਂ, ਜਦੋਂ ਮੈਂ ਅਨਿਆਂ ਦੀ ਗੱਲ ਕਰਦਾ ਹਾਂ ਤਾਂ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਇਕ ਆਦਮੀ, ਜੋ ਕਮਿਊਨਿਸਟ ਬਣਦਾ ਹੈ ਤਾਂ ਉਹ ਕੁਝ ਵਿਚਾਰਾਂ, ਕੁਝ ਲੜਾਈਆਂ ਦੇ ਨਾਲ ਨਾਲ ਸ਼ਾਇਦ ਅਨਿਆਂ ਨੂੰ ਮਿਲਾਕੇ ਹੀ ਬਣਦਾ ਹੈ। (ਪਹਿਲ ਦੇ ਅੰਕ 54 ਵਿਚੋਂ ਵਿਸ਼ਣੂ ਖਰੇ ਤੇ ਪ੍ਰਕਾਸ਼ ਮੰਨੂੰ ਦੀ ਲੰਮੀ ਵਾਰਤਾਲਾਪ ਵਿਚੋਂ)●





## ਚਾਰ ਨਜ਼ਮਾਂ/ਸਿਮਰਜੀਤ ਸਿੰਮੀ

### 1. ਚਿੜੀਆਂ ਦਾ ਚੰਬਾ

ਚਿੜੀਆਂ ਦੇ ਚੰਬੇ !
ਤੂੰ ਆਪਣੇ ਹੋਣ ਵਾਲੇ
ਆਲ੍ਹਣੇ ਦੇ ਸੁਪਨੇ ਲੈ
ਪਰ ਕੋਈ ਪਤਾ ਨਈਂ
ਉਹ ਆਲ੍ਹਣਾ ਵੀ ਹੋ ਸਕਦੈ
ਉਹ ਕੈਦਖਾਨਾ ਵੀ ਹੋ ਸਕਦੈ !!

### 2. ਰੇਤ ਦੇ ਘਰ

ਨਿੱਕੇ ਹੁੰਦਿਆਂ ਤੋਂ ਹੀ
ਬਣਾਉਂਦੇ ਆ ਰਹੇ ਹਾਂ
ਪੈਰਾਂ 'ਤੇ
ਰੇਤ ਦੇ ਘਰ
ਜੋ ਹਾਲੇ ਤੱਕ
ਘਰ ਨਾ ਬਣੇ।
ਚੱਲ !
ਜਾ ਕੇ ਪੁੱਛੀਏ
ਥਲਾਂ ਦੀ ਰੇਤ ਤੋਂ
ਹਾਲੇ ਕਿੰਨੀਆਂ ਕੁ ਉਮਰਾਂ
ਹੋਰ ਲੱਗਣੀਆਂ
ਪੁੰਨੂੰ ਦੇ
ਕਚਮਕਰਾਨ ਤੋਂ
ਵਾਪਸ ਪਰਤ ਆਉਣ ਤੱਕ।

### 3. ਦਿਲ ਦਰਿਆ......

ਜੇ ਗੱਲ
ਦੀਦਿਆਂ ਦੇ
ਅੱਥਰੂਆਂ ਦੀ ਹੁੰਦੀ
ਸ਼ਾਇਦ ਕੋਈ ਥਹੁ ਪਤਾ ਲਾ ਲੈਂਦੇ
ਦਿਲ ਦਰਿਆ ਦੀ ਗੱਲ
ਕੌਣ ਜਾਣੇ ?

**4. ਦੁਖਾਂਤ**

ਨ੍ਹੇਰਿਆਂ ਨਾਲ ਸਮਝੌਤਾ ਕਰਨ ਵਾਲਿਉ
ਥੋੜੇ ਅੰਦਰ
ਸੂਰਜ ਬਲਦਾ ਏ
ਦੁਖਾਂਤ ਇਹੀਓ ਕਿ
ਤੁਹਾਨੂੰ ਉਸਦੀ ਹੋਂਦ ਦਾ ਅਹਿਸਾਸ ਨਹੀਂ।

(ਪਿੰਡ ਤੇ ਡਾਕਖਾਨਾ ਕੜਿਆਲ, ਫੀਰੋਜ਼ਪੁਰ—142042)

**ਪਛਾਣ**/ਅਤੀਕ ਅਖ਼ਤਰ ਅਫ਼ਗਾਨੀ (ਪਾਕਿਸਤਾਨ)

ਯਾਰ ਅਸਾਡੀ ਮਾਂ ਬੋਲੀ ਦੇ
ਖ਼ਬਰੇ ਕਿੰਨੇ ਨਾਂ।
ਕੋਈ ਬਲੋਚੀ
ਕੋਈ ਪਹਾੜੀ
ਕੋਈ ਸਰਾਇਕੀ ਬੋਲੇ
ਡਾਢੇ ਝੱਖਣ ਝੋਲੇ
ਥਲ ਦੇ ਪਿੰਡੇ ਉੱਤੇ ਉਭਰੇ
ਫੋੜਿਆਂ ਵਾਂਗੂ ਮਹਿਕੇ
ਚੱਪ ਚੁਪੀਤੇ ਹੱਸਣ
ਔਖੇ ਪੈਂਡੇ ਚੜ੍ਹ ਪਹਾੜਾਂ ਦੇ ਰੁੱਖਾਂ
ਤੋਂ ਪੁਛਿਆ।
ਉਹ ਵੀ ਕੁਝ ਨਾ ਦੱਸਣ
ਇਕ ਦਿਨ ਮੈਂ ਪੰਜਾਬ ਦੇ
ਪੰਜ-ਦਰਿਆਵਾਂ ਨੂੰ ਜਾ ਫੜਿਆ।
ਤੇ ਉਹਨਾਂ ਮੈਨੂੰ ਦੱਸਿਆ
ਬੇਬੇ, ਮਾਏ, ਅੰਮਾਂ, ਅੰਮੜੀ
ਜੋ ਮਰਜ਼ੀ ਆ ਆਖ
ਪਰ ਇਸ ਦਾ ਇੱਕੋ ਨਾਂ।
ਔਖੇ ਵੇਲੇ ਮੂੰਹ 'ਚੋਂ ਨਿਕਲੇ
'ਹਾਏ ਨੀ ਮੇਰੀ ਮਾਂ'
ਏਸ ਦੀ ਜਾਣ-ਪਛਾਣ ਦੀ ਖਾਤਰ
ਪੜ੍ਹ ਲਓ ਇਹ ਕਾਇਦਾ
ਜਿਸ 'ਚੋਂ ਡਲਕਾਂ ਮਾਰੇ 'ਅਖਤਰ'
ਉਹ ਮਾਝੇ ਦਾ ਲਹਿਜਾ।

(ਲਹਿਰਾਂ (ਲਾਹੌਰ) ਅਪਰੈਲ 97 'ਚੋਂ)





**ਚੌਦਾਂ ਅਗਸਤ**/ਤੁਫ਼ੈਲ ਖਲਸ਼

ਅਜੀਬ ਹੈ ਇਹ ਅਗਸਤ ਚੌਦਾਂ
ਕਿ ਜਿਸ ਨੇ ਮੇਰੀ ਜ਼ਮੀਨ ਉੱਤੇ ਜ਼ਖ਼ਮ ਲਾਇਆ
ਤੇ ਵੰਡ ਕੀਤੀ ਪਾਣੀਆਂ ਦੀ।
ਕਿ ਜਿਸ ਨੇ ਮੇਰੀ ਹਿੱਕ ਉੱਤੇ
ਨੀਂਹ ਉਸਾਰੀ ਨਫਰਤਾਂ ਦੀ।
ਕਿ ਜਿਸ ਨੇ ਮੇਰੀ ਹਜ਼ਾਰ ਸਾਲਾਂ
ਦੀ ਬੀਜੀ ਹੋਈ
ਮੁਹੱਬਤਾਂ ਦੀ ਫਸਲ ਕੱਟੀ।
ਕਿ ਜਿਸ ਨੇ ਲੱਖਾਂ ਬੰਦਿਆਂ ਨੂੰ
ਆਪ ਆਪਣਾ ਗੁਲਾਮ ਕੀਤਾ।
ਕਿ ਜਿਸ ਨੇ ਮੇਰੇ ਜਵਾਨਾਂ ਬਾਲਾਂ ਤੇ
ਬੱਢਿਆਂ ਦਾ ਖ਼ੂਨ ਪੀਤਾ।
ਅਜੀਬ ਹੈ ਇਹ ਅਗਸਤ ਚੌਦਾਂ
ਕਿ ਜਿਸ ਨੇ ਮੈਨੂੰ ਆਜ਼ਾਦ ਕਹਿ ਕੇ
ਗੁਲਾਮੀਆਂ ਦਾ ਤੋਕ ਦਿੱਤਾ।
ਕਿ ਜਿਸ ਨੇ ਧਰਤ ਮਾਂ ਦੀ
ਆੜ ਲੈ ਕੇ
ਇਨਸਾਨੀਅਤ ਨੂੰ ਖਵਾਰ ਕੀਤਾ
ਕਿ ਜਿਸ ਨੇ ਮੇਰੀ ਕੰਡ ਉੱਤੇ
ਜ਼ਾਲਮਾਂ ਨੂੰ ਸਵਾਰ ਕੀਤਾ
ਕਿ ਜਿਸ ਨੇ ਮੇਰੀ ਜ਼ੁਬਾਨ ਕੱਟੀ
ਹੱਥ ਵੱਢੇ, ਕਲਮ ਤੋੜੇ
ਆਜ਼ਾਦ ਲਫਜ਼ਾਂ ਨੂੰ ਕੈਦ ਕੀਤਾ
ਵਿਚੋਲਿਆਂ ਕੇ ਏਸ ਦਿਹਾੜੇ
ਮੇਰੇ ਲਹੂ ਦਾ ਜਾਮ ਪੀਤਾ
ਚੌਦਾਂ ਅਗਸਤ ਨੂੰ ਯਾਦ ਕਰਨਾ
ਮੇਰੇ ਉੱਤੇ ਸੀ ਫਰਜ਼ ਕੀਤਾ
ਆਲਮਾਂ ਨੇ, ਲੀਡਰਾਂ ਨੇ
ਰਲ ਕੇ ਮੇਰੇ ਜ਼ਿਹਨ ਉੱਤੇ

ਨਸੀਬ, ਭਾਗਾਂ, ਮੁਕੱਦਰਾਂ ਦੇ
ਉਛਾੜ ਚਾੜ੍ਹੇ ।
ਕੌਣ ਮੇਰਾ ਨਸੀਬ ਬਦਲੇ ?
ਪੈਰੀਂ ਪਈਆਂ ਬੇੜੀਆਂ ਨੂੰ
ਕੌਣ ਤੋੜੇ ?
ਗੁਲਾਮੀਆਂ ਦੀ ਰਾਤ ਕਾਲੀ ਨੂੰ
ਕੌਣ ਸਾੜੇ
ਅਗਸਤ ਚੰਦਾਂ
ਦੱਸ ਤੂੰਹੀਂ ਮੈਨੂੰ
ਆਜ਼ਾਦ ਹੋਵਾਂਗਾ ਕਿਸ ਦਿਹਾੜੇ ?

(Thudichum str. 18-22
60489 trankfurt, Germany)

### ਗ਼ਜ਼ਲ/ਰਾਮ ਲਾਲ ਪ੍ਰੇਮੀ

ਗੀਤ ਲਿਖੇ ਨੇ ਬੜੇ ਤੂੰ ਮਹਿਫਲਾਂ ਦੇ ਵਾਸਤੇ ।
ਗ਼ਜ਼ਲ ਕੋਈ ਕਹਿ ਦਿਲ, ਮੁਰਦਾ ਦਿਲਾਂ ਦੇ ਵਾਸਤੇ ।
ਹੱਥ ਜੇਕਰ ਇਸ ਤਰ੍ਹਾਂ ਹੀ ਅਰਜ਼ ਲਈ ਜੁੜਦੇ ਰਹੇ,
ਕੌਣ ਗੱਡੇਗਾ ਸਲੀਬਾਂ, ਕਾਤਿਲਾਂ ਦੇ ਵਾਸਤੇ ।
ਸੂਰਮੇ ਨੂੰ ਖ਼ੁਦ ਬਲਾਵਾਂ ਆ ਡੰਡੌਤਾਂ ਕਰਦੀਆਂ,
ਹਰ ਮੁਸੀਬਤ ਹੈ ਬਣੀ ਬਸ ਬੁਜ਼ਦਿਲਾਂ ਦੇ ਵਾਸਤੇ ।
ਜ਼ਿੰਦਗੀ ਦੇ ਸੀਸ ਤੇ ਜੇ ਮੁਕਟ ਹੈ ਧਰਨਾ ਤੁਸੀਂ
ਸੀਸ ਕੁਝ ਭੇਟਾ ਕਰੋ ਫਿਰ ਮਕਤਲਾਂ ਦੇ ਵਾਸਤੇ ।
ਜੋ ਘਰਾਂ ਵਿਚ ਗੁਟਕਦੇ, ਹੱਸਦੇ ਤੇ ਰੋਂਦੇ, ਪਿਆਰ ਦੇ
ਦਫਤਰੀਂ ਬਣ ਜਾਣ ਪੁਰਜ਼ੇ ਫਾਇਲਾਂ ਦੇ ਵਾਸਤੇ ।
ਹੁਣ ਭਰੋਸਾ ਮਾਲੀਆਂ ਤੇ ਬੇਵਕੂਫੀ ਹੈ ਨਿਰੀ.
ਮਾਲਕੋ ! ਗੁਲਸ਼ਨ ਸੰਭਾਲੋ, ਬੁਲਬੁਲਾਂ ਦੇ ਵਾਸਤੇ ।
ਫੇਰ ਟੇਢੀ ਨਜ਼ਰ ਵਾਲੇ ਝਾਕਦੇ ਨੇ ਬਾਜ਼ ਕੁਝ,
ਸਾਂਭਕੇ ਰੱਖੋ ਬਹਾਰਾਂ, ਕੋਇਲਾਂ ਦੇ ਵਾਸਤੇ
ਹਰ ਕਦਮ ਤੇ ਚੇਤਨਾ ਨੂੰ ਜੂੜ ਪਾਉਣਾ ਚਾਹੁਣ ਜੋ
ਨਿੱਤਰੋ ਵੰਗਾਰ ਬਣਕੇ, ਮੁਸ਼ਕਲਾਂ ਦੇ ਵਾਸਤੇ ।





## ਮਾਨਵੀਅਤਾ ਅਤੇ ਮਕਾਨਕੀਅਤਾ ਦਾ ਦਵੰਦ ਇਕ ਅਫਸਰ ਦਾ ਜਨਮ

—ਡਾਂ. ਬਲਦੇਵ ਸਿੰਘ ਧਾਲੀਵਾਲ

ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਨ੍ਰਿਪਇੰਦਰ ਰਤਨ ਇਕ ਨਿਵੇਕਲੀ ਪਛਾਣ ਵਾਲਾ ਕਹਾਣੀਕਾਰ ਹੈ । ਉਸ ਦੀ ਵਿਲੱਖਣਤਾ ਦਾ ਆਧਾਰ ਅਰਸਰਸ਼ਾਹੀ ਦੇ ਪ੍ਰਮਾਣਿਕ ਜੀਵਨ ਚਿੱਤਰ ਪੇਸ਼ ਕਰਨ ਵਿਚ ਨਿਹਿਤ ਹੈ । ਆਪਣੇ ਰਚਨਾ-ਵਸਤੂ ਦੀ ਅਜਿਹੀ ਖਾਸੀਅਤ ਕਰਕੇ ਹੀ ਉਹ ਆਪਣੇ ਪਹਿਲੇ ਕਹਾਣੀ-ਸੰਗ੍ਰਹਿ 'ਆਰਜ਼ੀ ਫਾਇਲ' ਨਾਲ ਹੀ ਕਹਾਣੀਕਾਰ ਵਜੋਂ ਸਥਾਪਿਤ ਹੋ ਗਿਆ ਸੀ ਭਾਵੇਂ ਕਿ ਉਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਰਚਨਾ-ਦ੍ਰਿਸ਼ਟੀ ਪੱਖੋਂ 'ਆਚਾਰਵਾਦੀ' ਅਤੇ ਬਿਰਤਾਂਤਕ ਸੰਗਠਨ ਵਜੋਂ ਇਕਹਿਰੇ ਜੁੱਸੇ ਵਾਲੀਆਂ ਸਨ ।

ਆਪਣੇ ਦੂਜੇ ਕਹਾਣੀ-ਸੰਗ੍ਰਹਿ 'ਇਕ ਅਫਸਰ ਦਾ ਜਨਮ' ਨਾਲ ਰਤਨ ਪੰਜਾਬੀ ਦੇ ਪ੍ਰੌੜ ਕਹਾਣੀਕਾਰਾਂ ਦੀ ਕਤਾਰ ਵਿਚ ਆ ਖੜਾ ਹੋਇਆ ਹੈ । ਇਨ੍ਹਾਂ ਕਹਾਣੀਆਂ ਵਿਚ ਉਸ ਨੇ ਡਾ. ਟੀ. ਆਰ. ਵਿਨੋਦ ਦੇ ਸ਼ਬਦਾਂ ਵਿਚ "ਰੱਜੇ ਪੁੱਜੇ ਪਰ ਹੱਸਾਸ ਵਿਅਕਤੀਆਂ ਦੀ ਮਾਨਸਿਕਤਾ" ਨੂੰ ਪੇਸ਼ ਕੀਤਾ ਹੈ । ਭਾਵੇਂ ਇਸ ਵਰਗ ਦੇ ਅਨੁਭਵ ਨੂੰ ਸਾਡੇ ਸਿਰੋਮਣੀ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਵੀ ਆਪਣੀਆਂ ਕੁਝ ਕਹਾਣੀਆਂ, ਜਿਵੇਂ ਬੰਗਲਾ, ਗੋਈ ਆਦਿ, ਵਿਚ ਪੇਸ਼ ਕੀਤਾ ਹੈ ਪਰ ਉਸ ਦਾ ਫੋਕਸ ਇਸ ਵਰਗ ਦੇ ਪਾਤਰਾਂ ਦਾ ਵਿਸ਼ੇਸ਼ੀਕ੍ਰਿਤ ਚਰਿਤਰ ਉਭਾਰਨ ਉਤੇ ਨਹੀਂ ਸਗੋਂ ਉੱਚ ਮੱਧਵਰਗ ਦਾ ਔਸਤਨ ਚਰਿਤਰ ਉਜਾਗਰ ਕਰਨ ਉਤੇ ਰਿਹਾ ਹੈ । ਰਤਨ ਖ਼ੁਦ ਅਫਸਰਸ਼ਾਹ ਵਰਗ ਵਿਚੋਂ ਹੋਣ ਕਰਕੇ ਉਸ ਨੂੰ ਇਸ ਦਾ ਨਿਕਟਵਰਤੀ ਅਨੁਭਵ ਪ੍ਰਾਪਤ ਹੈ ।

ਰਤਨ ਦੀਆਂ ਕਹਾਣੀਆਂ ਰਾਹੀਂ ਪੇਸ਼ ਹੋਣ ਵਾਲਾ ਅਫਸਰਸ਼ਾਹ ਮੱਧ ਵਰਗ ਆਪਣੀ ਆਰਥਿਕ ਸੁਤੰਤਰਤਾ, ਅਫਸਰਾਨਾ ਸ਼ਕਤੀ ਅਤੇ ਸ਼ਹਿਰੀ ਨਿਵਾਸ ਕਾਰਣ ਜਨ-ਸਾਧਾਰਣ ਵਾਲੇ ਸਮੂਹ ਸੰਕਟਾਂ ਅਤੇ ਕਲੇਸ਼ਾਂ ਤੋਂ ਮੁਕਤ ਹੈ । ਇਸ ਕੋਲ ਸੂਹਜ ਅਤੇ ਸੂਚਨਾ ਪ੍ਰਾਪਤ ਕਰਨ ਦੇ ਅਤੀ ਆਧੁਨਿਕ ਸਰੋਤ ਕਾਰਣ ਇਹ ਸਨਕ ਦੀ ਹੱਦ ਤੱਕ 'ਹੱਸਾਸ' ਜਾਂ ਸੰਵੇਦਨਸ਼ੀਲ ਹੈ । ਇਹ ਸੁਭਾਵਕ ਹੀ ਹੈ ਕਿ ਇਹ ਮੱਧਵਰਗ ਵਧੇਰੇ ਸੁਪਨਸਾਜ਼ ਹੈ । ਇਸ ਦੇ ਸੁਪਨੇ ਇਕ ਪਾਸੇ ਪਰੰਪਰਾਗਤ ਸਮਾਜ ਦੀਆਂ ਬੋਦੀਆਂ ਰੂੜ੍ਹੀਆਂ ਦਾ ਭੰਜਨ ਵੀ ਕਰਦੇ ਹਨ ਅਤੇ ਦੂਜੇ ਪਾਸੇ ਕੁਝ ਨਵੀਆਂ ਲੋਕ-ਵਿਰੋਧੀ ਮਿੱਥਾਂ ਨੂੰ ਦ੍ਰਿੜ ਵੀ ਕਰਦੇ ਹਨ । ਨ੍ਰਿਪਇੰਦਰ ਰਤਨ ਦੀਆਂ ਕਹਾਣੀਆਂ ਅਫਸਰਸ਼ਾਹ ਮੱਧਵਰਗ ਦੀ ਅਜਿਹੀ ਵਿਡੰਬਨਾ ਨੂੰ ਸਾਕਾਰ ਕਰਨ ਦਾ ਯਤਨ ਕਰਦੀਆਂ ਹਨ ।

ਲੋਕ-ਹਿੱਤਾਂ ਦੀ ਪੂਰਤੀ ਲਈ ਹੋਂਦ 'ਚ ਆਇਆ ਇਹ ਵਿਚੋਲਾ ਵਰਗ ਆਪਣੀ ਤਲਿਸਮੀ ਜੀਵਨ-ਜਾਚ ਰਾਹੀਂ ਜਨ-ਸਾਧਾਰਣ ਵਾਸਤੇ ਅਨੁਕਰਨਯੋਗ ਮਾਡਲ ਬਣਦਾ ਹੈ । ਇਸੇ ਪ੍ਰਭਾਵ ਅਧੀਨ ਹੀ ਕਹਾਣੀ 'ਇਕ ਅਫਸਰ ਦਾ ਜਨਮ' ਵਿਚਲਾ ਜੱਗਾ ਸਾਧਾਰਣ ਕਿਸਾਨੀ ਪਰਿਵਾਰ 'ਚੋਂ ਉੱਠ ਕੇ ਅਫਸਰ ਬਨਣ ਦਾ ਸੁਪਨਾ ਲੈਂਦਾ ਹੈ । ਅਫਸਰ ਬਣ ਕੇ ਉਸ ਦਾ ਮੁੱਢਲਾ ਅਨੁਭਵ ਬੜਾ ਹੁਲਾਸਮਈ ਹੈ :

ਭੈਣ ਜੀ ਜ਼ਿੰਦਗੀ ਦਾ ਮਜ਼ਾ ਹੀ ਹੁਣ ਆਣ ਲੱਗਿਆ । ਐਵੇਂ ਝੱਖ ਮਾਰਦਾ

> ਰਿਹਾ ਮੈਂ ਤਿੰਨ ਸਾਲ ਇਥੇ ਕਾਲਜ ਵਿਚ । ਹਰ ਚੀਜ਼ ਉਥੇ ਸਟੈਂਡਰਡ ਦੀ ਹੈ ਅਤੇ ਢੰਗ ਨਾਲ ਹੁੰਦੀ ਹੈ।

ਅਫਸਰਸ਼ਾਹੀ ਦੀ ਦਰਜੇਬੰਦੀ ਵਾਲੀ ਵਿਵਸਥਾ ਦਾ ਪੁਰਜ਼ਾ ਬਨਣ ਉਪਰੰਤ ਜੱਗੇ ਦੇ ਸਾਹਮਣੇ ਦੋ ਹੀ ਸੰਭਾਵੀ ਰਾਹ ਹੋ ਸਕਦੇ ਹਨ : ਜਾਂ ਤਾਂ ਲੋਕ-ਹਿਤ ਲਈ ਉਸਾਰੂ ਸੁਪਨੇ ਲਵੇ ਅਤੇ ਵਿਵਸਥਾ ਦਾ ਵਿਰੋਧ ਸਹੇੜੇ ਜਾਂ ਫਿਰ ਵਿਵਸਥਾ ਦੇ ਰਉਂ-ਰੁਖ ਚਲਦਿਆਂ ਆਪਣੇ ਸੁਪਨਿਆਂ ਦਾ ਘਾਤ ਕਰੇ ਅਤੇ ਨਿੱਜੀ ਤੌਰ ਤੇ ਉਪਭੋਗਤਾਵਾਦ ਦੇ ਰਾਹ ਪੈ ਜਾਵੇ ।

ਕਹਾਣੀ 'ਗੰਡੋਏ' ਦਾ ਡੀ. ਸੀ. ਸਤੀਸ਼ ਲੋਕ-ਹਿਤ ਦਾ ਸੁਪਨਾ ਲੈਣ ਦੀ 'ਕੁਤਾਹੀ' ਕਰਦਾ ਹੈ । ਜਿਸ ਜ਼ਿਲ੍ਹੇ ਵਿਚ ਉਹ ਨਿਯੁਕਤ ਹੈ ਉੱਥੋਂ ਦੇ ਲੋਕ ਅਚਾਨਕ ਹੜ੍ਹ ਦੀ ਮਾਰ ਵਿਚ ਆ ਜਾਂਦੇ ਹਨ । ਲੋਕ-ਹਿਤਾਂ ਨੂੰ ਪਹਿਲ ਦਿੰਦਿਆਂ ਸਤੀਸ਼ ਅਫਸਰਸ਼ਾਹੀ ਵਾਲੇ "ਪ੍ਰਾਪਰ ਚੈਨਲ" ਦੇ "ਪ੍ਰੋਸੀਜਰ" ਵਿਚ ਨਹੀਂ ਪੈਂਦਾ, ਸਗੋਂ ਤੁਰੰਤ ਅਮਲ ਕਰਦਾ ਹੈ । ਫੌਰੀ ਫੌਜੀ ਮੱਦਦ ਵਾਸਤੇ ਉਹ ਆਪਣੇ ਦੋਸਤ ਸਟੇਸ਼ਨ ਕਮਾਂਡਰ ਬ੍ਰਿਗੇਡੀਅਰ ਪਾਲ ਨੂੰ ਇਹ ਕਹਿ ਕੇ "ਹੈੱਲ ਵਿਦ ਯੁਅਰ ਡ੍ਰੈਲ ਪਾਲ", ਆਪਣੇ ਨਾਲ ਲਾ ਲੈਂਦਾ ਹੈ । ਪਰ ਸਤੀਸ਼ ਨੂੰ ਉਸ ਸਮੇਂ ਧੱਕਾ ਲੱਗਦਾ ਹੈ ਜਦੋਂ ਉਸ ਨੂੰ ਸ਼ਾਬਾਸ਼ ਦੀ ਥਾਂ ਆਪਣੇ ਵੱਡੇ ਸਾਹਬ ਕੋਲੋਂ ਝਿੜਕਾਂ ਮਿਲਦੀਆਂ ਹਨ । ਸਤੀਸ਼ ਦੀ ਇਸ 'ਅਜੀਬ ਹਰਕਤ' ਨਾਲ ਅਖਬਾਰਾਂ 'ਚ ਖਬਰ ਛਪ ਜਾਂਦੀ ਹੈ ਅਤੇ ਮੁੱਖ ਮੰਤਰੀ 'ਅਪਸੈੱਟ' ਹੋ ਜਾਂਦਾ ਹੈ। ਸਤੀਸ ਜਦੋਂ ਆਪਣੇ ਸੁਪਨੇ ਦਾ ਸਵੈਘਾਤ ਕਰਦਾ ਹੈ ਤਾਂ ਉਸ ਦੀ ਹਾਲਤ ਅਜਿਹੀ ਹੋ ਜਾਂਦੀ ਹੈ :

> ਡੀ. ਸੀ. ਨੇ ਇਹ ਸੁਣ ਕੇ ਮੁੱਠੀਆਂ ਮੀਟ ਲਈਆਂ । ਉਸ ਨੇ ਚੀਕ ਕੇ ਪੁੱਛਣਾ ਚਾਹਿਆ, "ਫੇਰ ਕੀ ਕਰਦਾ ? ਚਾਰ ਟੁੱਟੀਆਂ ਕਿਸ਼ਤੀਆਂ ਅਤੇ ਇਕ ਬੰਦ ਪਈ ਮੋਟਰਬੋਟ ਨਾਲ ਮੁਕਾਬਲਾ ਕਰਦਾ ? ਦੋ ਤਿੰਨ ਦਿਨ ਇੰਤਜ਼ਾਰ ਕਰਦਾ ਕਿ ਸਰਕਾਰ ਜਾਗੇ ਅਤੇ ਮੱਦਦ ਭੇਜੇ ? ਮਰਨ ਦਿੰਦਾ ਲੋਕਾਂ ਨੂੰ ? ਪਰ ਬੁੱਲ੍ਹ ਸਿਰਫ ਫਰਕਦੇ ਰਹੇ ।

ਡੀ.ਸੀ. ਸਤੀਸ਼ ਦੀ ਚਾਹਤ ਅਤੇ ਬੇਬਸੀ ਦਾ ਦਵੰਦ ਹੌਲੀ ਹੌਲੀ ਉਸ ਦੇ ਸੁਪਨਿਆਂ ਉੱਤੇ ਵਿਵਸਥਾ ਦੀ ਜੜ੍ਹਤਾ ਦੀ ਪਕੜ ਪੀਢੀ ਹੋਣ ਦਾ ਸੰਕੇਤ ਹੈ ।

ਇਸ ਜੜ੍ਹਤਾ ਦਾ ਜ਼ਿੰਦਰਾ ਕਹਾਣੀ 'ਦਹਿਸ਼ਤ ਦੇ ਪਰਛਾਵੇਂ' ਦੇ ਮੰਡਲ ਕਮਿਸ਼ਨਰ ਸੁਖਵਿੰਦਰ ਪਾਲ ਦੇ ਬੁੱਲ੍ਹਾਂ ਉੱਤੇ ਲੱਗਿਆ ਪ੍ਰਤੱਖ ਦਿਸਦਾ ਹੈ । ਇਕ ਪਾਸੇ ਉਹ ਪੰਜਾਬ ਸੰਕਟ ਦੌਰਾਨ ਸਥਾਪਤੀ ਵਲੋਂ ਅਕਾਲ ਤਖ਼ਤ ਦੇ ਢਾਹੇ ਜਾਣ ਦੀ ਘਟਨਾ ਨਾਲ ਵਿਆਕੁਲ ਹੈ ਅਤੇ ਦੂਜੇ ਪਾਸੇ ਇਕ ਭਾਰਤੀ ਅਫਸਰ ਹੋਣ ਦੇ ਨਾਤੇ ਆਪਣੀ ਬੇਚੈਨੀ ਨੂੰ ਪ੍ਰਗਟ ਨਾ ਕਰਨ ਲਈ ਮਜਬੂਰ ਹੈ । ਉਸ ਦੀ ਮਾਨਵੀਅਤਾ ਅਤੇ ਵਿਵਸਥਾ ਦੀ ਮਕਾਨਕੀਅਤਾ ਦੇ ਦਵੰਦ ਵਿਚੋਂ ਉਹ ਆਪਣੀ "ਅਫਸਰੀ ਸੂਝ" ਨਾਲ ਵਕਤੀ ਤੌਰ ਤੇ ਬਚ ਤਾਂ ਨਿਕਲਦਾ ਹੈ ਪਰ ਇਸ ਬਚਾਅ ਨਾਲ ਉਸ ਅੰਦਰਲਾ ਸੰਵੇਦਨਸ਼ੀਲ ਮਨੁੱਖ ਮਹਿਜ਼ ਵਿਵਸਥਾਂ ਦੇ ਇਕ ਪੁਰਜ਼ੇ ਤੱਕ ਮਹਿਦੂਦ ਹੋ ਜਾਂਦਾ ਹੈ ।

ਆਪਣੇ ਮਾਨਵਵਾਦੀ ਅੰਤਰ ਪ੍ਰੇਰਕਾਂ ਕਾਰਣ ਇਕ ਸਿਰਜਾਣਤਮਕ ਵਿਅਕਤੀ ਰਤਨ ਆਪਣੇ ਪਾਤਰਾਂ ਡੀ.ਸੀ. ਸਤੀਸ਼ (ਗੰਡੋਏ), ਹਰਵਿੰਦਰ (ਇਕ ਅਫਸਰ ਦਾ ਜਨਮ) ਅਤੇ ਸੁਖਵਿੰਦਰ ਪਾਲ (ਦਹਿਸ਼ਤ ਦੇ ਪਰਛਾਵੇਂ) ਨੂੰ ਕੁਝ ਅਦਰਸ਼ਿਆ ਕੇ ਪੇਸ਼ ਕਰਦਾ ਹੈ ਤਾਂ ਕਿ ਇਹ ਪ੍ਰਤੀਮਾਨ ਬਣ



ਸਕਣ । ਇਨ੍ਹਾਂ ਦੇ ਉਲਟ ਐਫ. ਸੀ. ਆਰ. (ਗੰਡੋਏ), ਜੱਗਾ (ਇਕ ਅਫਸਰ ਦਾ ਜਨਮ) ਅਤੇ ਜਰਨਲ ਸੰਧੂ (ਦਹਿਸ਼ਤ ਦੇ ਪਰਛਾਵੇਂ) ਨੂੰ ਸਥਾਪਿਤ ਪ੍ਰਬੰਧ ਦੇ ਮਕਾਨਕੀ ਪੁਰਜ਼ਿਆਂ ਵਜੋਂ ਹਲਕੇ ਵਿਅੰਗ ਦੀ ਛੋਹ ਨਾਲ ਚਿਤਰਦਾ ਹੈ । ਪਰ ਰਤਨ ਦੀ ਪਾਤਰ-ਉਸਾਰੀ ਇਸ ਭਾਂਤ ਦੀ ਬਿਲਕੁਲ ਨਹੀਂ ਕਿ ਪਾਤਰਾਂ ਦੀਆਂ ਨਾਇਕ ਅਤੇ ਖਲਨਾਇਕ ਦੀਆਂ ਦੋ ਸਪੱਸ਼ਟ ਵੰਡੀਆਂ ਪੈ ਜਾਣ । ਪਰੰਪਰਾਵਾਦੀ ਕਹਾਣੀ ਦੀ ਇਸ ਨੁਕਸਦਾਰ ਕਥਾ-ਰੂੜ੍ਹੀ ਤੋਂ ਸੁਚੇਤ ਰਤਨ ਇਨ੍ਹਾਂ ਪਾਤਰਾਂ ਦੀ ਅੱਡੋਫਾਟੀ ਮਾਨਸਿਕਤਾ ਦਾ ਤਣਾਅ ਪਕੜਨ ਵੱਲ ਵਧੇਰੇ ਰੁਚਿਤ ਹੈ । ਕਹਾਣੀ 'ਦਹਿਸ਼ਤ ਦੇ ਪਰਛਾਵੇਂ' ਵਿਚਲੇ ਮੰਡਲ ਕਮਿਸ਼ਨਰ ਅੰਦਰਲੇ ਆਮ ਵਿਅਕਤੀ ਅਤੇ ਅਫਸਰ ਦਾ ਤਣਾਅ ਵਾਚਣ-ਯੋਗ ਹੈ :

> ਕਰੀਬ ਪੰਜ-ਸੱਤ ਮਿੰਟ ਪਿਛੋਂ ਚਾਰ-ਪੰਜ ਫੌਜੀ ਅਫ਼ਸਰ, ਉਨ੍ਹਾਂ ਦੇ ਪਿਛੇ ਪਿਛੇ ਸੂਬੇਦਾਰ ਮੇਜਰ, ਗੰਨਮੈਨ ਅਤੇ ਡਰਾਈਵਰ ਉਸ ਦੀ ਕਾਰ ਵੱਲ ਆ ਰਹੇ ਸਨ । "ਮੈਂ ਬਾਹਰ ਨਿਕਲ ਕੇ ਉਨ੍ਹਾਂ ਨੂੰ ਮਿਲਾਂ ?" ਉਸ ਨੇ ਪਲ ਦੀ ਪਲ ਸੋਚਿਆ ਪਰ ਫੇਰ ਇਰਾਦਾ ਛੱਡ ਦਿੱਤਾ । ਸਗੋਂ ਜ਼ਰਾ ਕੁ ਸੱਜੇ ਹੱਥ ਖਿਸਕ ਕੇ ਉਹ ਸੀਟ ਦੇ ਐਨ ਵਿਚਕਾਰ ਹੋ ਕੇ ਬੈਠ ਗਿਆ ਅਤੇ ਕਾਰ ਦੇ ਅਗਲੇ ਸ਼ੀਸ਼ੇ ਵਿਚੋਂ ਸਿੱਧਾ ਬਾਹਰ ਦੇਖਣ ਲੱਗ ਪਿਆ ।

ਉਪਰੋਕਤ ਕਹਾਣੀਆਂ ਦੇ ਪਾਤਰਾਂ ਦੀ ਮਾਨਸਿਕਤਾ ਵਾਂਗ ਹੀ ਇਨ੍ਹਾਂ ਦਾ ਘਟਨਾਵੀ ਸੰਗਠਨ ਵੀ ਸੰਘਣੇ ਤਣਾਅ ਵਾਲਾ ਹੈ । ਅਵਸਰ ਪਾਤਰਾਂ ਦੇ ਬੋਲ-ਚਾਲ ਵਿਚ ਹਾਕਮਾਨਾ ਅੰਗਰੇਜ਼ੀ ਸ਼ਬਦਾਵਲੀ ਦੀ ਪੁੱਠ ਜਿਥੇ ਉਨ੍ਹਾਂ ਦੇ ਵਿਸ਼ੇਸ਼ ਮਾਨਸਿਕ ਝੁਕਾਵਾਂ ਦੀ ਸੰਕੇਤਕ ਬਣਦੀ ਹੈ ਉਥੇ ਕਲਾ ਪੱਖੋਂ ਕਹਾਣੀਆਂ ਨੂੰ ਯਥਾਰਥਕ ਰੰਗਣ ਵੀ ਦਿੰਦੀ ਹੈ ।

ਰਤਨ ਦੀਆਂ ਕਹਾਣੀਆਂ 'ਸੁਪਨੇ-ਸਦਮੇ', ਚਾਨਣ ਵਿਚ ਗੁਆਚੇ ਲੋਕ' ਅਤੇ 'ਸੁਪਨੇ ਦੀ ਮਹਿਕ' ਉੱਚ ਮੱਧਵਰਗ ਦੇ ਸੁਤੰਤਰ ਪਿਆਰ ਦੀ ਅਕਾਂਖਿਆ ਅਤੇ ਉਸ ਦੀ ਪਿੱਠ ਭੂਮੀ ਵਿਚ ਕਾਰਜਸ਼ੀਲ ਵਿਆਹ-ਸੰਸਥਾ ਦੀ ਮਕਾਨਕੀਅਤਾ ਦਾ ਵਰਨਣ ਕਰਦੀਆਂ ਹਨ । ਓਪਰੀ ਨਜ਼ਰੇ ਭਾਵੇਂ ਇਹ ਪ੍ਰੇਮ ਕਹਾਣੀਆਂ ਹੀ ਜਾਪਦੀਆਂ ਹਨ ਪਰ ਜਿਵੇਂ ਕਿ ਗੁਰਦਿਆਲ ਸਿੰਘ ਨੇ ਕਿਹਾ ਹੈ, ਇਹ ਮੱਧਵਰਗ ਦੇ ਮਾਨਸਿਕ ਸੰਤਾਪ ਦਾ ਬੋਧ ਕਰਾਉਂਦੀਆਂ ਹਨ ।

ਕਹਾਣੀ 'ਸੁਪਨੇ ਸਦਮੇ' ਦਾ ਮਨਧੀਰ ਜਦੋਂ ਕਾਲਜ ਵਿਚ ਲੈਕਚਰਾਰ ਸੀ ਤਾਂ ਉਸ ਦਾ ਆਪਣੀ ਵਿਦਿਆਰਥਣ ਨਿਰਮਲ ਨਾਲ ਪ੍ਰੇਮ ਹੋ ਜਾਂਦਾ ਹੈ । ਨਿਰਮਲ ਆਪਣੀ ਭਾਵੁਕਤਾ ਤੋਂ ਉੱਪਰ ਉੱਠ ਕੇ ਲੈਕਚਰਾਰ ਦੀ ਥਾਂ ਇਕ ਅਫਸਰ ਨਾਲ ਵਿਆਹ ਕਰਾਉਣ ਨੂੰ ਪਹਿਲ ਦਿੰਦੀ ਹੈ । ਉਪਰੰਤ ਮਨਧੀਰ, ਨਿਰਮਲ ਦੇ ਪਤੀ ਤੋਂ ਵੀ ਵੱਡਾ ਅਫਸਰ ਬਣ ਜਾਂਦਾ ਹੈ ਪਰ ਉਹ ਅਜੇ ਵੀ ਨਿਰਮਲ ਨੂੰ ਵਿਸਾਰ ਨਹੀਂ ਸਕਿਆ । ਕਾਫੀ ਸਮੇਂ ਪਿੱਛੋਂ ਨਿਰਮਲ ਦੀ ਮੁਲਾਕਾਤ ਮਨਧੀਰ ਨਾਲ ਉਸ ਵੇਲੇ ਹੁੰਦੀ ਹੈ ਜਦੋਂ ਉਹ ਆਪਣੇ ਭਰਾ ਦਾ ਇਕ ਕੰਮ ਸਿਫਾਰਸ਼ ਨਾਲ ਕਰਾਉਣ ਆਉਂਦੀ ਹੈ । ਕੰਮ ਹੋ ਜਾਣ ਉਪਰੰਤ ਉਹ ਮਨਧੀਰ ਦਾ ਹੱਥ ਘੁੱਟ ਕੇ ਆਖਦੀ ਹੈ, "ਆਈ ਲਵ ਯੂ ਸਟਿੱਲ" । ਇਸ ਕਹਾਣੀ ਵਿਚ ਮਨਧੀਰ ਦਾ ਚਰਿਤਰ ਇਕ ਜਾਬਤਾਸ਼ੁਦਾ ਅਫਸਰ ਅਤੇ ਭਾਵੁਕ ਪ੍ਰੇਮੀ ਦੀ ਮਿਸ਼ਰਤ ਚੇਤਨਾ ਵਾਲਾ ਹੈ ਜਿਸ ਵਿਚ ਜ਼ਾਬਤਾ ਹੌਲੀ ਹੌਲੀ ਭਾਵੁਕਤਾ ਉੱਤੇ ਹਾਵੀ ਹੋ ਰਿਹਾ ਨਜ਼ਰ ਆਉਂਦਾ

ਹੈ। ਨਿਰਮਲ ਦੇ ਸੁਭਾਅ 'ਚ ਪਿਆਰ ਭਾਵਨਾ ਅਤੇ ਮੌਕਾਪ੍ਰਸਤੀ ਮਿਸ਼ਰਤ ਰੂਪ 'ਚ ਨਜ਼ਰ ਆਉਂਦੀਆਂ ਹਨ ਅਤੇ ਮੌਕਾਪ੍ਰਸਤੀ ਪਹਿਲ ਪ੍ਰਾਪਤ ਕਰਦੀ ਪ੍ਰਤੱਖ ਹੁੰਦੀ ਹੈ। ਇਥੇ ਪ੍ਰੇਮ ਅਤੇ ਵਿਆਹ ਔਰਤ-ਮਰਦ ਦੀ ਆਤਮਿਕ ਜਾਂ ਮਾਨਸਿਕ ਸੰਤੁਸ਼ਟੀ ਦਾ ਜ਼ਾਮਨ ਨਹੀਂ ਬਣਦੇ ਸਗੋਂ ਦਰਜੇ-ਬੰਦੀ ਵਾਲੀ ਵਿਵਸਥਾ ਵਿਚ ਉੱਪਰ ਸਰਕਣ ਲਈ ਮਹਿਜ਼ ਇਕ ਜੁਗਤ ਪ੍ਰਤੀਤ ਹੁੰਦੇ ਹਨ।

ਵਿਆਹ ਸੰਸਥਾ ਦੀ ਮਕਾਨਕੀ ਹੋਂਦ ਤੋਂ ਉਕਤਾ ਕੇ ਕਹਾਣੀ 'ਚਾਨਣ ਵਿਚ ਗੁਆਚੇ ਲੋਕ' ਦਾ ਅਨਵਰ ਅਤੇ ਨਿਸ਼ਾ ਕਿਸੇ ਤੀਜੀ ਸੰਭਾਵਨਾ ਸਿਰਜਣ ਦਾ ਸੁਪਨਾ ਲੈਂਦੇ ਹਨ। ਇਹ ਸੁਪਨਾ ਪਰੰਪਰਿਕ ਰਿਸ਼ਤਿਆਂ ਤੋਂ ਮੁਕਤ ਆਦਮ-ਪਿਆਰ ਦਾ ਹੈ :

> ਅਨੂ ! ਸਾਨੂੰ ਪਤੈ ਅਸੀਂ ਦੋਨੋਂ ਕੀ ਭਾਲ ਕਰ ਰਹੇ ਹਾਂ ? ਤੈਨੂੰ ਲੋੜ ਹੈ ਉਸਦੀ ਜੋ ਤੇਰੇ ਬਿਨਾਂ ਬੋਲਿਆਂ ਤੈਨੂੰ ਸੁਣੇ, ਤੇਰੇ ਬਿਨਾਂ ਮੰਗਿਆਂ ਤੈਨੂੰ ਸਭ ਕੁਝ ਦੇਵੇ ਪਰ ਤੂੰ ਇਹ ਕਿਉਂ ਭੁੱਲ ਗਿਆ ਮੈਨੂੰ ਵੀ ਐਸੀ ਹੀ ਤਲਾਸ਼ ਹੈ।

ਪਰ ਇਹ ਆਦਰਸ਼ਕ ਰਿਸ਼ਤਾ ਬੌਧਿਕ ਪੱਧਰ ਉੱਤੇ ਦੋਵਾਂ ਨੂੰ ਰੇਤ ਦੀ ਮਹਿਲ ਭਾਸਦਾ ਹੈ। ਫਲਸਰੂਪ ਉਹ ਸੋਚਦੇ ਹਨ, "ਜੇ ਦੋ ਟੁਕੜੇ ਜੁੜ ਵੀ ਜਾਣ ਤਾਂ ਵੀ ਜੋੜ ਵਿਚਲੀ ਤਰੇੜ ਨਹੀਂ ਮਿਟਦੀ"। ਇਸ ਪ੍ਰਕਾਰ ਦੋਵੇਂ ਆਪਣੇ ਸੁਪਨੇ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਹੀ ਮੇਟ ਦਿੰਦੇ ਹਨ।

ਕਹਾਣੀ 'ਸੁਪਨੇ ਦੀ ਮਹਿਕ' ਦੀ ਜਰਮਨ ਨਿਵਾਸੀ ਮਾਰਥਾ ਦੀ ਸੁਤੰਤਰ ਪਿਆਰ ਦੀ ਇੱਛਾ 'ਬਿਨ ਬੋਲਿਆਂ, ਬਿਨ ਮੰਗਿਆਂ' ਪੂਰੀ ਹੋ ਜਾਂਦੀ ਹੈ, ਭਾਵੇਂ ਇਸ ਨੂੰ ਉਹ ਛਿਣ-ਮਾਤਰ ਹੀ ਹੰਢਾ ਸਕਦੀ ਹੈ।

ਇਨ੍ਹਾਂ ਤਿੰਨਾਂ ਕਹਾਣੀਆਂ ਵਿਚ ਸੁਪਨਾ ਕੇਂਦਰੀ ਮੋਟਿਫ ਹੋ ਨਿਬੜਦਾ ਹੈ। ਕਰਤਾ ਫਿਰ ਇਕ ਸੁਪਨਾ ਲੈਂਦੀ ਹੈ ਅਤੇ ਉਸ ਦੀ ਪੂਰਤੀ ਲੋੜਦੀ ਹੈ। ਪੂਰਤੀ ਦੇ ਰਾਹ ਵਿਚ ਕੋਈ ਆਰਥਿਕ ਜਾਂ ਸਮਾਜਿਕ ਸਥਿਤੀ ਅੜਿੱਕਾ ਨਹੀਂ ਬਣਦੀ ਜਿਵੇਂ ਕਿ ਆਮ ਤੌਰ ਤੇ ਪਿਆਰ-ਕਹਾਣੀਆਂ ਵਿਚ ਹੁੰਦਾ ਹੈ। ਇਨ੍ਹਾਂ ਕਹਾਣੀਆਂ ਵਿਚ ਸਮੱਸਿਆ ਸੁਪਨੇ ਦੀ ਪੂਰਤੀ ਦੀ ਨਹੀਂ ਬਲਕਿ ਸੁਪਨੇ ਦੇ ਦਿਸ਼ਾਹੀਣ ਹੋਣ ਦੀ ਹੈ।

ਕਹਾਣੀ 'ਗੁਰੂ ਦੱਖਣਾ' ਸੁਪਨੇ ਦੀ ਜੜ੍ਹਤਾ ਨੂੰ ਧਰਮ ਦੇ ਸੰਸਥਾਈ ਪ੍ਰਪੰਚ ਅਤੇ ਅਜੋਕੇ ਵਿਦਿਅਕ ਪ੍ਰਬੰਧ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ। ਪ੍ਰਿੰਸੀਪਲ ਸਤਿਕਾਰ ਕੌਰ ਅਸੂਲ-ਪ੍ਰਸਤ ਸਿੱਖ ਅਧਿਆਪਕਾ ਹੈ। ਵਿਡੰਬਨਾ ਇਹ ਹੈ ਕਿ ਪ੍ਰਿੰਸੀਪਲ ਦੀ ਸਿੱਖੀ ਰਹਿਤ ਅਤੇ "ਸਾਬਤ ਸੂਰਤ ਰਹੋ" ਵਾਲੀ ਸਿੱਖ ਮੱਤ ਆਪਣੇ ਵਿਦਿਆਰਥੀਆਂ ਨੂੰ ਵਲਗਣ-ਮੁਕਤ ਕਰਨ ਦੀ ਥਾਂ ਵਲਗਣ-ਯੁਕਤ ਕਰ ਦਿੰਦੀ ਹੈ। ਇਹ ਵਲਗਣ ਸੰਸਥਾਈ ਧਰਮ ਦੀ ਹੈ। ਪ੍ਰਿੰਸੀਪਲ ਦਾ ਸਭ ਤੋਂ ਚਹੇਤਾ ਵਿਦਿਆਰਥੀ ਰਿਪੂਜੀਤ ਇਕ ਆਦਰਸ਼ਕ ਮਨੁੱਖ ਦਾ ਨਮੂਨਾ ਹੈ :

> ਉਹ ਕਦੀ ਥਿੜਕਿਆ ਨਹੀਂ, ਨਾ ਡਰ ਕਰਕੇ, ਨਾ ਲਾਲਚ ਕਰਕੇ, ਨਾ ਲਾਲਚ ਜਾਂ ਮੋਹ ਕਰਕੇ। ਮੈਂ ਉਸ ਨੂੰ ਜ਼ਿੰਦਗੀ ਦੇ ਔਖੇ ਤੋਂ ਔਖੇ ਇਮਤਿਹਾਨ ਵਿਚੋਂ ਲੰਘਦਿਆਂ ਵੀ ਦੇਖਿਆ ਹੈ, ਪਰ ਉਹ ਆਪਣੇ ਆਪ ਵਿਚ ਰਿਹਾ ਹੈ—ਸ਼ਾਂਤ ਅਤੇ ਸਥਿਰ।



ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਪ੍ਰਿੰਸੀਪਲ ਦੀਆਂ ਨਜ਼ਰਾਂ ਵਿਚ ਉਸ ਦਾ ਵਿਦਿਆਰਥੀ ਰਿਪੂਜੀਤ ਪਹਿਲਾਂ ਹੀ ਸੰਪੂਰਨ ਆਦਰਸ਼ਕ ਚਰਿੱਤਰ ਦਾ ਧਾਰਨੀ ਹੈ ਤਾਂ ਉਹ ਉਸ ਨੂੰ ਸਿੱਖ ਸੰਪਰਦਾਇਕਤਾ ਦੀ ਵਲਗਣ ਵਿਚ ਕਿਉਂ ਬੰਨ੍ਹਣਾ ਚਾਹੁੰਦੀ ਹੈ ? ਦੂਜੇ ਸ਼ਬਦਾਂ ਵਿਚ ਪ੍ਰਿੰਸੀਪਲ ਆਪਣੇ ਵਿਦਿਆਰਥੀ ਦੀਆਂ ਸੁਤੰਤਰ ਅਕਾਂਖਿਆਵਾਂ ਉਤੇ ਅੰਕੁਸ਼ ਲਾ ਕੇ ਉਸਦੇ ਸੁਪਨਿਆਂ ਦਾ ਘਾਤ ਕਰਦੀ ਪ੍ਰਤੀਤ ਹੁੰਦੀ ਹੈ।

ਨ੍ਰਿਪਇੰਦਰ ਰਤਨ ਦੀਆਂ ਕਹਾਣੀਆਂ ਇਹ ਰਚਨਾ-ਵਿਵੇਕ ਪ੍ਰਸਤੁਤ ਕਰਦੀਆਂ ਹਨ ਕਿ ਮੱਧ-ਵਰਗ ਦੇ ਸੁਪਨੇ ਭਾਵੇਂ ਪਰੰਪਰਿਕ ਕਦਰਾਂ-ਕੀਮਤਾਂ (ਦਰਜੇਬੰਦੀ ਵਾਲੀ ਸਾਮੰਤੀ ਤੇ ਪੂੰਜੀਵਾਦੀ ਵਿਵਸਥਾ, ਸੰਸਥਾਈ ਧਰਮ-ਪ੍ਰਪੰਚ, ਵਿਆਹ ਪ੍ਰਬੰਧ ਆਦਿ) ਨੂੰ ਉਲੰਘਣ ਦਾ ਉਜ਼ਰ ਕਰਦੇ ਹਨ ਪਰ ਦੂਜੇ ਪਾਸੇ ਕਿਸੇ ਭਵਿਖਮੁਖੀ ਉਸਾਰੂ ਸਮਾਜ-ਪ੍ਰਬੰਧ ਦਾ ਅਕਸ ਉਜਾਗਰ ਨਹੀਂ ਕਰਦੇ। ਇਸ ਦੇ ਉਲਟ ਇਨ੍ਹਾਂ ਦੀ ਦਿਸ਼ਾ ਸਥਾਪਿਤ ਪ੍ਰਬੰਧ ਦੀ ਮਕਾਨਕੀਅਤਾ ਵਧਾਉਣ, ਮਾਨਵ ਦੀ ਸੰਵੇਦਨਸ਼ੀਲਤਾ ਖੀਣ ਕਰਨ ਅਤੇ ਸਮਾਜ ਨੂੰ ਅਸਤਿੱਤਵੀ ਸੰਕਟ ਦੇ ਰੂਬਰੂ ਕਰਨ ਵੱਲ ਹੈ। ਇਹ ਸਮੁੱਚੇ ਪੰਜਾਬੀ ਜਨ-ਜੀਵਨ ਦਾ ਪ੍ਰਤੀਨਿਧ ਯਥਾਰਥ ਨਹੀਂ ਬਲਕਿ ਕੇਵਲ ਅਵਸਰਸ਼ਾਹ ਉੱਚ ਮੱਧ-ਵਰਗ ਦੀ ਚੇਤਨਾ-ਦਿਸ਼ਾ ਦਾ ਸੂਚਕ ਹੈ।

ਉੱਚ ਮੱਧਵਰਗ ਦੇ ਅਸਤਿੱਤਵੀ ਸੰਕਟ ਅਤੇ ਚੇਤਨਾ-ਦਿਸ਼ਾ ਨੂੰ ਫੈਂਟਸੀ ਕਥਾ-ਜੁਗਤ ਤੇ ਮਾਧਿਅਮ ਰਾਹੀਂ ਕਹਾਣੀ 'ਤਿਲ ਥੋੜੜੇ' ਅਭਿਵਿਅਕਤ ਕਰਦੀ ਹੈ। ਇਸ ਕਹਾਣੀ ਦਾ ਉਤਮ-ਪੁਰਖੀ ਪਾਤਰ ਜੇਲ੍ਹ 'ਚ ਬੰਦ ਹੈ ਅਤੇ ਫਾਂਸੀ ਦੀ ਉਡੀਕ ਵਿਚ ਤੌਖਲਾਗ੍ਰਸਤ ਹੈ। ਕਹਾਣੀਕਾਰ ਅਜਿਹੇ ਵੇਰਵੇ ਸਿਰਜਣ ਵੱਲ ਕੋਈ ਰੁਚੀ ਨਹੀਂ ਕਿ ਉਸ ਵਿਅਕਤੀ ਨੂੰ ਫਾਂਸੀ ਦੀ ਸਜ਼ਾ ਕਿਉਂ ਹੋਈ। ਉਸ ਦਾ ਬਲ ਮੌਤ ਦੇ ਮੂੰਹ ਕੋਲ ਖੜੇ ਵਿਅਕਤੀ ਦੀ ਮਾਨਸਿਕਤਾ ਚਿਤਰਨ ਵੱਲ ਹੈ। ਵਿਸਤਰਿਤ ਅਰਥਾਂ ਵਿਚ ਇਥੇ ਜੇਲ੍ਹ ਸਮੁੱਚੀ ਸਮਾਜਿਕ ਵਿਵਸਥਾ ਦੀ ਪ੍ਰਤੀਕ ਬਣ ਜਾਂਦੀ ਹੈ ਜਿਸ ਵਿਚ ਸਵੈ-ਸੁਤੰਤਰਤਾ ਦੀ ਚੋਣ ਦੇ ਸਾਰੇ ਰਾਹ ਬੰਦ ਹਨ। ਇਸ ਲਈ ਕੈਦੀ ਨੇ ਜੇਲ੍ਹ ਦੇ ਮਕਾਨਕੀ ਪ੍ਰਬੰਧ ਅਨੁਸਾਰ ਹੀ ਜੀਣਾ-ਥੀਣਾਂ ਹੈ। ਅਜਿਹੀ ਹਾਲਤ ਵਿਚ ਨਿਰਸੰਦੇਹ ਉਸ ਦੇ ਸੁਪਨਿਆਂ ਦੀ ਦਿਸ਼ਾ ਮੌਤਗ੍ਰਸਤ ਸੰਵੇਦਨਾ 'ਤੋਂ ਪ੍ਰੇਰਿਤ ਹੋਈ ਹੈ। ਇਹ ਸੰਵੇਦਨਾ ਜ਼ਿੰਦਗੀ ਲਈ ਲਾਲਸਾ ਪੈਦਾ ਕਰਦੀ ਹੈ. ਜਿਵੇਂ ਸੁਪਨੇ 'ਚ ਗਿਲੋਟਨੀ ਵੱਲ ਜਾ ਰਿਹਾ ਉਤਮ-ਪੁਰਖੀ ਪਾਤਰ ਸੋਚਦਾ ਹੈ

> ਨਹੀਂ ! ਨਹੀਂ ! ਮੈਨੂੰ ਜੀਅ ਲੈਣ ਦਿਓ ! ਮੈਨੂੰ ਜੀਅ ਲੈਣ ਦਿਓ ਹਾਲੇ ! ਮੈਨੂੰ ਨਾ ਮਾਰੋ, ਨਾ ਮਾਰੋ ! ਮੈਂ ਨਹੀਂ ਅਜੇ ਮਰਨਾ ! ਮੈਂ ਨਹੀਂ ਮਰਨਾ ਚਾਹੁੰਦਾ ਅਜੇ ਨਹੀਂ ਆਪਣੀ ਗਰਦਨ ਕਟਦੀ ਵੇਖਣੀ।

ਪਰ ਜਿਉਣਾ ਕਾਹਦੇ ਲਈ ਹੈ ? ਕੀ ਪ੍ਰਯੋਜਨ ਹੈ ਜ਼ਿੰਦਗੀ ਦਾ ? ਅਜਿਹੇ ਪ੍ਰਸ਼ਨ ਖੜੇ ਕਰਦੀਆਂ ਹਨ ਰਤਨ ਦੀਆਂ ਕਹਾਣੀਆਂ। ਉੱਚ ਮੱਧਵਰਗ ਜਿਸ ਕੋਲ ਇਸ ਜਨਮ ਵਿਚ ਉਪਭੋਗਤਾ ਦੀਆਂ ਸਭ ਸੁੱਖ-ਸੁਵਿਧਾਵਾਂ ਪ੍ਰਾਪਤ ਹਨ, ਲਈ ਮੌਤ ਇਸ ਕਰਕੇ ਵੀ ਜ਼ਿਆਦਾ ਭੈਅਦਾਇਕ ਹੈ ਕਿਉਂਕਿ ਇਹ ਕਿਸੇ ਮੁਕਤੀ ਦੀ ਜਾਮਨ ਨਹੀਂ ਜਿਵੇਂ ਕਿ ਮੱਧਕਾਲੀ ਚੇਤਨਾ ਅਨੁਸਾਰ ਸਮਝਿਆ ਜਾਂਦਾ ਸੀ।

ਸਮੁੱਚੇ ਰੂਪ ਵਿਚ ਨ੍ਰਿਪਇੰਦਰ ਰਤਨ ਦੀਆਂ ਕਹਾਣੀਆਂ ਉੱਚ ਮੱਧਵਰਗ ਦੀ ਨਿਵੇਕਲੀ ਮਾਨਸਿਕਤਾ ਦੇ ਬਹੁ-ਪਾਸਾਰਾਂ ਨੂੰ ਗਲਪ-ਬਿੰਬ 'ਚ ਢਾਲ ਕੇ ਪੇਸ਼ ਕਰਦੀਆਂ ਹਨ। ਅਜਿਹਾ ਅਨੁਭਵ ਪਹਿਲਾਂ ਪੰਜਾਬੀ ਕਹਾਣੀ ਵਿਚ ਅਲਪ ਮਾਤਰ ਰੂਪ 'ਚ ਹੀ ਆਇਆ ਹੈ। ਬਿਰਤਾਂਤਕ ਸੰਗਠਨ ਦੇ ਪੱਖੋਂ ਵੀ ਰਤਨ ਦੀਆਂ ਕਹਾਣੀਆਂ ਯਥਾਰਥਵਾਦੀ ਕਹਾਣੀ ਦੇ ਉਸ ਪ੍ਰਤੀਮਾਨ ਨੂੰ ਉਲੰਘਣ ਦਾ ਯਤਨ ਕਰਦੀਆਂ ਹਨ ਜਿਸ ਵਿਚ ਘਟਨਾਵਾਂ ਕਿਸੇ ਕਾਰਜ ਅਤੇ ਪ੍ਰਭਾਵ ਦੇ ਨਿਸ਼ਚਤ ਪੈਟਰਨ ਵਿਚ ਬੰਨ੍ਹ ਕੇ ਪੇਸ਼ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਦੀ ਪ੍ਰਗੀਤਕ ਭਾਸ਼ਾ ਅਤੇ ਫੈਂਟਸੀ ਕਥਾ-ਜੁਗਤ ਵੀ ਇਨ੍ਹਾਂ ਕਹਾਣੀਆਂ ਨੂੰ ਯਥਾਰਥਵਾਦੀ ਕਹਾਣੀ ਦੇ ਠੋਸ ਵੇਰਵੇ ਵਾਲੇ ਭਾਸ਼ਾਈ ਮੁਹਾਵਰੇ ਤੋਂ ਮੁਕਤ ਕਰਦੀ ਹੈ। "ਸਵੈਜੀਵਨੀ ਛੋਹ 'ਤੋਂ ਨੇਪਰੇ ਰੱਖਣ ਦਾ ਭੁਲੇਖਾ ਸਿਰਜਣ ਲਈ ਭਾਵੇਂ ਕਹਾਣੀਕਾਰ ਨੇ ਸਰਬਗਿਆਤਾ ਬਿਰਤਾਤਕਾਰ ਰਾਹੀਂ ਕਥਾ ਪੇਸ਼ ਕਰਨ (ਤਿਲ ਥੋਰੜੇ ਤੋਂ ਬਿਨਾਂ) ਦੀ ਵਿਧੀ ਅਪਣਾਈ ਹੈ ਪਰ ਵਧੇਰੇ ਜੀਵੰਤ ਕਹਾਣੀਆਂ ਉਸ ਦੇ ਅਤੀਨਿਕਟੀ ਅਨੁਭਵ ਵਾਲੀਆਂ ਹੀ ਹਨ। ਇਨ੍ਹਾਂ ਕਹਾਣੀਆਂ ਵਿਚ ਇਹ ਗੱਲ ਵਾਰ ਵਾਰ ਅਗਰਭੂਮਿਤ ਹੁੰਦੀ ਹੈ ਕਿ ਅਜੋਕੀ ਦਰਜੇਬੰਦੀ ਵਾਲੀ ਸਮਾਜ ਵਿਵਸਥਾ ਵਿਚ ਅਫਸਰਸ਼ਾਹ ਉੱਚ-ਮੱਧਵਰਗ ਇਸ ਕਦਰ ਮਕਾਨਕੀਅਤਾ ਦਾ ਧਾਰਨੀ ਹੋ ਚੁੱਕਿਆ ਹੈ ਕਿ ਉਸ ਦੀ ਸੰਵੇਦਨਸ਼ੀਲਤਾ ਹਰ ਪਲ-ਛਿਣ ਦਮ ਤੋੜ ਰਹੀ ਹੈ। ਵਿਅੰਗਮੂਲਕ ਸਥਿਤੀ ਇਹ ਹੈ ਇਹੀ ਵਰਗ ਵਿਵਸਥਾ ਦਾ ਸੰਚਾਲਕ ਹੈ ਜਿਸ ਦਾ ਅਨੁਕਰਨ ਜਨ-ਸਾਧਾਰਨ ਨੇ ਕਰਨਾ ਹੁੰਦਾ ਹੈ। ਰਤਨ ਦੀਆਂ ਕਹਾਣੀਆਂ ਇਸ ਦੁਖਾਂਤਕ ਪਹਿਲੂ ਦਾ ਭਾਵ-ਬੋਧ ਬਹੁਤ ਸ਼ਿੱਦਤ ਨਾਲ ਕਰਵਾਉਂਦੀਆਂ ਹਨ।

(ਲੈਕਚਰਾਰ, ਪੱਤਰ ਵਿਭਾਗ, ਪੰ: ਯੂ: ਪਟਿਆਲਾ)

---

(ਸਫ਼ਾ 47 ਦੀ ਬਾਕੀ)

"ਕਹਾਣੀ ਦੀ ਹਾਲਤ ਤੁਸਾਂ ਵੇਖ ਹੀ ਲਈ ਹੈ। ਵਕਤ ਹੀ ਨਹੀਂ ਮਿਲਦਾ ਰਚਨਾ ਕਰਨ ਲਈ। ਸਾਰੇ ਦਿਨ ਦੀ ਭੱਜ-ਨੱਠ ਪਿੱਛੋਂ ਥੱਕੇ ਟੁੱਟੇ ਘਰ ਮੁੜੀਦਾ ਹੈ ਤੇ ਸਵੇਰੇ ਫਿਰ ਉਹੀ ਨੱਠ-ਭੱਜ।"

ਨੱਠ-ਭੱਜ ਚੋਂ ਅਨੁਭਵ ਦੀ ਪ੍ਰਾਪਤੀ ਹੁੰਦੀ ਹੈ, ਪਰ ਇਸ ਅਨੁਭਵ ਨੂੰ ਕਾਗਜ਼ ਤੇ ਉਤਾਰਨ ਲਈ ਵਕਤ, ਅਭਿਆਸ ਤੇ ਲਗਨ ਦੀ ਜ਼ਰੂਰਤ ਹੁੰਦੀ ਹੈ। ਅਭਿਆਸ ਨਾਲ ਹੀ ਪ੍ਰਤਿਭਾ ਵਿਕਸਿਤ ਹੁੰਦੀ ਹੈ। ਪਰ ਸਾਦਕ ਕੋਲ ਏਨਾ ਵਕਤ ਹੀ ਨਹੀਂ ਹੈ। ਕਹਾਣੀ ਕੀ ਕਰੇ।

ਵੇਖੀਏ ਉਹ ਵਕਤ ਕਦੋਂ ਕੱਢਦਾ ਹੈ। ਸਾਨੂੰ ਇਸ ਦੀ ਉਡੀਕ ਰਹੇਗੀ। ਕਹਾਣੀ ਵਕਤ ਮੰਗਦੀ ਹੈ ਤੇ ਸਿਦਕ ਵੀ। ਤੇ ਸਾਦਕ ਦਾ ਸਿਦਕ ਕਾਇਮ ਹੈ। ਪਰ ਵਕਤ ? ਇਹ ਤਾਂ ਕੱਢਣਾ ਹੀ ਪਵੇਗਾ।

—0—





## ਫਿਲਮ 'ਬੈਂਡਿਟ ਕੁਈਨ' ਦੇ ਬਹਾਨੇ/ਜਬਰੀ ਮੱਲ ਪਾਰਖ

ਲਗਪਗ ਪੰਦਰਾਂ ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੇ ਇਕ ਪਛੜੇ ਇਲਾਕੇ ਦੀ, ਅਤੀ ਗਰੀਬ ਪਰਵਾਰ ਵਿਚ ਪੈਦਾ ਹੋਈ ਲੜਕੀ ਅਚਾਨਕ ਦੁਨੀਆਂ ਭਰ ਦੇ ਅਖ਼ਬਾਰਾਂ ਦੀ ਖ਼ਾਸ ਖ਼ਬਰ ਬਣ ਗਈ, ਜਦੋਂ ਉਸ ਨੇ ਆਪਣੇ ਡਾਕੂ ਗਿਰੋਹ ਦੇ ਨਾਲ ਠਾਕਰਾਂ ਦੇ ਇਕ ਪਿੰਡ ਦੇ ਉਤੇ ਹਮਲਾ ਕੀਤਾ ਅਤੇ ਲਗਪਗ ਦੋ ਦਰਜਨ ਆਦਮੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹੋ ਮਾਮੂਲੀ ਕੁੜੀ ਫੂਲਨ ਦੇਵੀ ਅੱਜ ਲੋਕ ਸਭਾ ਦੀ ਮੈਂਬਰ ਹੈ ਅਤੇ ਜਿਸ ਦੇ ਜੀਵਨ ਉਤੇ ਸ਼ੇਖਰ ਕਪੂਰ ਜਿਹੇ ਪ੍ਰਸਿਧ ਨਿਰਦੇਸ਼ਕ ਨੇ 'ਬੈਂਡਿਟ ਕੁਈਨ' ਨਾਂ ਦੀ ਫਿਲਮ ਬਣਾਈ ਹੈ। ਇਹ ਫਿਲਮ ਵੀ ਫੂਲਨ ਦੇਵੀ ਨਾਲੋਂ ਘਟ ਵਿਵਾਦ ਦਾ ਕਾਰਨ ਨਹੀਂ ਬਣੀ ਅਤੇ ਮਾਮਲਾ ਸੁਪਰੀਮ ਕੋਰਟ ਤਾਈਂ ਪਹੁੰਚਿਆ।

ਅੱਜ ਦੀ ਲੋਕ ਸਭਾ ਮੈਂਬਰ ਤੇ ਕੱਲ੍ਹ ਦੀ ਡਾਕੂ ਫੂਲਨ ਦੇਵੀ ਦੇ ਸੰਬੰਧ ਵਿਚ ਲੋਕਾਂ ਦਾ ਇਕੋ ਜਿਹਾ ਦ੍ਰਿਸ਼ਟੀਕੋਣ ਨਹੀਂ ਹੈ। ਜ਼ਾਹਿਰ ਹੈ 'ਬੈਂਡਿਟ ਕੁਈਨ' ਦੇ ਬਾਰੇ ਦ੍ਰਿਸ਼ਟੀਕੋਣ ਬਣਾਉਣ ਵਿਚ ਵੀ ਇਸ ਵਤੀਰੇ ਦੀ ਭੂਮਿਕਾ ਰਹਿੰਦੀ ਹੈ। 'ਬੈਂਡਿਟ ਕੁਈਨ' ਦੇ ਬਾਰੇ ਸਮਝ ਬਣਾਉਣ ਵਿਚ ਦੋ ਹੋਰ ਗੱਲਾਂ ਨੇ ਭੂਮਿਕਾ ਨਿਭਾਈ ਹੈ। ਇਕ ਯਥਾਰਥ ਨੂੰ ਦਰਸਾਉਣ ਵਿਚ ਸ਼ੇਖਰ ਕਪੂਰ ਦੀ ਸ਼ੈਲੀ ਅਤੇ ਦੂਜਾ ਸ਼ਲੀਲਤਾ-ਅਸ਼ਲੀਲਤਾ ਦਾ ਸਵਾਲ। ਇਹਨਾਂ ਪੱਖਾਂ ਦੀ ਚਰਚਾ ਕਰਨ ਤੋਂ ਪਹਿਲਾਂ ਫੂਲਨ ਦੇਵੀ ਦੇ ਬਾਰੇ ਸਮਝ ਦੇ ਆਧਾਰਾਂ ਦੀ ਚਰਚਾ ਕਰ ਲਈਏ।

ਫੂਲਨ ਦੇਵੀ ਦੇ ਅੱਜ ਤੱਕ ਦੇ ਜੀਵਨ ਨੂੰ ਤਿੰਨ ਖੰਡਾਂ ਵਿਚ ਵੰਡ ਸਕਦੇ ਹਾਂ। ਪਹਿਲਾ ਇਕ ਅਜਿਹੀ ਗਰੀਬ, ਪੀੜਤ ਲੜਕੀ, ਜਿਸ ਨੂੰ ਪੈਰ ਪੈਰ ਤੇ ਕੁਚਲਿਆ ਗਿਆ ਤੇ ਅਪਮਾਨ ਅਤੇ ਅੱਤਿਆਚਾਰ ਸਹਿਣਾ ਪਿਆ। ਇਹਨਾਂ ਅੱਤਿਆਚਾਰਾਂ ਵਿਚ ਬਾਰ ਬਾਰ ਕੀਤੇ ਜਾਣ ਵਾਲੇ ਬਲਾਤਕਾਰ ਵੀ ਸਾਮਲ ਹਨ। ਜਿਸ ਦੇ ਦੁੱਖ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਲਗਪਗ ਅਸੰਭਵ ਹੈ। ਗਿਆਰਾਂ ਸਾਲਾਂ ਦੀ ਛੋਟੀ ਜਿਹੀ ਉਮਰ ਵਿਚ ਆਪ ਤੋਂ ਤਿਗਣੀ ਉਮਰ ਦੇ ਵਿਅਕਤੀ ਨਾਲ ਵਿਆਹ ਅਤੇ ਖੇਡਣ-ਪੜ੍ਹਨ ਦੀ ਉਮਰ ਵਿਚ ਯੌਨ-ਪੀੜਾ ਦੇ ਭੈਦਾਇਕ ਅਨੁਭਵਾਂ ਵਿਚੋਂ ਗੁਜ਼ਰਦਿਆਂ ਫੂਲਨ ਦੇਵੀ ਦਾ ਜੀਵਨ ਅੱਗੇ ਤੁਰਦਾ ਹੈ। ਜ਼ਾਹਿਰ ਹੈ, ਫੂਲਨ ਦੇਵੀ ਵਰਗੀ, ਆਰ-ਥਿਕ ਅਤੇ ਸਮਾਜਿਕ ਪਿਛੋਕੜ ਵਾਲੀਆਂ ਕੁੜੀਆਂ ਦੀ ਕਹਾਣੀ ਅਜਿਹੇ ਸ਼ੋਸ਼ਣ ਉਤਪੀੜਨ ਨੂੰ ਭੋਗਦਿਆਂ ਸਮਾਪਤ ਹੋ ਜਾਂਦੀ ਹੈ। ਸ਼ਾਇਦ ਸਚਾਈ ਇਹ ਵੀ ਹੈ ਕਿ ਬਹੁਤੀਆਂ ਕੁੜੀਆਂ ਇਹ ਅਹਿਸਾਸ ਤੱਕ ਵੀ ਨਹੀਂ ਕਰ ਸਕਦੀਆਂ, ਉਹਨਾਂ ਨਾਲ ਜੋ ਬੀਤ ਰਹੀ ਹੈ। ਇਹ ਸਿਰਫ ਕਰੂਰ, ਅਪਮਾਨਜਨਕ ਜਿਹੇ ਸਬਦਾਂ ਦੁਆਰਾ ਬਿਆਨ ਨਹੀਂ ਕੀਤਾ ਜਾ ਸਕਦਾ। ਗਰੀਬ ਹੋਣਾ, 'ਨੀਚ' ਜਾਤੀ ਦਾ ਹੋਣਾ ਅਤੇ ਫਿਰ ਇਸਤਰੀ ਹੋਣਾ—ਇਹਨਾਂ ਤੀਹਰੇ ਸਰਾਪਾਂ ਦੀ ਸਜ਼ਾ ਹੀ ਉਹਨਾਂ ਨੂੰ ਵੱਖੋ ਵੱਖਰੇ ਢੰਗ ਨਾਲ ਭੋਗਣੀ ਪੈਂਦੀ ਹੈ। ਫੂਲਨ ਦਾ ਕਸੂਰ ਇਹ ਸੀ ਕਿ ਉਸ ਨੇ ਆਪਣੀਆਂ ਹੋਰਨਾਂ ਭੈਣਾਂ ਵਾਂਗ ਇਹਨਾਂ ਸਜ਼ਾਵਾਂ ਨੂੰ ਆਪਣੀ ਕਿਸਮਤ ਸਮਝ ਕੇ ਪਰਵਾਨ ਨਹੀਂ ਕੀਤਾ। ਇਸ ਅਪਮਾਨਤਾ ਨੇ ਹੀ ਉਸ ਮਾਮੂਲੀ ਕੁੜੀ ਨੂੰ ਗ਼ੈਰ ਮਾਮੂਲੀ ਬਣਾਉਣ ਦੀ ਨੀਂਹ ਧਰ ਦਿੱਤੀ। ਇਥੋਂ ਦੀ ਫੂਲਨ ਦੇ ਜੀਵਨ ਦਾ ਦੂਜਾ ਖੰਡ ਸ਼ੁਰੂ ਹੁੰਦਾ ਹੈ। ਅਪਮਾਨ ਅਤੇ ਅਤਿਆਚਾਰ ਨੂੰ ਚੁੱਪ ਕਰਕੇ ਝੱਲਣ ਦੀ ਥਾਵੇਂ ਫੂਲਨ ਨੇ ਉਸ ਦਾ ਵਿਰੋਧ ਕੀਤਾ। ਵਿਰੋਧ ਨੇ ਅੱਤਿਆਚਾਰ ਨੂੰ ਹੋਰ ਵਧਾਇਆ ਅਤਿਆਚਾਰ ਨੇ ਵਿਰੋਧ ਨੂੰ ਦਬਾਉਣ ਦੀ ਥਾਂ, ਹੋਰ ਪ੍ਰਚੰਡ ਰੂਪ ਧਾਰ ਲਿਆ ਅਤੇ ਇਹ ਸਿਲਸਿਲਾ

ਲਗਾਤਾਰ ਚਲਦਾ ਰਿਹਾ। ਸਾਫ ਹੈ ਕਿ ਇਸ ਪੂਰੇ ਦੌਰ ਵਿਚ ਫੂਲਨ ਜਿਥੇ ਵੀ ਰੁਕ ਜਾਂਦੀ, ਉਸ ਦੀ ਕਹਾਣੀ ਉਥੇ ਹੀ ਮੁੱਕ ਜਾਣੀ ਸੀ। ਪ੍ਰੰਤੂ ਫੂਲਨ ਦੀ ਗੈਰ ਮਾਮੂਲੀ ਸ਼ਖਸ਼ੀਅਤ ਦਾ ਨਿਰਮਾਣ ਵਿਚ ਅੱਤਿਆਚਾਰ ਅਤੇ ਵਿਰੋਧ ਦੇ ਲਗਾਤਾਰ ਚੱਲੇ ਸਿਲਸਲੇ ਦਾ ਨਤੀਜਾ ਸੀ। ਵਿਰੋਧ ਦੇ ਕਾਰਨ ਫੂਲਨ ਨੂੰ ਸਮੂਹਿਕ ਬਲਾਤਕਾਰ ਅਤੇ ਪਿੰਡ ਵਿਚ ਨੰਗਾ ਕਰਕੇ ਘੁਮਾਉਣ ਜਿਹੇ ਅਪਮਾਨ ਅਤੇ ਉਤਪੀੜਨ ਸਹਿਣੇ ਪਏ। ਏਸੇ ਨੇ ਉਸ ਨੂੰ ਜੰਗਲਾਂ ਵੱਲ ਭੱਜਣ ਅਤੇ ਠਾਕਰਾਂ ਦੇ ਸਮੂਹਿਕ ਕਤਲ ਕਰਨ ਵਰਗੇ 'ਅਪਰਾਧਾਂ' ਵੱਲ ਧੱਕਿਆ। ਫੂਲਨ ਦੇਵੀ ਦੇ ਜੀਵਨ ਦੇ ਦੂਜੇ ਟਰੈਜਿਕ ਕਾਂਡ ਦੀ ਸਮਾਪਤੀ ਬਿਹਮਈ-ਹੱਤਿਆ ਕਾਂਡ ਦੇ ਪਿਛੋਂ ਪੁਲਸ ਦੀਆਂ ਗੋਲੀਆਂ ਤੋਂ ਭੱਜਦੀ-ਲੁਕਦੀ ਫੂਲਨ ਦੇਵੀ ਦੇ ਆਤਮ ਸਮਰਪਨ ਅਤੇ ਜੇਲ ਜਾਣ ਨਾਲ ਸਮਾਪਤ ਹੁੰਦੀ ਹੈ। ਪ੍ਰੰਤੂ ਇਸ ਦੂਜੇ ਖੰਡ ਦੇ ਅੰਤ ਤੱਕ ਫੂਲਨ ਦੇਵੀ ਜਿਉਂਦੀ ਜਾਗਦੀ ਕਿਸਮਤ ਸਾਜ਼ ਤੇ ਮੀਡੀਏ ਦੀ ਕੁਈਨ ਬਣ ਜਾਂਦੀ ਹੈ। ਹੁਣ ਉਹ ਬੇਬਸ ਪੀੜਤ ਕੁੜੀ ਨਹੀਂ ਫੂਲਨ ਦੇਵੀ ਹੈ। ਜਿਵੇਂ ਉਹਨਾਂ ਅੰਗਰੇਜ਼ੀ ਅਖਬਾਰਾਂ ਅਤੇ ਪੱਤਰਕਾਰਾਂ ਨੇ 'ਬੈਂਡਿਟ ਕੁਈਨ' ਦਾ ਨਾਂ ਦਿੱਤਾ। ਜਿਹਨਾਂ ਨੇ ਫੂਲਨ ਦੇਵੀ ਦੇ ਭਿਆਨਕ ਜੀਵਨ ਨੂੰ ਅਖਬਾਰਾਂ, ਰਸਾਲਿਆਂ ਅਤੇ ਪੁਸਤਕਾਂ ਦੇ ਰੂਪ ਵਿਚ ਛਾਪ ਕੇ ਸਨਸਨੀ ਖੋਜ ਅਤੇ ਲੂੰ ਕੰਡੇ ਖੜੇ ਕਰਨ ਵਾਲੀਆਂ ਕਹਾਣੀਆਂ ਪੜ੍ਹਨ ਵਾਲੇ ਆਰਾਮਤਲਬ ਲੋਕਾਂ ਦੇ ਲਈ ਇਕ ਹੋਰ 'ਸੱਚੀ ਕਹਾਣੀ' ਪੇਸ਼ ਕੀਤੀ ਹੋਵੇ।

ਮੀਡੀਏ ਲਈ ਇਕ ਸਥਾਈ 'ਪਾਪੂਲਰ ਮਸਾਲਾ' ਹੋਣ ਦਾ ਅਹਿਸਾਸ ਜੇਲ੍ਹ ਦੀਆਂ ਸੀਖਾਂ ਪਿਛੇ ਰਹਿੰਦਿਆਂ ਸ਼ਾਇਦ ਫੂਲਨ ਦੇਵੀ ਨੂੰ ਵੀ ਹੋ ਗਿਆ ਸੀ ਅਤੇ ਉਹਨਾਂ ਰਾਜਨੀਤੀਵਾਨਾਂ ਨੂੰ ਵੀ ਜਿਹਨਾਂ ਨੇ ਇਸ ਦੌਰ ਵਿਚ 'ਸਮਾਜਿਕ ਨਿਆਂ' ਦੇ ਨਾਂ ਉਤੇ ਲੜੀ ਜਾਣ ਵਾਲੀ ਲੜਾਈ ਵਿਚ ਛੋਟੀਆਂ ਸਮਝੀਆਂ ਜਾਣ ਵਾਲੀਆਂ ਜਾਤਾਂ ਨੂੰ ਆਪਣੇ ਪੱਖ ਵਿਚ ਇਕ ਜੁੱਟ ਕਰਨ ਦੇ ਲਈ ਫੂਲਨ ਦੇਵੀ ਦੀ 'ਕੀਮਤ' ਨੂੰ ਸਮਝ ਲਿਆ ਸੀ। ਜੇਲ੍ਹ ਵਿਚੋਂ ਬਾਹਰ ਆਉਣ, 'ਬੈਂਡਿਟ ਕੁਈਨ' ਫਿਲਮ ਬਾਰੇ ਉਸ ਦੇ ਰੱਵਈਏ ਅਤੇ ਪਿਛੋਂ ਸਮਾਜਵਾਦੀ ਪਾਰਟੀ ਦੇ ਟਿਕਟ ਉਤੇ ਲੋਕ ਸਭਾ ਦੀ ਚੋਣ ਲੜਨ ਤੇ ਜਿੱਤਣ ਦੇ ਤੀਜੇ ਖੰਡ ਦੀਆਂ, ਘਟਨਾਵਾਂ ਫੂਲਨ ਦੇਵੀ ਦੀ ਸ਼ਖਸ਼ੀਅਤ ਦੇ ਸ਼ਾਇਦ ਸਭ ਤੋਂ ਬਹੁਤੇ ਅਸੰਭਾਵਿਤ ਪੱਖ ਨੂੰ ਸਾਹਮਣੇ ਲਿਆਉਂਦਿਆਂ ਹਨ। ਸਵਾਲ ਇਹ ਹੈ ਕਿ ਫੂਲਨ ਦੇ ਜੀਵਨ ਨੂੰ ਕਿਥੇ ਖੜ ਕੇ ਦੇਖਿਆ ਜਾਵੇ। ਇਹ ਸਵਾਲ ਇਸ ਲਈ ਵੀ ਵੀ ਅਹਿਮ ਹੈ ਕਿ ਇਸ ਨਾਲ ਫੂਲਨ ਦੇ ਜੀਵਨ ਨੂੰ ਸਮਝਣ ਵਿਚ ਸ਼ਾਇਦ ਮਦਦ ਨਾ ਮਿਲੇ, ਪ੍ਰੰਤੂ ਫੂਲਨ ਦੇ ਬਾਰੇ ਆਪਣਾ ਦ੍ਰਿਸ਼ਟੀ ਕੋਨ ਨਿਸਚਤ ਕਰਨ ਵਾਲੇ ਲੋਕਾਂ ਦੇ ਦ੍ਰਿਸ਼ਟੀਕੋਨ ਨੂੰ ਜ਼ਰੂਰ ਸਮਝਿਆ ਜਾ ਸਕਦਾ ਹੈ ਅਤੇ ਇਸ ਨੂੰ ਸਮਝਣਾ ਫੂਲਨ ਨੂੰ ਸਮਝਣ ਨਾਲੋਂ ਘੱਟ ਮਹੱਤਵਪੂਰਨ ਨਹੀਂ ਹੈ।

ਫੂਲਨ ਦੇਵੀ ਦੇ ਜੀਵਨ ਦੇ ਇਹਨਾਂ ਖੰਡਾਂ ਵਿਚੋਂ ਕੁਝ ਹਿੱਸਿਆਂ ਨੂੰ ਚੁਣਕੇ ਜੋ ਰਾਏ ਬਣਾਈ ਜਾਵੇਗੀ ਤਾਂ ਨਿਸਚੇ ਹੀ ਉਹ ਰਾਏ ਮੁਕੰਮਲ ਨਹੀਂ ਹੋਵੇਗੀ। ਜੇਕਰ ਕਿਸੇ ਦੀ ਨਜ਼ਰ ਵਿਚ ਫੂਲਨ ਦਾ ਡਾਕੂ ਹੋਣਾ, ਲੁੱਟ-ਖੋਹ ਜਾਂ ਹੱਤਿਆਵਾਂ ਕਰਨਾ ਹੀ ਸਚਾਈ ਹੈ ਤਾਂ ਉਹ ਉਸ ਨਜ਼ਰ ਵਿਚ ਇਕ ਮਸ਼ਹੂਰ ਡਾਕੂ ਹੋਣ ਤੋਂ ਸਿਵਾ ਕੁਝ ਨਹੀਂ ਹੋਵੇਗੀ। ਇਸ ਤਰ੍ਹਾਂ ਫੂਲਨ ਦੀ ਥਾਂ ਜੇਲ੍ਹ ਦੀਆਂ ਸੀਖਾ ਪਿਛੇ ਹੀ ਹੋਣੀ ਚਾਹੀਦੀ ਸੀ, ਲੋਕ ਸਭਾ ਦੀ ਕੁਰਸੀ ਤੇ ਬੈਠਣ ਦਾ ਅਧਿਕਾਰ ਤਾਂ ਉਸ ਨੂੰ ਉੱਕਾ ਹੀ ਨਹੀਂ ਮਿਲਣਾ ਚਾਹੀਦਾ ਸੀ। ਦੂਜਾ ਦ੍ਰਿਸ਼ਟੀਕੋਨ ਇਹ ਵੀ ਹੋ ਸਕਦਾ ਹੈ ਕਿ ਉਸ ਨੇ ਦਰਜਨਾਂ ਲੋਕਾਂ ਦੀ ਸੱਤਿਆ ਕੀਤੀ, ਕਈ ਨਿਰਦੋਸ਼ ਇਸਤਰੀਆਂ ਨੂੰ ਵਿਧਵਾ ਬਣਾ ਦਿੱਤਾ,



ਬੱਚਿਆਂ ਨੂੰ ਅਨਾਥ ਬਣਾਇਆ। ਅਜਿਹਾ ਕਠੋਰ ਖੂਨੀ ਕੰਮ ਕਰਨ ਵਾਲੀ ਇਸਤਰੀ ਦੇ ਨਾਲ ਕਿਸੇ ਤਰ੍ਹਾਂ ਦੀ ਹਮਦਰਦੀ ਅਤੇ ਹਮਾਇਤ ਕੀ ਨਿਆਏ ਉਚਿਤ ਹੈ? ਤੀਜਾ ਦ੍ਰਿਸ਼ਟੀ ਕੋਨ ਇਹ ਹੋ ਸਕਦਾ ਹੈ ਕਿ ਉਸ ਨੇ ਜਿਸ ਵਿਸ਼ੇਸ਼ ਜਾਤੀ ਦੇ ਲੋਕਾਂ ਦੀਆਂ ਸਮੂਹਿਕ ਹੱਤਿਆਵਾ ਕੀਤੀਆਂ ਹਨ ਉਹਨਾਂ ਵੱਲ ਜਾਤੀਵਾਦੀ ਆਧਾਰ ਤੇ ਨਫਰਤ, ਵਿਰੋਧ ਅਤੇ ਸ਼ਤਰੂਤਾ ਰਖਣ ਦੇ ਕਾਰਨ ਉਹ ਘਿਰਨਾ ਜੋਗ ਜਾਤੀਵਾਦੀ ਵੀ ਹੈ ਅਤੇ ਜਾਤੀਵਾਦੀ ਇਸਤਰੀ ਨੂੰ ਇਸ ਤਰ੍ਹਾਂ ਉਤਸ਼ਾਹਤ ਕਰਨਾ ਜਾਤੀਵਾਦ ਨੂੰ ਵਧਾਉਣਾ ਹੈ, ਅਤੇ ਇਸ ਨਾਲ ਵੱਖੋ ਵੱਖਰੀਆਂ ਜਾਤਾਂ ਦੇ ਵਿਚਕਾਰ ਨਫਰਤ ਤੇ ਸ਼ਤਰੂਤਾ ਵਿਚ ਵਾਧਾ ਹੀ ਹੋਵੇਗਾ।

ਸਪਸ਼ਟ ਹੈ ਕਿ ਫੂਲਨ ਦੇ ਵੱਲ ਉਪ੍ਰੋਕਤ ਤਿੰਨੇ ਦ੍ਰਿਸ਼ਟੀਕੋਨਾਂ ਨਾਲ ਫੂਲਨ ਦੇ ਜੀਵਨ ਨੂੰ ਨਾ ਤਾਂ ਪੂਰੀ ਤਰ੍ਹਾਂ ਦੇਖਿਆ ਗਿਆ ਹੈ ਅਤੇ ਨਾ ਹੀ ਸਾਡੇ ਸਮਾਜ ਦੇ ਸਮਾਜਿਕ-ਆਰਥਿਕ ਹਾਲਾਤਾਂ ਵਿਚ ਰੱਖ ਕੇ ਇਹਨਾਂ ਘਟਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਨਿਸਚੇ ਹੀ ਹੱਤਿਆ, ਲੁੱਟ ਖੋਹ ਅਪਰਾਧ ਹਨ। ਨਿਰਦੋਸ਼ ਲੋਕਾਂ ਦਾ ਕਤਲ ਕਰਨਾ ਹੈਵਾਨੀ ਕਰੂਰਤਾ ਹੈ ਅਤੇ ਜਾਤੀਵਾਦੀ ਘਿਰਣਾ ਨੂੰ ਉਤਸ਼ਾਹਤ ਕਰਨਾ ਕਿਸੇ ਵੀ ਦ੍ਰਿਸ਼ਟੀ ਤੋਂ ਘੱਟ ਗੰਭੀਰ ਨਹੀਂ ਹੈ। ਪ੍ਰੰਤੂ ਇਹ ਸਾਰੀਆਂ ਸੰਦਰਭ ਨਾਲੋਂ ਕੱਟ ਕੇ ਦੇਖਣੀਆਂ ਖੁਦ ਏਸੇ ਤਰ੍ਹਾਂ ਦੀ ਜਾਂ ਇਹਨਾਂ ਨਾਲੋਂ ਵੀ ਵੱਡੀ ਹੈਵਾਨੀਅਤ ਹੈ ਤੇ ਘਿਰਣਤ ਅਪਰਾਧਾਂ ਉਪਰ ਪਰਦਾ ਪਾਉਣ ਦੀ ਕੋਸ਼ਿਸ਼ ਹੋ ਸਕਦੀ ਹੈ। ਅਤੇ ਜੋ ਇਕ ਸਭਿਆ ਸਮਾਜ ਸਚਾਈ ਦੇ ਕੇਵਲ ਇਕ ਪਾਸੇ ਨੂੰ ਦੇਖ ਕੇ ਬਾਕੀ ਪਾਸਿਆਂ ਨੂੰ ਨਜ਼ਰ ਅੰਦਾਜ਼ ਕਰਦਾ ਹੈ ਤਾਂ ਉਹ ਸਮਾਜ ਵਿਚ ਵਿਆਪਤ ਅੰਤਰ ਵਿਰੋਧਾਂ ਨੂੰ ਵਧਾਉਣ ਵਾਲੀ ਗੱਲ ਹੀ ਹੁੰਦੀ ਹੈ। ਦੁਰਭਾਗ ਨਾਲ ਫੂਲਨ ਦੇ ਮਾਮਲੇ ਵਿਚ ਮੀਡੀਏ ਅਤੇ ਦੂਜੇ ਨਿਹਤ ਸੁਆਰਥੀਆਂ ਦਾ ਦ੍ਰਿਸ਼ਟੀਕੋਨ ਅਜਿਹੀ ਪਹਿਲਾਂ ਹੀ ਮਿਥਿਆ ਹੋਇਆ ਰਿਹਾ ਹੈ ਇਕ ਭੂਮੀਹੀਨ ਨਿਮਨ ਜਾਤੀ ਦੇ ਪੇਂਡੂ ਪਰਵਾਰ ਵਿਚ ਪੈਦਾ ਹੋਈ ਕੁੜੀ ਜਿਸ ਨੂੰ ਕਦੇ ਸਕੂਲ ਜਾਣ ਦਾ ਮੌਕਾ ਨਾ ਮਿਲਿਆ ਹੋਵੇ, ਜਿਸ ਨੂੰ ਜਨਮ ਤੋਂ ਹੀ ਗਾਲਾਂ, ਠੋਕਰਾਂ, ਭੁੱਖ ਅਤੇ ਕਠੋਰਤਾ ਹੀ ਸਹਿਣੀ ਪਈ ਹੋਵੇ, ਉਸ ਤੋਂ ਕਿਸੇ ਅਜਿਹੇ ਵਿਰੋਧ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਜੋ ਕਾਨੂੰਨ ਦੇ ਘੇਰੇ ਵਿਚ ਹੋਵੇ ਜਦੋਂ ਕਿ ਸਾਡੇ ਲੋਕਤੰਤਰ ਦੀ ਕੋਈ ਸੰਸਥਾ ਫੂਲਨ ਅਤੇ ਫੂਲਨ ਜਿਹੀਆਂ ਇਸਤਰੀਆਂ ਅਤੇ ਉਹਨਾਂ ਦੇ ਪਰਵਾਰਾਂ ਉਤੇ ਹੋਣ ਵਾਲੇ ਅਤਿਆਚਾਰਾਂ ਨੂੰ ਰੋਕਣ ਵਿਚ ਨਾ ਸਿਰਫ ਕਮਜ਼ੋਰ ਹਨ ਸਗੋਂ ਆਮ ਤੌਰ ਤੇ ਦੇਖਿਆ ਇਹ ਗਿਆ ਹੈ ਕਿ ਇਹ ਸੰਸਥਾਵਾਂ (ਪੁਲਸ, ਪੰਚਾਇਤ, ਲੋਕ ਪ੍ਰਤੀਨਿਧੀ, ਅਦਾਲਤਾਂ) ਇਹਨਾਂ ਅਤਿਆਚਾਰਾਂ ਵਿਚ ਆਪ ਵੀ ਸ਼ਾਮਲ ਹਨ।

ਫੂਲਨ ਦੇਵੀ ਦੇ ਜੀਵਨ ਦੀ ਵਿਡੰਬਣਾ ਇਹ ਹੈ ਕਿ ਉਸ ਉਤੇ ਹੋਣ ਵਾਲੇ ਹਰ ਅਤਿਆ-ਚਾਰ ਵਿਚ ਇਹਨਾਂ ਸੰਸਥਾਵਾਂ ਦਾ ਰੋਲ ਘਟ ਨਿੰਦਣਯੋਗ ਨਹੀਂ ਹੈ। ਪੰਚਾਇਤ ਨੇ ਉਸ ਨੂੰ 'ਬਦਜਾਤ' ਕਹਿ ਕੇ ਪਿੰਡ ਛੱਡਣ ਲਈ ਮਜ਼ਬੂਰ ਕੀਤਾ, ਪੁਲਸ ਵਾਲਿਆਂ ਨੇ ਬਲਾਤਕਾਰ ਕੀਤਾ ਅਤੇ 'ਉਚੀ ਜਾਤੀ' ਦੇ ਸ਼ਕਤੀਸ਼ਾਲੀ ਲੋਕਾਂ ਨੇ ਕਈ ਕਈ ਦਿਨ ਤਕ ਬਲਾਤਕਾਰ ਦੁਆਰਾ ਅਤੇ ਪਿੰਡ ਵਿਚ ਨੰਗੀ ਘੁਮਾ ਕੇ ਅਪਮਾਨਿਤ ਕੀਤਾ। ਫੂਲਨ ਉਤੇ ਜਦੋਂ ਇਹ ਅਤਿਆਚਾਰ ਹੋ ਰਹੇ ਸੀ, ਉਸ ਸਮੇਂ ਕਿਸੇ ਅਖਬਾਰ ਨੇ, ਕਿਸੇ ਅਦਾਲਤ ਨੇ, ਕਿਸੇ ਲੋਕ ਪ੍ਰਤੀਨਿਧੀ ਨੇ, ਕਿਸੇ ਸਮਾਜਿਕ ਅਤੇ ਰਾਜਨੀਤਕ ਸੰਸਥਾ ਨੇ ਫੂਲਨ ਦੇਵੀ ਦੀ ਕੋਈ ਖ਼ਬਰ ਨਹੀਂ ਲਈ। ਹਾਂ, ਜਦੋਂ ਫੂਲਨ ਨੇ ਬੰਦੂਕ ਚੁੱਕ ਲਈ, ਫੂਲਨ ਨੇ ਇਕ ਹੀ ਦਿਨ ਵਿਚ ਇਕ ਹੀ ਪਿੰਡ ਦੇ ਦਰਜਨਾਂ ਲੋਕਾਂ ਨੂੰ ਗੋਲੀਆਂ

ਨਾਲ ਭੁੰਨ ਸੁੱਟਿਆ ਤਾਂ ਇਕ ਦਮ ਉਹ ਸਾਧਾਰਨ ਅਤੇ ਬੇਬਸ ਇਸਤਰੀ ਤੋਂ 'ਅਸਾਧਾਰਨ' ਅਤੇ 'ਭੈੜੀ ਜਾਬਰ' ਬਣ ਗਈ।

ਪ੍ਰੰਤੂ ਅਖਬਾਰਾਂ ਦੀਆਂ ਸੁਰਖੀਆਂ ਵਿਚ ਛਾ ਜਾਣ ਵਾਲੀ ਫੂਲਨ ਦੇ ਕਸ਼ਟਾਂ ਪਰੁੰਨੇ ਜੀਵਨ ਵਿਚੋਂ ਉਠਣ ਵਾਲੇ ਚਣੌਤੀਪੂਰਨ ਸਵਾਲਾਂ ਵਿਚ ਸ਼ਾਇਦ ਦਿਲਚਸਪੀ ਘਟ ਸੀ। ਇਥੇ ਇਕ ਇਸਤਰੀ ਦਾ 'ਪੁਰਸ਼ ਉਚਿਤ ਕਰਮ' ਸੀ ਜੋ ਲੋਕਾਂ ਦੀ ਦਿਲਚਸਪੀ ਦਾ ਕਾਰਨ ਬਣਿਆ ਅਤੇ ਕਤਲ ਬਲਾਤਕਾਰ ਜਿਹੀਆਂ ਕਰੂਰ ਅਦੇ ਹਿੰਸਕ ਘਟਨਾਵਾਂ ਸਨ ਜੋ ਬੰਬਈ ਫਿਲਮਾਂ ਨਾਲੋਂ ਘਟ ਨਾਟਕੀ ਨਹੀਂ ਸਨ।

ਫਿਰ ਇਹ ਸਵਾਲ ਉਠਣਾ ਲਾਜ਼ਮੀ ਸੀ ਕਿ ਫੂਲਨ ਦੇਵੀ ਵਰਗੇ ਮਸਲੇ ਬਾਰੇ ਕੀ ਰੁਖ ਹੋਣਾ ਚਾਹੀਦਾ ਹੈ? ਜੇ ਫੂਲਨ ਪ੍ਰਤੀ ਨਕਾਰਾਤਮਕ ਰਵੱਈਆ ਠੀਕ ਨਹੀਂ ਅਤੇ ਇਸ ਮਾਮਲੇ ਬਾਰੇ ਮੀਡੀਏ ਦਾ ਰਵਈਆ ਵਪਾਰਕ ਹੈ ਤਾਂ ਇਸ 'ਚ ਇਹ ਵੀ ਜੁਆਬ ਨਹੀਂ ਹੋ ਸਕਦਾ ਕਿ ਇਸ ਬਾਰੇ ਚੁੱਪ ਵੱਟ ਲਈ ਜਾਵੇ ਜਾਂ ਇਹ ਕਹਿ ਕੇ ਛੁੱਟੀ ਕਰ ਲਈ ਜਾਵੇ ਕਿ ਇਹ ਤਾਂ ਕਾਨੂੰਨ ਵਿਵਸਥਾ ਦਾ ਮਾਮਲਾ ਹੈ ਅਤੇ ਇਸ ਨਾਲ ਤਾਂ ਪੁਲਸ ਨਿਬੜੇਗੀ। ਸਾਨੂੰ ਸਿਰ ਖਪਾਉਣ ਦੀ ਕੀ ਲੋੜ ਹੈ। ਸਪਸ਼ਟ ਹੈ ਇਹ ਰੱਵਈਆ ਉਪਰ ਗਿਣਾਏ ਗਏ ਰੱਵਈਆਂ ਨਾਲੋਂ ਘਟ ਖ਼ਤਰਨਾਕ ਨਹੀਂ ਹੈ ਕਿਉਂਕਿ ਇਹਨਾਂ ਵਿਚ ਵੀ ਫੂਲਨ ਨਾਲ ਜੁੜੀਆਂ ਸਮਾਜਿਕ-ਆਰਥਿਕ ਸਮੱਸਿਆਵਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਜੇਕਰ ਫੂਲਨ ਅਤੇ ਉਸ ਦੇ ਨਾਲ ਜੁੜੇ ਸਵਾਲਾਂ ਉਪਰ ਬਹਿਸ ਜ਼ਰੂਰੀ ਹੈ ਤਾਂ ਫਿਰ ਮੀਡੀਏ ਦੇ ਰੋਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਜੇਕਰ ਫੂਲਨ ਦਾ ਸਵਾਲ ਹਰ ਸੰਵੇਦਨਸ਼ੀਲ ਅਤੇ ਜਾਗਰੂਪ ਵਿਅਕਤੀ ਦੇ ਅੱਗੇ ਚਣੌਤੀ ਬਣ ਕੇ ਖੜਾ ਹੈ ਤਾਂ ਉਹ ਕਲਾ-ਮਾਧਿਅਮ ਨਾਲ ਜੁੜੇ ਲੋਕਾਂ ਨੂੰ ਵੀ ਪਰੇਰਤ ਕਰੇਗਾ। ਨਿਸਚੇ ਹੀ ਫੂਲਨ ਉਹਨਾਂ ਲਈ ਕੀ ਹੈ, ਇਹ ਉਹਨਾਂ ਦੁਆਰਾ ਰਚੀ ਰਚਨਾ ਵਿਚ ਉਜਾਗਰ ਕਰਨ ਦਾ ਆਧਾਰ ਹੋਵੇਗਾ ਅਤੇ ਇਹ ਪਾਰਖੂ ਦੇ ਪੱਖੋਂ ਸਾਡੇ ਸਾਹਮਣੇ ਉਸ ਦੇ ਦ੍ਰਿਸ਼ਟੀਕੋਨ ਨੂੰ ਜਾਂਚਣ ਦਾ ਆਧਾਰ ਉਸ ਦੀ ਰਚਨਾ ਹੋਵੇਗੀ।

ਬੈਂਡਿਟ ਕੁਈਨ' ਫਿਲਮ ਉਪਰ ਬਹਿਸ ਛੇੜਨ ਤੋਂ ਪਹਿਲਾਂ ਇਸ ਪਰਿਸ਼ਟ ਭੂਮੀ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। 'ਬੈਂਡਿਟ ਕੁਈਨ' ਦੇ ਨਾਂ ਤੇ ਲਿਖੀ ਗਈ ਫੂਲਨ ਦੀ ਜੀਵਨੀ ਉਪਰ ਆਧਾਰਤ ਇਸ ਫਿਲਮ ਨੇ ਕਈ ਪੱਧਰ ਉਪਰ ਵਿਵਾਦਾਂ ਨੂੰ ਜਨਮ ਦਿੱਤਾ ਹੈ। ਇਹਨਾਂ ਵਿਵਾਦਾਂ ਦੇ ਕਾਰਨ ਹੀ ਫਿਲਮ ਦਾ ਪਰਦਰਸ਼ਨ ਲੰਮੇ ਸਮੇਂ ਤੱਕ ਰੁਕਿਆ ਰਿਹਾ। ਅਤੇ ਕਦੇ ਭਾਰਤ ਵਿਚ ਫਿਲਮ ਦਿਖਾਈ ਜਾਣ ਲੱਗੀ ਤਾਂ ਫਿਲਮ ਨੇ ਫੇਰ ਕਈ ਪੱਧਰਾਂ ਉਪਰ ਸਵਾਲ ਖੜੇ ਕੀਤੇ। ਕੁਝ ਲੋਕ ਕੋਰਟ ਰਾਹੀਂ ਫਿਲਮ ਉਤੇ ਰੋਕ ਲਾਉਣ ਵਿਚ ਵੀ ਸਫਲ ਹੋਏ ਅਤੇ ਆਖਰਕਾਰ ਸੁਪਰੀਮ ਕੋਰਟ ਦੇ ਇਕ ਨਿਰਣਾਇਕ ਫੈਸਲੇ ਨਾਲ ਇਸ ਦਾ ਦਿਖਾਇਆ ਜਾਣ ਸੰਭਵ ਹੋ ਸਕਿਆ।

ਵਿਵਾਦ ਦਾ ਮੁੱਢ ਖ਼ੁਦ ਫੂਲਨ ਦੇਵੀ ਤੋਂ ਬੱਝਿਆ, ਜਿਸ ਨੇ ਦੋਸ਼ ਲਾਇਆ ਕਿ ਫਿਲਮ ਵਿਚ ਉਸ ਦੇ ਜੀਵਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਫਿਲਮਸਾਜ਼ ਦਾ ਮਨੋਰਥ ਇਸ ਦੇ ਜੀਵਨ ਦੇ ਨਗਨ ਯਥਾਰਥ ਨੂੰ ਦਿਖਾ ਕੇ ਪੈਸਾ ਕਮਾਉਣਾ ਹੈ। ਇਹ ਝਗੜਾ ਅਦਾਲਤ ਵਿਚ ਵੀ ਗਿਆ ਅਤੇ ਅੰਤ ਵਿਚ ਦੋਵਾਂ ਪੱਖਾਂ ਵਿਚ ਸਮਝੌਤੇ ਹੋਣ ਨਾਲ ਇਹ ਸਮਾਪਤ ਹੋਇਆ। ਆਪਣੇ ਇਕ ਟੀ.ਵੀ. ਇੰਟਰਵੀਊ ਵਿਚ ਆਪ ਫੂਲਨ ਦੇਵੀ ਨੇ ਮੰਨਿਆਂ ਕਿ ਉਸ ਨੂੰ ਫਿਲਮਸਾਜ਼



ਤੋਂ ਕਾਫੀ ਵੱਡੀ ਰਕਮ ਪ੍ਰਾਪਤ ਹੋਈ ਹੈ। ਫੂਲਨ ਦੇ ਜੀਵਨ ਦੇ ਇਸ ਪੱਖ ਦਾ ਸੰਬੰਧ ਉਸ ਤੀਜੇ ਖੰਡ ਨਾਲ ਹੈ ਜਿਸ ਦਾ ਜ਼ਿਕਰ ਅਸੀਂ ਪਹਿਲਾਂ ਕੀਤਾ ਸੀ। ਜੇਕਰ ਮੀਡੀਏ ਨੇ ਫੂਲਨ ਦੇਵੀ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧੀ ਦਿੱਤੀ, ਤਾਂ ਖ਼ੁਦ ਫੂਲਨ ਨੇ ਇਸ ਪ੍ਰਸਿੱਧੀ ਨੂੰ ਆਪਣੀ ਜੀਵਨ ਦਸ਼ਾ ਸੁਧਾਰਨ ਲਈ ਵਰਤਿਆ ਵੀ। ਦਿੱਲੀ ਵਰਗੇ ਮਹਾਂਨਗਰ ਵਿਚ ਦੱਖਣੀ ਦਿੱਲੀ ਦੇ ਅਮੀਰ ਇਲਾਕੇ ਵਿਚ ਕੋਠੀ ਲੈਕੇ ਰਹਿਣ ਲਈ ਪੈਸਾਂ ਲਾਉਣਾ ਫੂਲਨ ਦੇ ਲਈ ਉਸ ਡਕੈਤੀ ਵਾਲੇ ਜੀਵਨ ਦੇ ਕਾਰਨ ਸੰਭਵ ਨਹੀਂ ਹੋਇਆ ਸੀ। ਇਸ ਨੂੰ ਸੰਭਵ ਬਣਾਇਆ ਹਊ, ਉਸ ਲੋਕ ਪ੍ਰੀਅਤਾ ਨੇ ਜਿਸ ਦੇ ਕਾਰਨ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ ਉੱਤੇ ਫੂਲਨ ਦੇ ਜੀਵਨ ਬਾਰੇ ਪੁਸਤਕਾਂ ਲਿਖੀਆਂ ਗਈਆ, ਇੰਟਰਵੀਊ ਪ੍ਰਕਾਸ਼ਤ ਹੋਏ, ਫਿਲਮ ਬਣੀ ਅਤੇ ਇਹਨਾਂ ਸਭਨਾਂ ਲਈ ਫੂਲਨ ਦੇਵੀ ਨੇ ਜੇਕਰ ਪੈਸਾ ਵਸੂਲਿਆ ਤਾਂ ਸ਼ਾਇਦ ਇਹ ਅਜਿਹਾ ਗੁਨਾਹ ਨਹੀਂ ਸੀ, ਜਿਸ ਨੂੰ ਅਪਰਾਧ ਦਾ ਦਰਜਾ ਦਿੱਤਾ ਜਾ ਸਕੇ। ਆਖਰ ਫੂਲਨ ਦੇ ਜੀਵਨ ਸੰਬੰਧੀ ਕਿਤਾਬ ਲਿਖਣ ਵਾਲੇ ਲੇਖਕ ਨੂੰ ਅਤੇ ਫਿਲਮ ਬਣਾਉਣ ਵਾਲੇ ਫਿਲਮਸਾਜ਼ ਨੂੰ ਵੀ ਲੱਖਾਂ ਰੁਪਏ ਕਮਾਉਣ ਦਾ ਮੌਕਾ ਮਿਲਿਆ ਸੀ। ਫੂਲਨ ਨੇ ਸ਼ਾਇਦ ਆਪਣੇ ਜੀਵਨ ਦੀ ਟਰੈਜਡੀ ਤੋਂ ਇਹੋ ਸਬਕ ਲਿਆ ਸੀ ਕਿ ਸੱਤਾ ਪ੍ਰਾਪਤ ਕੀਤੇ ਬਿਨਾਂ ਸੱਤਾ ਦੇ ਦਮਨ ਤੋਂ ਨਹੀਂ ਬਚਿਆ ਜਾ ਸਕਦਾ। ਪ੍ਰੰਤੂ ਸੱਤਾ ਕਿਸ ਦੇ ਲਈ ਦਾ ਕੋਈ ਅਰਥਵਾਨ ਰਾਜਨੀਤਕ ਸਬਕ ਸਿੱਖਣ ਦਾ ਮੌਕਾ ਉਸ ਨੂੰ ਨਹੀਂ ਮਿਲਿਆ ਸੀ। ਇਸ ਲਈ ਉਸ ਨੇ ਸੱਤਾ ਨੂੰ ਬੰਦੂਕ ਅਤੇ ਪੈਸੇ ਦੀ ਤਾਕਤ ਦੇ ਰੂਪ ਵਿਚ ਹੀ ਗ੍ਰਹਿਣ ਕੀਤਾ। ਇਕ ਹੱਦ ਤੱਕ ਫੂਲਨ ਦੀ ਸੋਚ ਠੀਕ ਵੀ ਸੀ ਕਿਉਂਕਿ ਜਿਸ ਦੇ ਦਮਨ ਦੀ ਉਹ ਸ਼ਿਕਾਰ ਹੋਈ ਸੀ ਉਹਨਾਂ ਕੋਲ ਇਹਨਾਂ ਦੋ ਤਾਕਤਾਂ ਉੱਤੇ ਟਿਕੀ ਹੋਈ ਸੱਤਾ ਸੀ। ਫੂਲਨ ਨੇ ਡਾਕੂ ਬਣਕੇ ਏਸੇ ਸੱਤਾ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਨਿਸਚੇ ਹੀ ਇਹ ਅਸਾਨ ਕੰਮ ਨਹੀਂ ਸੀ। ਜੰਗਲਾਂ ਦਾ ਜੀਵਨ ਕਿਸੇ ਲੋਕਤੰਤਰਿਕ ਅਸੂਲਾਂ ਤੇ ਆਧਾਰਤ ਨਹੀਂ ਹੁੰਦਾ। ਉਥੇ ਆਪਣੀ ਨਿਰੰਕੁਸ਼ ਸੱਤਾ ਦੀ ਧਾਂਕ ਜਬਰਨ ਮਨਵਾਉਣੀ ਹੁੰਦੀ ਹੈ। ਜਾਤਾਂ ਵਿਚ ਵੰਡੇ ਸਾਡੇ ਸਮਾਜ ਵਿਚ ਜਿਥੇ ਡਾਕੂਆਂ ਦੇ ਗਰੋਹ ਵੀ ਜਾਤਾਂ ਦੇ ਆਧਾਰ ਉਤੇ ਬਣੇ ਹੋਣ, ਉਥੇ ਇਕ 'ਨੀਂਵੀਂ ਜਾਤ' ਦੀ ਅਤੇ ਉਹ ਵੀ ਇਸਤਰੀ ਦੇ ਲਈ ਆਪਣਾ ਡਾਕੂ ਗਰੋਹ ਖੜਾ ਕਰਨਾ ਅਤੇ ਉਸ ਦੀ ਸਰਦਾਰ ਬਣਨਾ ਫੂਲਨ ਦੇ ਲਈ ਘਟ ਚਣੌਤੀ-ਪੂਰਨ ਨਹੀਂ ਹੋਣਾ। ਲਗਪਗ ਏਹੋ ਅਸੰਭਵ ਕੰਮ ਫੂਲਨ ਨੇ ਕਰ ਦਿਖਾਇਆ ਸੀ। ਜੇਕਰ ਪਿਛਲੇ ਦਸ ਪੰਦਰਾਂ ਸਾਲਾਂ ਵਿਚ ਬਣਨ ਵਾਲੀਆਂ ਹਿੰਦੀ ਦੀਆਂ ਵਪਾਰਕ ਫਿਲਮਾਂ ਨੂੰ ਦੇਖੀਏ ਤਾਂ ਜਿਸ ਮਜ਼ਲੂਮ ਅਤੇ ਮਜਬੂਰ ਨਾਇਕ ਨੂੰ ਦਮਨ ਅਤੇ ਉਤਪੀੜਨ ਦੇ ਵਿਰੁਧ 'ਮਹਾਂਨਾਇਕ' ਬਣਕੇ ਲੋਹਾ ਲੈਂਦੇ ਦੇਖਦੇ ਹਾਂ ਅਤੇ ਜਿਸ ਨੂੰ ਫਟੈਸੀ ਮੰਨਕੇ ਮਹਿਜ਼ ਮਨੋਰੰਜਨ ਦੀ ਚੀਜ਼ ਸਮਝਕੇ ਭੁੱਲ ਜਾਂਦੇ ਹਾਂ, ਫੂਲਨ ਨੇ ਲਗਪਗ ਉਹੋ ਹੀ 'ਮਹਾਂ ਨਾਇਕਤਵ' ਆਪਣੇ ਯਥਾਰਥਕ ਜੀਵਨ ਵਿਚ ਰੂਪਮਾਨ ਕਰਕੇ ਦਿਖਾ ਦਿੱਤਾ ਸੀ। ਇਹ ਮਹਾਂ ਨਾਇਕਤਵ ਉਸ ਦੇ ਖ਼ਤਰਨਾਕ ਹੋਣ ਵਿਚ ਵੀ ਲੁਕਿਆ ਹੋਇਆ ਸੀ ਅਤੇ ਹੁਣ ਲੋਕ ਸਭਾ ਮੈਂਬਰ ਬਣਨ ਵਿਚ ਵੀ। ਇਹਨਾਂ ਦੋਵਾਂ ਮਾਮਲਿਆਂ ਵਿਚ ਕਿੰਨਾ ਫੂਲਨ ਦਾ ਹਿੱਸਾ ਸੀ ਤੇ ਕਿੰਨਾ ਪ੍ਰਸਥਿਤੀਆਂ ਦਾ, ਇਹ ਚਰਚਾ ਦਾ ਵਿਸ਼ਾ ਹੋ ਸਕਦਾ ਹੈ ਪ੍ਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫੂਲਨ ਦਾ 'ਬੈਂਡਿਟ ਕੁਈਨ' ਬਣਨਾ ਲਗਪਗ ਉਹੋ ਜਿਹੀ ਫੈਂਟੇਸੀ ਸੀ ਜਿਹੋ ਜਿਹੀ ਫਿਲਮਾਂ ਦੀ ਫੈਂਟੇਸੀ ਹੁੰਦੀ ਹੈ। ਪ੍ਰੰਤੂ ਫੂਲਨ ਦੀ ਜ਼ਿੰਦਗੀ ਫੈਂਟੇਸੀ ਨਹੀਂ ਸੀ, ਉਹ ਇਕ ਹਕੀਕਤ ਸੀ। ਇਕ ਅਜਿਹੀ ਹਕੀਕਤ ਜੋ ਸਾਡੇ ਅੱਗੇ ਤੇ ਸਾਡੇ ਵਿਚਕਾਰ ਜ਼ਿੰਦਾ ਮੌਜੂਦ ਸੀ।

ਫਿਲਮੀ ਫੈਂਟੇਸੀ ਜਿਹਾ ਫੂਲਨ ਦੇਵੀ ਦਾ ਯਥਾਰਥ ਫਿਲਮ ਦੀ ਸਕਰੀਨ ਉਪਰ ਪੇਸ਼ ਕੀਤਾ ਜਾਵੇ, ਇਹ ਇੱਛਾ ਕੋਈ ਗੈਰ-ਮਾਮੂਲੀ ਨਹੀਂ ਹੀ। ਪ੍ਰੰਤੂ ਫੂਲਨ ਦੇ ਜੀਵਨ ਨੂੰ ਹਿੰਦੀ ਦੀ ਹਰਮਨ ਪਿਆਰੀ ਸਿਨੇਮਾ-ਸ਼ੈਲੀ ਵਿਚ ਪੇਸ਼ ਕੀਤੇ ਜਾਣ ਦਾ ਨਤੀਜਾ ਸ਼ਾਇਦ ਇਹੋ ਹੁੰਦਾ ਕਿ ਫੂਲਨ ਦਾ ਯਥਾਰਥ ਸਿਰਫ ਅਯਾਰਥ ਅਤੇ ਮਨੋਰੰਜਕ ਫੈਂਟੇਸੀ ਬਣ ਕੇ ਰਹਿ ਜਾਂਦਾ। ਸ਼ੇਖਰ ਕਪੂਰ ਦੇ ਸਾਹਮਣੇ ਸਭ ਤੋਂ ਵੱਡੀ ਵੰਗਾਰ ਇਹੋ ਕੜੀ ਹੋਵੇਗੀ ਅਤੇ ਏਸੇ ਨੇ ਉਸ ਨੂੰ ਹਿੰਦੀ ਫਿਲਮੀ ਦੇ ਲਈ ਲਗਪਗ ਓਪਰੀ ਸ਼ੈਲੀ ਅਪਣਾਉਣ ਦੇ ਲਈ ਪਰੇਰਤ ਕੀਤਾ ਹੋਵੇ।

ਇਹ ਓਪਰੀ ਸ਼ੈਲੀ ਘੱਟੋਘਟ ਸੰਸਾਰ ਸਿਨੇਮੇਂ ਦੇ ਲਈ ਓਪਰੀ ਨਹੀਂ ਸੀ। ਖ਼ਾਸ ਕਰਕੇ ਯੂਰਪ ਦਾ ਸਿਨਮਾ ਯਥਾਰਥ ਨੂੰ ਪੇਸ਼ ਕਰਨ ਦੇ ਸੰਬੰਧ ਵਿਚ ਕਿਤੇ ਜ਼ਿਆਦਾ ਦਲੇਰ ਕਿਹਾ ਜਾ ਸਕਦਾ ਹੈ ਅਤੇ ਇਸ ਦ੍ਰਿਸ਼ਟੀ ਨਾਲ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਸ਼ੈਲੀ ਨੂੰ ਅਪਣਾਂਉਣ ਦੇ ਪਿਛੇ ਯੂਰਪ ਜਾਂ ਅਮਰੀਕਾ ਦੀ ਮਾਰਕੀਟ ਦਾ ਖ਼ਿਆਲ ਵੀ ਹੋਵੇ, ਜਿਥੇ ਅਜਿਹੀ ਫ਼ਿਲਮ ਦੀ ਖ਼ਪਤ ਜ਼ਿਆਦਾ ਆਸਾਨ ਹੋਵੇ। ਇਥੇ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਫੂਲਨ ਦੇ ਜੀਵਨ ਸੰਬੰਧੀ ਇਕ ਖ਼ਾਸ ਤਰ੍ਹਾਂ ਦੀ ਦਿਲਚਸਪੀ ਯੂਰਪ ਅਤੇ ਅਮਰੀਕਾ ਵਿਚ ਸ਼ੁਰੂ ਤੋਂ ਹੀ ਹੋਵੇ। ਵਿਦੇਸ਼ੀ ਪੱਤਰਕਾਰਾਂ ਦੁਆਰਾ ਫੂਲਨ ਦੇ ਜੀਵਨ ਬਾਰੇ ਲਿਖਣਾ, ਅੰਗਰੇਜ਼ੀ ਵਿਚ ਲਿਖੀਆਂ ਫੂਲਨ ਦੀਆਂ ਜੀਵਨੀਆਂ ਦੀ ਵੱਡੀ ਪੱਧਰ ਉਪਰ ਵਿਕਰੀ ਇਸੇ ਸੱਚਾਈ ਨੂੰ ਦੱਸਦੀ ਹੈ। ਜੀਵਨ ਨਾਲੋਂ ਵੀ ਵਿਸ਼ਾਲ ਫੂਲਨ ਦੀ ਜ਼ਿੰਦਗੀ ਦੇ ਸੱਚ ਨੂੰ ਸਹੀ ਸਮਾਜਿਕ-ਰਾਜਨੀਤਕ ਪਿਛੋਕੜ 'ਚ ਰੱਖ ਕੇ ਦੇਖਣ ਦੀ ਵੰਗਾਰ, ਇਹਨਾਂ ਸਭ ਉਲਝਣਾਂ ਦੇ ਹੁੰਦਿਆਂ ਹੋਰ ਵੀ ਵੱਡੀ ਹੋਈ ਹੋਵੇਗੀ। ਸ਼ੇਖਰ ਕਪੂਰ ਦੀ ਫਿਲਮ ਇਹਨਾਂ ਉਲਝਣਾਂ ਸਮੇਤ, ਉਪ੍ਰੋਕਤ ਵੰਗਾਰ ਨੂੰ ਸਵੀਕਾਰ ਕਰਦੀ ਹੈ। ਉਹਨਾਂ ਤੋਂ ਬਚ ਨਿਕਲਣ ਦੀ ਕੋਸ਼ਿਸ਼ ਨਹੀਂ ਕਰਦੀ।

ਉਦਾਹਰਣ ਲਈ ਕੁਝ ਬੁਨਿਆਦੀ ਸਵਾਲਾਂ ਨੂੰ ਲਈਏ। ਜ਼ਮੀਨ ਦਾ ਸਵਾਲ, ਜਾਤੀਵਾਦੀ ਉਤਪੀੜਨ ਦਾ ਸਵਾਲ, ਇਸਤਰੀ ਦੀ ਇੱਜ਼ਤ ਦਾ ਸਵਾਲ, ਵਿਵਸਥਾ ਦੇ ਦਮਨ ਦਾ ਸਵਾਲ— ਇਹਨਾਂ ਸਭ ਸਵਾਲਾਂ ਨੂੰ ਫੂਲਨ ਦੇ ਜੀਵਨ ਦੀ ਨਾਟਕੀ ਅਤੇ ਅਯਥਾਰਥ ਜਿਹੇ ਲਗਨ ਵਾਲੀਆਂ ਘਟਨਾਵਾਂ ਵਿਚੋਂ ਪੂਰੇ ਜ਼ੋਰ ਨਾਲ ਉਭਰਕੇ ਸਾਡੇ ਸਾਹਮਣੇ ਪੇਸ਼ ਕਰ ਦੇਣਾ ਕੋਈ ਸੌਖਾ ਕੰਮ ਨਹੀਂ ਸੀ। ਸ਼ੇਖਰ ਕਪੂਰ ਨੇ ਇਸੇ ਔਖੇ ਕੰਮ ਨੂੰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅਜਿਹਾ ਕਰਦਿਆਂ 'ਸੱਚ' ਨੂੰ ਠੀਕ ਓਸ ਕੁਦਰਤੀ ਰੂਪ ਵਿਚ, ਨੰਗਿਆਂ ਪੇਸ਼ ਕੀਤਾ, ਜਿਵੇਂ ਉਹ ਸੱਚੀਂਮੁੱਚੀ ਵਾਪਰਿਆਂ ਹੋਵੇਗਾ। ਇਹ ਡਰਾਉਣਾ ਯਥਾਰਥ ਕੀ ਠੀਕ ਏਸੇ ਸ਼ੈਲੀ ਵਿਚ ਪੇਸ਼ ਕੀਤਾ ਜਾ ਸਕਦਾ ਸੀ? ਕੀ ਕੋਈ ਹੋਰ ਵਧੀਆ ਸਿਰਜਣਾਤਮਕ ਤਰੀਕਾ ਨਹੀਂ ਹੋ ਸਕਦਾ ਸੀ? ਸੰਭਵ ਹੈ, ਹੋਵੇ। ਪ੍ਰੰਤੂ ਬਿਹਮਈ ਦੇ ਹੱਤਿਆਂ ਕਾਂਡ ਦੇ ਪੂਰੇ ਅਰਥ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ. ਜੇਕਰ ਗਿਆਰਾਂ ਵਰ੍ਹਿਆਂ ਦੀ ਮਾਸੂਮ ਫੂਲਨ ਦੇ ਡਾਕੂ ਫੂਲਨ ਬਣਨ ਦੀ ਤਰਾਸਦਿਕ ਗਾਥਾ ਦਾ ਦਹਿਲਾਉਣ ਵਾਲਾ ਅਹਿਸਾਸ ਕਰਾਉਣਾ ਹੈ ਤਾਂ ਫੂਲਨ ਨੇ ਜੋ ਕੁਝ ਭੋਗਿਆ ਸੀ, ਉਸਦੀ ਤੀਬਰਤਾ ਨੂੰ ਥੋੜਾ ਜਿਹਾ ਵੀ ਘਟਾਉਣਾ ਘਾਤਕ ਹੋ ਸਕਦਾ ਸੀ। ਆਮ ਤੌਰ ਤੇ ਇਸਤਰੀ ਨੂੰ ਨੰਗਾ ਕਰਕੇ ਘੁਮਾਉਣਾ ਅਤੇ ਉਸ ਦੇ ਨਾਲ ਸਮੂਹਿਕ ਬਲਾਤਕਾਰ ਜਿਹੀ ਹੋਣੀ ਦੇ ਪਿਛੇ ਲੁਕੇ ਪਸ਼ੂਪਨ ਅਤੇ ਇਸਤਰੀ ਦੀਆਂ ਮੁਸ਼ਕਲਾਂ, ਦੋਵਾਂ ਦਾ ਅਹਿਸਾਸ ਇੰਨਾ ਸਾਧਾਰਨ ਹੋ ਗਿਆ ਹੈ ਕਿ ਇਹ ਗੱਲਾਂ ਸਾਡੇ ਲਈ



ਮਹਿਜ਼ ਇਕ ਖ਼ਬਰ, ਫਿਲਮੀ ਕਹਾਣੀ ਦਾ ਇਕ ਨਾਟਕੀ ਮੋੜ ਹੋ ਕੇ ਰਹਿ ਜਾਂਦੀਆਂ ਹਨ ਜਦੋਂ ਕਿ ਕਿਸੇ ਵੀ ਇਸਤਰੀ ਦੇ ਲਈ ਇਹ ਕਿੰਨੀ ਵੱਡੀ ਸਜ਼ਾ ਹੈ। ਸ਼ਾਇਦ ਇਸ ਅਹਿਸਾਸ ਦੇ ਨੇੜੇ-ਤੇੜੇ ਪਹੁੰਚਣਾ ਸਾਡੇ ਲਈ ਨਾਮੁਮਕਿਨ ਹੁੰਦਾ ਜਾਂ ਰਿਹਾ ਹੈ। ਸ਼ੇਖ਼ਰ ਕਪੂਰ ਨੇ ਏਸੇ ਸਜ਼ਾ ਦਾ ਸੇਕ ਸਾਡੇ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਸਵਾਲ ਇਹ ਨਹੀਂ ਉਠਦਾ ਕਿ ਬਿਹਮਈ ਦੋਵਾਂ ਨੂੰ ਪੈਦਾ ਕਰਨ ਵਾਲੀ ਇਹ ਵਿਵਸਥਾ ਕਿਉਂ? ਨਿਸਚੇ ਹੀ ਇਸ ਦਾ ਉੱਤਰ ਫੂਲਨ ਦੇ ਜੀਵਨ ਵਿਚ ਨਹੀਂ ਹੈ ਕਿਉਂਕਿ ਫੂਲਨ ਤਾਂ ਖੁਦ ਸਵਾਲ ਬਣਕੇ ਖੜੀ ਹੈ। ਸਵਾਲ ਦਾ ਉੱਤਰ ਦੇਣਾ ਕਿਸੀ ਕਲਾਕਾਰ ਦਾ ਕੰਮ ਵੀ ਨਹੀਂ ਹੈ, ਲੇਕਿਨ ਸਵਾਲ ਨੂੰ ਸਹੀ ਸੰਦਰਭ ਵਿਚ ਰੱਖਕੇ ਉਠਾਉਣਾ ਇਕ ਸਹੀ ਕਦਮ ਹੋ ਸਕਦਾ ਹੈ।

ਸ਼ੇਖ਼ਰ ਕਪੂਰ 'ਬੇਂਡਿਟ ਕੁਈਨ' ਦੇ ਸਹਾਰੇ ਏਹੋ ਕੋਸ਼ਿਸ਼ ਕਰਦੇ ਹਨ। ਬਿਹਮਈ ਕਾਂਡ ਤੋਂ ਪਹਿਲਾਂ ਤੱਕ ਫੂਲਨ ਉੱਤੇ ਹੋਣ ਵਾਲੇ ਅੱਤਿਆਚਾਰਾਂ ਉੱਤੇ ਉਹੋ ਜਿਹੀ ਹੀ ਚੁੱਪ ਤਣੀ ਹੋਈ ਹੈ ਜਿਹੋ ਜਿਹੀ ਚੁੱਪ ਦੀ ਚਰਚਾ ਮੁਕਤੀਬੋਧ ਦੀ ਕਵਿਤਾ 'ਹਨ੍ਹੇਰੇ ਵਿਚ' ਹੈ ਪ੍ਰੰਤੂ ਜਿਵੇਂ ਹੀ ਬਿਹਮਈ ਦਾ ਕਾਂਡ ਵਾਪਰਦਾ ਹੈ ਲੋਕ ਸਭਾ ਦੀਆਂ ਦੀਵਾਰਾਂ ਹਿੱਲ ਜਾਂਦੀਆਂ ਹਨ, ਫਰਜ਼ੀ ਮੁਕਾਬਲੇ ਦੇ ਨਾਂ ਉੱਤੇ ਕਤਲ ਸ਼ੁਰੂ ਹੋ ਜਾਂਦੇ ਹਨ ਫੂਲਨ ਦੇਵੀ ਦੇ ਸਾਥੀਆਂ ਇਕ ਇਕ ਕਰਕੇ ਪੁਲਸ ਹੱਥੀ: ਮਾਰੇ ਜਾਂਦੇ ਹਨ। ਉਹੋ ਹੀ ਤਾਕਤਵਰ ਲੋਕ ਜਿਹਨਾਂ ਕਾਰਨ ਫੂਲਨ ਨੂੰ 'ਬੈਂਡਿਟ ਕੁਈਨ' ਬਣਨਾ ਪਿਆ, ਪੂਰੀ ਵਿਵਸਥਾ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੈ ਅਤੇ ਫੂਲਨ ਦੇਵੀ ਪੁਲਸ ਦੀਆਂ ਗੋਲੀਆਂ ਤੋਂ ਬਚਦੀ, ਲੁਕਦੀ-ਛਿਪਦੀ ਘੁੰਮ ਰਹੀ ਹੈ ਅਤੇ ਓੜਕ ਹਥਿਆਰ ਸੁੱਟ ਕੇ ਆਤਮ ਸਮਰਪਨ ਕਰ ਦਿੰਦੀ ਹੈ ਓਸੇ ਵਿਵਸਥਾ ਦੇ ਅੱਗੇ ਜਿਸ ਤੋਂ ਬਦਲਾ ਲੈਂਦਿਆਂ ਫੂਲਨ ਇਸ ਥਾਂ 'ਤੇ ਪਹੁੰਚੀ ਸੀ।

ਆਪਣੇ ਆਤਮ ਸਮਰਪਨ ਤੋਂ ਪਹਿਲਾਂ ਫੂਲਨ ਸ਼ਕਤੀਸ਼ਾਲੀ ਵਿਵਸਥਾ ਨੂੰ ਕੁਝ ਸ਼ਰਤਾਂ ਮੰਨਣ ਲਈ ਮਜਬੂਰ ਕਰਦੀ ਹੈ। ਇਹਨਾਂ ਵਿਚ ਆਪਣੇ ਪਰਵਾਰ ਦੀ ਰੱਖਿਆ ਦੇ ਨਾਲ ਬੇਜ਼ਮੀਨੇ ਲੋਕਾਂ ਵਿਚ ਜ਼ਮੀਨ ਦੀ ਵੰਡ ਅਤੇ ਲੜਕੀਆਂ ਲਈ ਪੜ੍ਹਾਈ ਦਾ ਮੁਫਤ ਪ੍ਰਬੰਧ ਵਰਗੀਆਂ ਸ਼ਰਤਾਂ ਸ਼ਾਮਲ ਹਨ। ਫੂਲਨ ਦੀ ਸਮੱਸਿਆ ਦਰਅਸਲ ਡਾਕੂ-ਸਮੱਸਿਆ ਨਹੀਂ ਹੈ, ਇਹ ਜ਼ਮੀਨ ਦੀ ਮਾਲਕੀ ਦੀ ਲੜਾਈ ਦਾ ਇਕ ਅਧਿਆਏ ਹੈ। ਇਹ ਕਿਸੇ ਡਾਕੂ ਇਸਤਰੀ ਦੀ ਲੂੰਕੰਡੇ ਖੜੇ ਕਰਨ ਵਾਲੀ ਕਹਾਣੀ ਨਹੀਂ ਹੈ ਸਗੋਂ ਇਸਤਰੀ ਦੀ ਸਜ਼ਾਵਾਂ ਭੋਗਣ ਦਾ ਇਕ ਜਲਦਾ ਹੋਇਆ ਦਸਤਾਵੇਜ਼ ਹੈ। ਇਹ ਜਾਤਾਂ ਵਿਚ ਵੰਡੇ ਸਾਡੇ ਸਮਾਜ ਦੇ ਵਿਸਫੋਟ ਕਿਨਾਰੇ ਅਪੜੇ ਵਿਰੋਧਾਂ ਦੀ ਕਹਾਣੀ ਹੈ। ਸੁਪਰੀਮ ਕੋਰਟ ਨੇ ਆਪਣਾ ਫੈਸਲਾ ਦਿੰਦਿਆਂ ਇਹਨਾਂ ਸੱਚਾਈਆਂ ਨੂੰ ਕਿਸੇ ਹੱਦ ਤੱਕ ਅੱਗੇ ਰੱਖਿਆ ਹੈ। 'ਬੈਂਡਿਟ ਕੁਈਨ' ਫਿਲਮ ਨੂੰ ਏਸੇ ਵਿਆਪਕ ਪਿਛੋਕੜ ਵਿਚ ਦੇਖਿਆ ਜਾਣਾ ਚਾਹੀਦਾਂ ਹੈ। ਇਸ ਪਿਛੋਂ ਹੀ ਇਕ ਕਲਾ ਮਾਧਿਅਮ ਦੇ ਰੂਪ ਵਿਚ ਉਸ ਦੀ ਸਫਲਤਾ ਜਾਂ ਅਸਫਲਤਾ ਉੱਤੇ ਗੱਲ ਕਰਨ ਦਾ ਪ੍ਰਸ਼ਨ ਪ੍ਰਸੰਗਿਕ ਹੋ ਸਕਦਾ ਹੈ, ਇਸ ਤੋਂ ਪਹਿਲਾਂ ਨਹੀਂ।

—ਹਿੰਦੀ ਤੋਂ ਅਨੁਵਾਦ : ਸੂਫ਼ੀ ਅਮਰਜੀਤ

## ਦੋ ਨਜ਼ਮਾਂ/ਸਰਵੱਤ ਮਹੀਅਲਦੀਨ

1.

ਬੰਦੇ ਕੱਠੇ ਬਹਿੰਦੇ
ਆਪਸ ਦੇ ਵਿਚ ਗੱਲਾਂ ਕਰਦੇ
ਕਿੰਨੀ ਜਾਣ ਪਛਾਣ ਕਿਸੇ ਦੀ
ਅੱਗੇ ਹੋ ਹੋ ਦੱਸਦੇ।
ਕੌਣ ਕੀ ਕਰਦਾ, ਕਿਧਰ ਜਾਂਦਾ
ਕੀ ਖਾਂਦਾ, ਕੀ ਪੀਂਦਾ
ਗਿਣਤੀ ਕਰਦੇ ਰਹਿੰਦੇ
ਇਹ ਨਾ ਜਾਣਦੇ ਕਿਹੜਾ ਬੰਦਾ
ਕਿੰਨੀਆਂ ਆਸਾਂ ਰੱਖੇ।
ਕਿੰਨੇ ਦੁੱਖ ਤੇ ਕਿੰਨੀਆਂ ਖ਼ੁਸ਼ੀਆਂ
ਝੋਲੀ ਪਾ ਕੇ ਚੱਲੇ।
ਦਿਲ ਕੀਹਦਾ ਕਿਸ ਗੱਲੇ ਰੋਵੇ
ਕਿਹੜੀ ਗੱਲੇ ਹੱਸੇ।
ਚੁੱਪ ਹੋਵੇ ਤੇ ਕੀ ਬੋਲੇ
ਜੇ ਤੱਕੇ ਤੇ ਕੀ ਦੱਸੇ।

2.

ਦੋ ਚਾਰ ਦਿਹਾੜੇ
ਅਲੇ ਦੁਆਲੇ
ਸੰਗ ਸਹਾਰੇ
ਸਾਕ ਪਿਆਰੇ
ਰੋਂਦੇ ਨੇ, ਕੁਰਲਾਉਂਦੇ ਨੇ
ਫੇਰ ਹੌਲੀ ਹੌਲੀ
ਆਪਣਿਆਂ ਕੰਮਾਂ ਕਾਜਾਂ ਵਿਚ
ਰੁੱਝ ਜਾਂਦੇ ਨੇ।
ਨਾ ਯਾਦ ਕਰਨ ਦਾ ਵਿਹਲ ਕੋਈ
ਨਾ ਕਾਹਲ ਕੋਈ, ਨਾ ਦੇਰ ਕੋਈ
ਆਪਣੀਆਂ ਔਕੜਾਂ ਦੂਰ ਕਰਨ ਦੀ



ਪੇਟ ਭਰਨ ਦੀ
ਜੀਣ ਮਰਨ ਦੀ
ਸੋਚ ਦੇ ਅੰਦਰ ਡੁੱਬੇ ਹੋਏ,
ਰਾਤ, ਦਿਹਾੜੇ
ਭੁੱਖ ਤੰਨੂਰੀ
ਅੱਗ ਦੇ ਅੰਦਰ ਝੱਲੇ ਹੋਏ
ਪਾਲੇ ਦੇ ਵਿਚ ਠਰਦੇ ਠਰਦੇ
ਲੂ ਦੇ ਅੰਦਰ ਸੜਦੇ ਸੜਦੇ
ਅੱਧ-ਮੋਏ
ਅੱਧੇ ਜੀਊਂਦਿਆਂ ਵਾਂਗੂ
ਹਯਾਤੀ ਕੱਟਦੇ ਹੋਏ
ਚੁੱਪ ਚੁਪੀਤੇ ਰੀਂਗਦੇ ਹੋਏ
ਅੱਪੜਦੇ ਨੇ
ਓਸ ਜਗ੍ਹਾ ਤੇ
ਜਿੱਥੇ ਕੋਈ
ਸੰਗ ਸਹਾਰੇ, ਸਾਕ ਪਿਆਰੇ
ਆਲ ਦੁਆਲੇ
ਰੋਂਦੇ ਨੇ, ਕੁਰਲਾਉਂਦੇ ਨੇ
ਮੁੜ ਹੌਲੀ ਹੌਲੀ
ਆਪਣਿਆਂ ਕੰਮਾਂ ਕਾਜਾਂ ਵਿਚ
ਰੁੱਝ ਜਾਂਦੇ ਨੇ।

## ਗ਼ਜ਼ਲ/ਨਿਰਮਲ ਦੱਤ

ਸਾਡੀ ਲੰਘਣੀ ਨਹੀਂ ਥੋੜ੍ਹੇ ਜਿਹੇ ਲਾਰਿਆਂ ਬਿਨਾਂ
ਤਾਹੀਓਂ ਲਿਖਦੇ ਹਾਂ ਖ਼ਤ ਡੁੱਬੇ ਤਾਰਿਆਂ ਦੇ ਨਾਂ।
ਜ਼ੋਰ ਲਹਿਰਾਂ ਦਾ ਹੈ ਐਨਾ ਅਜੇ ਲੱਗਦੇ ਨਹੀਂ ਪੈਰ
'ਰੱਖੋ ਆਸ' ਇਹ ਸੁਨੇਹਾ ਹੈ ਕਿਨਾਰਿਆਂ ਦੇ ਨਾਂ।
ਜਿਹੜੇ ਨੇਰੀਆਂ ਨੂੰ ਰੋਕਦਿਆਂ ਲੈ ਗਏ ਵਿਦਾਈ
ਆਓ ਲਿਖੀਏ ਦਿਲਾਂ 'ਤੇ ਓਹਨਾਂ ਪਿਆਰਿਆਂ ਦੇ ਨਾਂ।
ਜਿਹੜੇ ਕਾਵਾਂ ਤੇ ਹਵਾਵਾਂ ਹੱਥੋਂ ਹੋਏ ਨੇ ਖ਼ੁਆਰ
ਆਓ ਭੇਜੀਏ ਪਿਆਰ ਓਹਨਾਂ ਸਾਰਿਆਂ ਦੇ ਨਾਂ।
ਲਿਖੋ ਰਾਤ ਦੇ ਮੱਥੇ 'ਤੇ ਕੋਈ ਸੂਰਜੀ ਸਲਾਮ
'ਨ੍ਹੇਰੇ ਰਾਹਾਂ ਵਿਚ ਖੋ ਰਹੇ ਵਿਚਾਰਿਆਂ ਦੇ ਨਾਂ।

(2060—47 ਡੀ, ਚੰਡੀਗੜ੍ਹ)

## **ਕੁਸ਼ਤੀ ਦਾ ਧਰੂ ਤਾਰਾ** (ਵਰਿਆਮ ਸਿੰਘ ਸੰਧੂ)

"ਕੁਸ਼ਤੀ ਦਾ ਧਰੂ ਤਾਰਾ" ਕਰਤਾਰ ਸਿੰਘ ਭਲਵਾਨ ਦੀ ਜੀਵਨੀ ਹੈ। ਵਰਿਆਮ ਸਿੰਘ ਸੰਧੂ ਪੰਜਾਬੀ ਦਾ ਸਿਰਮੌਰ ਕਹਾਣੀਕਾਰ ਹੈ, ਇਹ ਤਾਂ ਜੱਗ ਜ਼ਾਹਰ ਹੈ, ਪਰ ਉਹ ਕਿੰਨਾ ਸਮਰੱਥ ਵਾਰਤਕਕਾਰ ਹੈ, ਇਸ ਦਾ ਉੱਤਮ ਨਮੂਨਾ ਇਹ ਜੀਵਨੀ ਹੈ। ਪੁਸਤਕ ਪੜ੍ਹ ਕੇ ਪਾਠਕ ਨੂੰ ਕਰਤਾਰ ਦੀ ਜ਼ਿੰਦਗੀ ਬਾਰੇ ਉਸ ਦੇ ਪਿਛੋਕੜ, ਸੁਭਾਅ, ਘਰ,ਪਰਿਵਾਰ, ਦੋਸਤਾਂ, ਰਿਸ਼ਤੇਦਾਰੀਆਂ ਉਸ ਦੀਆਂ ਮਹਾਨ ਪ੍ਰਾਪਤੀਆਂ ਦਾ ਗਿਆਨ ਤਾਂ ਹੁੰਦਾ ਹੀ ਹੈ ਨਾਲ ਦੀ ਨਾਲ ਸੁਰ ਸਿੰਘ ਪਿੰਡ ਦੀ ਮਹਾਨਤਾ, ਪਿਛਲੇ ਪੰਜਾਹ ਸਾਲਾਂ ਦੇ ਪੰਜਾਬ ਦਾ ਇਤਿਹਾਸ, ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ, ਸੰਤਾਲੀ ਦੀ ਵੰਡ ਦੀ ਚੀਸ ਦਾ ਗਿਆਨ ਅਤੇ ਅਹਿਸਾਸ ਵੀ ਪੁਸਤਕ ਪੜ੍ਹਦਿਆਂ ਤੀਵਰਤਾ ਨਾਲ ਹੁੰਦਾ ਹੈ। ਲੇਖਕ ਨੇ ਸਮੱਗਰੀ ਦੀ ਚੋਣ ਜਿਥੇ ਬੜੀ ਮਿਹਨਤ ਅਤੇ ਲਗਨ ਨਾਲ ਕੀਤੀ ਹੈ ਉਥੇ ਇਸ ਦੀ ਪੇਸ਼ਕਾਰੀ ਨੂੰ ਚਾਰ ਚੰਦ ਲਾਉਣ ਲਈ ਸਿਰਲੇਖ ਅਤੇ ਉਪ-ਸਿਰਲੇਖ ਦਿਲਕਸ਼ ਅਤੇ ਚੁਸਤ ਚੁਣੇ ਹਨ ਕਿ ਪਾਠਕ ਇਕ ਵੇਰ ਸ਼ੁਰੂ ਕਰਕੇ ਪੁਸਤਕ ਨੂੰ ਅੱਧ-ਵਿਚਾਲੇ ਛੱਡ ਨਹੀਂ ਸਕਦਾ। ਉਦਾਹਰਣ ਲਈ ਕੁਝ ਸਿਰਲੇਖ ਵੇਖੇ ਜਾ ਸਕਦੇ ਹਨ ਸੁਰ ਸਿੰਘ ਦਾ "ਚੰਡੀਗੜ੍ਹ", ਮਾਸਟਰਾਣੀ ਨਾਲ ਝਗੜਾ, ਬਦੋ-ਬਦੀ ਜੰਞ ਵੇਖੀ, ਸੱਪ ਮਾਰਨਾ, ਹਰਫਨ ਮੌਲਾ ਬਣਨਾ ਔਖਾ, ਤੁਰਿਆ ਪੁੱਤ ਸਰਦਾਰਾਂ ਦਾ ਛੈਲ ਬਾਂਕਾ, ਸੁਰ ਸਿੰਘ ਤੋਂ ਮਾਸਕੋ ਤੱਕ, ਘਰ ਆਈ ਖੁਸ਼ੀ ਮੁੜ ਗਈ, ਸੂਲੀ ਟੰਗੇ ਪਲ:", ਪਾਠਕ ਨੂੰ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਇਹ ਜੀਵਨੀ ਦੇ ਕਾਂਡ ਨਾ ਹੋ ਕੇ ਨਿੱਕੀਆਂ-ਨਿੱਕੀਆਂ ਦਿਲਚਸਪ ਕਹਾਣੀਆਂ ਹੋਣ ਤੇ ਇਹ "ਅੱਗੇ ਕੀ ਹੈ" ਦੀ ਜਗਿਆਸਾ ਕਾਇਮ ਰੱਖੀ ਰੱਖਦੀਆਂ ਹਨ। ਪੁਸਤਕ ਦੇ ਆਰੰਭ ਵਿਚ ਕਰਤਾਰ ਦਾ ਜੀਵਨ ਬਿਓਰਾ ਉਸ ਦੀਆਂ ਪ੍ਰਾਪਤੀਆਂ ਦੇ ਘਟਨਾ ਕਰਮ ਅਨੁਸਾਰ ਦੇ ਕੇ ਲੇਖਕ "ਸੱਜਣਾਂ ਦੇ ਸਨਮੁਖ" ਸਿਰਲੇਖ ਹੇਠ ਕਰਤਾਰ ਦੇ ਜੀਵਨ ਸੰਗਰਾਮ ਦਾ ਵਰਣਨ ਆਰੰਭ ਕਰ ਦਿੰਦਾ ਹੈ। ਪਹਿਲਾ ਵਰਕਾ ਪੜ੍ਹਦਿਆਂ ਹੀ ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਦੇ ਗੁਣ ਨਜ਼ਰੀਂ ਪੈਂਦੇ ਹਨ। ਸਿੱਧਾ ਵਿਸ਼ੇ ਵੱਲ ਆਉਣਾ ਤੇ ਛੋਟੇ-ਛੋਟੇ ਚੁਸਤ ਵਾਕਾਂ ਦੀ ਵਰਤੋਂ ਕਰਕੇ ਪਾਠਕ ਨੂੰ ਆਪਣੇ ਨਾਲ ਤੋਰ ਲੈਣਾ। ਤੇ ਵਰਿਆਮ ਦਾ ਆਰੰਭਕ ਪੈਰਾ ਚਾਰ ਵਾਕਾਂ ਦਾ ਹੈ। "ਕਰਤਾਰ ਭਲਵਾਨ ਮੇਰਾ ਗਰਾਈਂ ਹੈ। ਅੰਮ੍ਰਿਤਸਰ ਜ਼ਿਲੇ (ਵੰਡ ਤੋਂ ਪਹਿਲਾਂ ਲਾਹੌਰ) ਦੇ ਵੱਡੇ ਅਤੇ ਇਤਿਹਾਸਕ ਪਿੰਡ ਸੁਰ ਸਿੰਘ ਦਾ ਜੰਮ-ਪਲ। ਸਿੱਖ ਗੁਰੂਆਂ, ਸਿੱਖ ਸੂਰਮਿਆਂ ਅਤੇ ਗਦਰੀ ਜੋਧਿਆਂ ਦੀਆਂ ਇਤਿਹਾਸਕ ਯਾਦਾਂ ਸੰਭਾਲੀ ਬੈਠਾ ਪਿੰਡ। ਭਲਵਾਨੀ ਦੇ ਖੇਤਰ ਵਿਚ ਕਰਤਾਰ ਨੇ ਇਸ ਦੇ ਇਤਿਹਾਸ ਨੂੰ ਇਕ ਹੋਰ ਨਵੀਂ ਦਿਸ਼ਾ ਦਿੱਤੀ ਹੈ" ਇਹ ਚਾਰ ਵਾਕ ਪੜ੍ਹ ਕੇ ਜਿਥੇ ਪਾਠਕ ਨੂੰ ਲੇਖਕ ਦੇ ਕਰਤਾਰ ਦਾ ਗਰਾਈਂ ਹੋਣ ਦਾ ਬੋਧ ਹੁੰਦਾ ਹੈ ਉਥੇ ਸੁਰ ਸਿੰਘ ਪਿੰਡ ਦੇ ਇਤਿਹਾਸਕ ਹੋਣ ਦਾ ਗਿਆਨ ਵੀ ਹੁੰਦਾ ਹੈ ਜਿਸ ਦਾ ਸਬੰਧ ਸਿੱਖ ਗੁਰੂਆਂ, ਸਿੱਖ ਸੂਰਮਿਆਂ ਅਤੇ ਗਦਰੀ ਜੋਧਿਆਂ ਨਾਲ ਹੈ। ਲੇਖਕ ਜੇ ਸੁਰ ਸਿੰਘ ਨੂੰ ਅੰਮ੍ਰਿਤਸਰ ਜ਼ਿਲੇ ਦਾ ਪਿੰਡ ਵੀ ਲਿਖ ਦਿੰਦਾ ਤਾਂ ਵੀ ਸਰ ਜਾਣਾ ਸੀ ਪਰ ਉਸ ਦੇ ਮਨ ਅੰਦਰ ਸੰਤਾਲੀ ਦੀ ਵੰਡ ਦੀ ਜੋ ਚੀਸ ਹੈ ਉਹ ਬਰੈਕਟ ਵਿਚ ਲਿਖੇ ਸ਼ਬਦ "ਵੰਡ ਤੋਂ



ਪਹਿਲਾਂ ਲਾਹੌਰ" ਉਜਾਗਰ ਕਰਦੇ ਹਨ ਤੇ ਪਾਠਕ ਦੇ ਮਨ ਵਿਚ ਇਸ ਪਿੰਡ ਦੀ ਹੋਣੀ ਬਾਰੇ ਜਾਨਣ ਦੀ ਜੁਗਿਆਸਾ ਪੈਦਾ ਕਰਦੀ ਹੈ। ਇਸ ਭਾਂਤ ਦੀ ਜੁਗਿਆਸਾ ਵੀ ਪੁਸਤਕ ਦੇ ਅੰਤ ਤਕ ਬਣੀ ਰਹਿੰਦੀ ਹੈ। "ਸੁਰ ਸਿੰਘ ਤੋਂ ਸਿੱਧੇ ਮਾਸਕੋ ਤੱਕ" ਕੇਵਲ ਸਿਰਲੇਖ ਪੜ੍ਹ ਕੇ ਹੀ ਪਾਠਕ ਕਰਤਾਰ ਭਲਵਾਨ ਦੀ ਤੁਲਨਾ ਦੁਨੀਆਂ ਦੀ ਆਜ਼ਾਦੀ ਦੇ ਮਹਾਨ ਨਾਇਕ ਅਬਰਾਹਮ ਲਿੰਕਨ ਨਾਲ ਕਰਨੋਂ ਨਹੀਂ ਰਹਿ ਸਕਦਾ ਜਿਸ ਬਾਰੇ ਕਿਹਾ ਜਾਂਦਾ ਹੈ **From log cabin to white House** ਅਰਥਾਤ ਝੁੱਗੀ ਤੋਂ ਰਾਸ਼ਟਰਪਤੀ ਭਵਨ ਤੱਕ। ਵਰਿਆਮ ਨੇ ਇਹ ਪੁਸਤਕ ਲਿਖਣ ਲਈ ਬੜੀ ਘਾਲਣਾ ਘਾਲੀ ਹੈ। ਕਹਾਣੀਆਂ ਦੇ ਪਾਤਰ ਤਾਂ ਉਸ ਨੂੰ ਆਲੇ ਦੁਆਲੇ ਵਿਚ ਲੱਭ ਜਾਂਦੇ ਹਨ। ਉਂਝ ਵੀ ਕਹਾਣੀਆਂ ਦੇ ਪਾਤਰ ਤਾਂ ਲੇਖਕ ਨੇ ਆਮ ਸਿਰਜਣੇ ਹੁੰਦੇ ਹਨ। ਉਨ੍ਹਾਂ ਦੇ ਨੈਣ ਨਕਸ਼ ਉਸ ਨੇ ਆਪ ਉਸਾਰਨੇ ਹੁੰਦੇ ਹਨ। ਜੀਵਨੀ ਲਿਖਣ ਲੱਗਿਆਂ ਇਸ ਭਾਂਤ ਦੀ ਕਲਪਣਾ ਸਾਥ ਨਹੀਂ ਦਿੰਦੀ ਕਿਉਂਕਿ ਸਬੰਧਤ ਵਿਅਕਤੀ ਨੂੰ ਲੇਖਕ ਤੋਂ ਬਿਨਾਂ ਹੋਰ ਲੋਕ ਵੀ ਜਾਣਦੇ ਹੁੰਦੇ ਹਨ। ਇਸ ਲਈ ਲੇਖਕ ਕਰਤਾਰ ਦੇ ਜੀਵਨ ਦੇ ਹਰ ਪੱਖ ਨੂੰ ਸਮਝਣ ਲਈ "ਤਿੰਨ ਚਾਰ ਘੰਟੇ" "ਤਿੰਨ ਮਹੀਨੇ ਰੋਜ਼ ਹੀ ਉਹਨਾਂ ਕੋਲ ਜਾਂਦਾ ਰਿਹਾ।" ਕੇਵਲ ਏਨਾ ਹੀ ਨਹੀਂ ਲੇਖਕ ਦੀ ਮਿਹਨਤ ਅਤੇ ਘਾਲਣਾ ਉਸਦੇ ਆਪਣੇ ਸ਼ਬਦਾਂ ਵਿਚ, "ਕੱਲ੍ਹੇ ਕੱਲ੍ਹੇ ਪਰਿਵਾਰ ਦੇ ਜੀਆਂ ਤੋਂ ਲੰਮੀਆਂ ਜਾਣਕਾਰੀਆਂ ਹਾਸਲ ਕੀਤੀਆਂ, ਕੁਸ਼ਤੀ ਖੇਤਰ ਵਿਚ ਸ਼ੁਰੂ ਤੋਂ ਹੁਣ ਤੱਕ ਉਸ ਨਾਲ ਜੁੜੇ ਭਲਵਾਨ, ਕੋਚਾਂ ਤੇ ਉਸ ਦੇ ਪ੍ਰਸੰਸਕਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ। ਦਿੱਲੀ ਦੇ ਗੁਰੂ-ਹਨੂੰਮਾਨ ਦੇ ਅਖਾੜੇ ਤੱਕ ਵੀ ਚੱਕਰ ਮਾਰੇ, ਕਰਤਾਰ ਬਾਰੇ ਹੁਣ ਤੱਕ ਜੋ ਪੁੱਛਿਆ ਗਿਆ ਉਹ ਮੈਂ ਨਾਲ ਦੇ ਨਾਲ 'ਟੇਪ ਰਿਕਾਰਡ' ਕਰੀ ਜਾਂਦਾ। ਜਦੋਂ ਕੱਚੇ ਖਰੜੇ ਦੇ ਰੂਪ ਵਿਚ ਮੈਂ ਉਹ ਕੈਸਿਟਾਂ ਕਾਗਜ਼ਾਂ ਤੇ ਉਤਾਰੀਆਂ ਤਾਂ ਛੇ-ਸੱਤ ਸੌ ਪੁਸਤਕੀ ਪੰਨੇ ਲਿਖੇ ਗਏ" ਏਨੀ ਜਾਣਕਾਰੀ ਏਨਾ ਘੁੰਮ ਫਿਰਕੇ, ਕਰਤਾਰ ਬਾਰੇ ਇਕੱਤਰ ਕਰਨਾ ਨਿਸਚੇ ਹੀ ਔਖਾ ਕਾਰਜ ਸੀ ਪਰ ਇਸ ਤੋਂ ਵੀ ਔਖਾ ਕਾਰਜ ਜੋ ਲੇਖਕ ਨੇ ਨਿਭਾਇਆ ਹੈ ਉਹ ਹੈ ਪ੍ਰਾਪਤ ਕੀਤੀ ਸਮੱਗਰੀ ਨੂੰ ਸਿਲਸਿਲੇਵਾਰ ਤਰਤੀਬ ਦੇ ਕੇ ਵਿਉਂਤ ਨਾਲ ਪੇਸ਼ ਕਰਨਾ ਤੇ ਲੇਖਕ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਉਸ ਨੇ ਇਹ ਪ੍ਰਾਪਤ ਸਮੱਗਰੀ ਇਕ ਘੱਟ ਚਾਰ ਸੌ ਸਫਿਆਂ ਵਿਚ ਸਮੇਟ ਕੇ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ ਹੈ। ਕਰਤਾਰ ਇਕ ਹੀਰਾ ਹੈ ਤੇ ਹੀਰਾ ਵੀ ਕੋਹਿ-ਨੂਰ। ਪਰ ਵਰਿਆਮ ਦੀ ਬਾਜ਼ ਵਰਗੀ ਪਾਰਖੂ ਅੱਖ ਨੇ ਉਸ ਨੂੰ ਕੇਵਲ ਪਛਾਣਿਆ ਹੀ ਨਹੀਂ ਸਗੋਂ ਇਕ ਚੰਗੇ ਜੌਹਰੀ ਵਾਂਗ ਉਸ ਨੂੰ ਮਾਂਜ ਸੁਆਰ ਕੇ ਏਨ੍ਹਾ ਲਿਸ਼ਕਾ ਦਿੱਤਾ ਹੈ ਕਿ ਉਹ ਧਰੂ ਤਾਰਾ ਬਣ ਗਿਆ ਹੈ।

ਪੁਸਤਕ ਵਿਚ ਕਰਤਾਰ ਦੇ ਹੁਣ ਤੱਕ ਦੇ ਜੀਵਨ ਦਾ ਕੋਈ ਪੱਖ ਵਰਣਨ ਤੋਂ ਬਾਹਰ ਨਹੀਂ ਰਿਹਾ ਤੇ ਪੇਸ਼ਕਾਰੀ ਦਾ ਕਮਾਲ ਇਹ ਹੈ ਕਿ ਕਰਤਾਰ ਹੱਡ-ਮਾਸ ਦਾ ਪੁੱਤਲਾ ਸਾਡੇ ਆਲੇ ਦੁਆਲੇ ਵਿਚਰਦਾ ਭਲਵਾਨ ਹੋਣ ਦੇ ਬਾਵਜੂਦ ਵੀ ਪਰੀ ਕਹਾਣੀਆਂ ਦੇ ਸੁੰਦਰ ਸਡੋਲ ਨਾਇਕ ਦਾ ਭੁਲੇਖਾ ਪਾਉਂਦਾ ਲਗਦਾ ਹੈ। ਪੁਸਤਕ ਵਿਚ ਕਰਤਾਰ ਤੋਂ ਪਹਿਲੇ ਭਲਵਾਨਾਂ ਅਤੇ ਕਰਤਾਰ ਦੇ ਸਮਕਾਲੀ ਭਲਵਾਨਾਂ ਅਤੇ ਕਰਤਾਰ ਦੇ ਪ੍ਰਸਿੱਧ ਦੰਗਲਾਂ ਦਾ ਵਰਨਣ ਨਿੱਕੇ ਨਿੱਕੇ ਵੇਰਵਿਆਂ ਅਤੇ ਬਰੀਕੀਆਂ ਸਮੇਤ ਦਿੱਤਾ ਗਿਆ ਹੈ। ਇਕ ਪੂਰਾ ਕਾਂਡ ਭਲਵਾਨਾਂ ਦੇ ਟੱਬਰ ਬਾਰੇ ਦਿੱਤਾ ਗਿਆ ਹੈ ਜਿਸ ਵਿਚ ਕਰਤਾਰ ਦੇ ਭਰਾ ਸ਼ੇਰ-ਏ-ਹਿੰਦ ਸਰਵਣ ਸਿੰਘ, ਉਸ ਦੇ ਭਤੀਜੇ ਜੂਨੀਅਰ ਸੰਸਾਰ ਜੇਤੂ ਰਣਧੀਰ ਧੀਰੇ ਅਤੇ ਭਰਾ ਗੁਰਚਰਨ ਬਾਰੇ ਭਰਪੂਰ ਅਤੇ ਦਿਲਚਸਪ ਜਾਣਕਾਰੀ ਦਿਤੀ ਗਈ ਹੈ।

ਇਸ ਪੁਸਤਕ ਬਾਰੇ ਕਈ ਪੁਸਤਕਾਂ ਲਿਖ ਕੇ ਵੀ ਸ਼ਾਇਦ ਇਸ ਦਾ ਪੂਰਾ ਮੁੱਲ ਪਾਉਣ ਜੋਗੀ ਗੱਲ ਨਾ ਕੀਤੀ ਜਾ ਸਕੇ ਪਰ ਇਕ ਗਲ ਨਿਸ਼ਚੇ ਹੀ ਕਹੀ ਜਾ ਸਕਦੀ ਹੈ ਕਿ ਪੁਸਤਕ ਕੇਵਲ ਖਿਡਾਰੀਆਂ ਜਾਂ ਖੇਡ ਪ੍ਰੇਮੀਆਂ ਦਾ ਦਿਲ ਹੀ ਨਹੀਂ ਮੋਹਦੀ, ਸਗੋਂ ਸਧਾਰਨ ਪਾਠਕ ਵੀ ਇਸ ਵਿਚੋਂ ਭਲਵਾਨੀ, ਦੰਗਲ, ਛਿੰਜਾਂ, ਇਤਿਹਾਸ ਅਤੇ ਗਲਪ ਦਾ ਭਰਪੂਰ ਅਨੰਦ ਮਾਣ ਸਕਦਾ ਹੈ। ਵਰਿਆਮ ਨੇ ਇਹ ਪੁਸਤਕ ਲਿਖ ਕੇ ਕਰਤਾਰ ਸਿਰ ਕੋਈ ਅਹਿਸਾਨ ਨਹੀਂ ਕੀਤਾ ਪਰ ਪੰਜਾਬੀ ਪਾਠਕ ਜਗਤ ਤੇ ਅਹਿਸਾਨ ਜ਼ਰੂਰ ਕੀਤਾ ਹੈ। ਪੁਸਤਕ ਛਾਪਣ ਵਾਲਿਆਂ ਨੇ ਵੀ ਵਰਿਆਮ ਦੀ ਕਮਾਈ ਨੂੰ ਇਉਂ ਸਜਾ ਫਬਾ ਕੇ ਪੇਸ਼ ਕੀਤਾ ਹੈ ਕਿ ਪੁਸਤਕ ਫੜੀ ਹੋਣ ਤੇ ਮਾਣ ਜਿਹਾ ਮਹਿਸੂਸ ਹੁੰਦਾ ਹੈ। ਟਾਈਟਲ ਤੇ ਗੁਰਜ ਫੜੀ ਕਰਤਾਰ ਦੀ ਤਸਵੀਰ ਵੇਖ ਕੇ ਇੰਜ ਲੱਗਦਾ ਹੈ ਜਿਵੇਂ ਸੁਰ ਸਿੰਘ ਦੇ ਸੂਰਮੇ (ਵਰਿਆਮ ਅਤੇ ਕਰਤਾਰ) ਕਹਿ ਰਹੇ ਹੋਣ 'ਹਾਂ, ਭਈ ਹੋਰ ਵੀ ਉਠੋ ਕੋਈ... ...'

—ਪ੍ਰੋ. ਜਗੀਰ ਸਿੰਘ ਕਾਹਲੋਂ

**ਨੂਰ ਦਾ ਵਣਜਾਰਾ** (ਸੰਪਾਦਕ ਡਾ: ਕਰਨੈਲ ਸਿੰਘ ਥਿੰਦ)

'ਨੂਰ ਦਾ ਵਣਜਾਰਾ' ਇੰਗਲੈਂਡ ਵਸਦੇ ਪੰਜਾਬੀ ਕਵੀ ਨਿਰੰਜਨ ਸਿੰਘ ਨੂਰ ਦੇ ਜੀਵਨ, ਸ਼ਖਸੀਅਤ ਅਤੇ ਰਚਨਾ ਬਾਰੇ ਅਭਿਨੰਦਨ ਗਰੰਥ ਹੈ, ਜਿਸ ਦੀ ਸੰਪਾਦਨਾ ਡਾ: ਕਰਨੈਲ ਸਿੰਘ ਜੀ ਥਿੰਦ ਨੇ ਕੀਤੀ ਹੈ। ਇਸ ਗਰੰਥ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ।

ਪਹਿਲੇ ਭਾਗ ਵਿਚ ਨੂਰ ਦੇ ਅਮਲੀ ਜੀਵਨ ਨੂੰ ਆਧਾਰਸ਼ਿਲਾ ਬਣਾ ਕੇ ਉਸ ਦੇ ਅਨੁਭਵ ਸਰੋਤ ਦਾ, ਉਸ ਦੀ ਰਚਨਾ ਨਾਲ ਸਰੋਕਾਰ ਉਜਾਗਰ ਕੀਤਾ ਗਿਆ ਹੈ। ਇਸ ਭਾਗ ਵਿਚ 14 ਨਿਬੰਧ ਹਨ ਜਿਨ੍ਹਾਂ ਵਿਚੋਂ ਕੁਝ ਇੰਗਲੈਂਡ ਵਿਚ ਆਯੋਜਤ ਸਾਹਿਤਕ ਸਮਾਗਮਾਂ ਵਿਚ ਪਹਿਲਾਂ ਵੀ ਪੜ੍ਹੇ ਜਾ ਚੁੱਕੇ ਹਨ। ਇਹ ਸਾਰੇ ਲੇਖ ਨੂਰ ਦੀ ਸ਼ਖਸੀਅਤ ਦੇ ਕਿਸੇ ਨਾ ਕਿਸੇ ਪੱਖ ਦਾ ਗੁਣਗਾਨ ਕਰਦੇ ਪਰਤੀਤ ਹੁੰਦੇ ਹਨ। ਪਰੰਤੂ ਵਿਚ ਕੁਝ ਅਜਿਹੇ ਵੀ ਹਨ ਜਿਨ੍ਹਾਂ ਦੇ ਲੇਖਕਾਂ ਨੂੰ ਨੂਰ ਨੇ ਆਪਣੇ ਬਾਰੇ ਲਿਖਣ ਦਾ ਕੇਵਲ ਮਾਣ ਹੀ ਬਖਸ਼ਿਆ ਹੈ। ਇਸ ਵਿਚ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਕਹਾਣੀਕਾਰ ਰਘਬੀਰ ਢੰਡ ਦੀਆਂ ਨੂਰ ਨੂੰ ਲਿਖੀਆਂ ਚਾਰ ਭਾਵਕ ਚਿੱਠੀਆਂ ਵੀ ਦਰਜ ਹਨ। ਦਵਿੰਦਰ ਕੌਰ ਵਲੋਂ ਕੀਤੀ ਰੂ-ਬ-ਰੂ ਮੁਲਾਕਾਤ ਵੀ ਅੰਕਿਤ ਹੈ। ਆਤਮ ਹਮਰਾਹੀ ਨੇ 'ਨੂਰ ਦੀ ਛਹਿਬਰ' ਦੇ ਸ਼ੀਰਸ਼ਕ ਅਧੀਨ ਨੂਰ ਦਾ ਕਾਵਿ ਚਿਤਰ ਵੀ ਉਲੀਕਿਆ ਹੈ ਜਿਹੜਾ ਨਿਰੋਲ ਕਾਵਿ-ਮਈ ਵਾਰਤਕ ਦਾ ਇਕ ਨਗੂਣਾ ਨਮੂਨਾ ਹੈ। ਸਾਰੇ ਦੇ ਸਾਰੇ ਲੇਖ ਪ੍ਰਸੰਸਾਮਈ ਸੁਰ ਵਿਚ ਹਨ ਪਰੰਤੂ ਹਰਦੇਵ ਸਿੰਘ ਢੇਸੀ ਦਾ ਲੇਖ ਪ੍ਰਸੰਸਾਮਈ ਹੋਣ ਦੇ ਬਾਵਜੂਦ ਸੁਧ ਨਿਰੀਖਣ ਪ੍ਰਸਤੁਤ ਕਰਦਾ ਹੈ।

ਡਾ: ਥਿੰਦ ਆਪਣੇ ਸੰਪਾਦਕੀ ਵਿਚ ਨੂਰ ਦੇ ਸੁਲਤਾਨਪੁਰ ਲੋਧੀ ਨੇੜੇ ਸ਼ਾਲ੍ਹਾਪੁਰ ਪਿੰਡ ਵਿਚ ਬਿਤਾਏ ਮੁੱਢਲੇ ਜੀਵਨ ਨੂੰ ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਅਤੇ ਨੇੜੇ ਤੇੜੇ ਦੇ ਇਲਾਕੇ ਨੂੰ ਬਖਸ਼ੇ ਆਤਮਿਕ ਗਿਆਨ, ਸਰਬ ਸਾਂਝੀਵਾਲਤਾ ਆਦਿ ਦੇ ਸੰਦੇਸ਼ ਨਾਲ ਜੋੜਦਾ ਹੋਇਆ ਇਹ ਸਿੱਟਾ ਕੱਢਦਾ ਹੈ ਕਿ ਉਸ ਨੇ "ਜੀਵਨ ਵਿਚ, ਸੋਚਣੀ ਕਥਨੀ ਅਤੇ ਕਰਨੀ ਦਾ



ਸਬਕ ਵੀ ਗੁਰੂ ਨਾਨਕ ਦੇ ਜੀਵਨ ਅਤੇ ਬਾਣੀ ਤੋਂ ਸਿੱਖਿਆ"। ਮੈਨੂੰ ਇਹ ਪ੍ਰਵਚਨ ਆਪਣੇ ਆਪ ਵਿਚ ਸੰਪੂਰਨ ਨਹੀਂ ਲਗਦਾ। ਮੇਰੇ ਖਿਆਲ ਵਿਚ ਨੂਰ ਮਾਰਕਸੀ ਫਲਸਫੇ ਦੀਆਂ ਪੁਸਤਕਾਂ ਦਾ ਅਧਿਅਨ ਕਰਨ ਉਪਰੰਤ ਇਸ ਚਿੰਤਨ ਤੋਂ ਵੀ ਪ੍ਰਭਾਵਤ ਹੋਇਆ ਜਿਸ ਦਾ ਪਰਮਾਣ ਨੂਰ ਕਾਵਿ ਨੂੰ ਪੜ੍ਹਕੇ (ਵਿਸ਼ੇਸ਼ ਤੌਰ ਤੇ ਹੋ ਚੀ ਮਿਨ ਮਹਾਂਕਾਵਿ) ਭਲੀਭਾਂਤ ਪਰਾਪਤ ਹੁੰਦਾ ਹੈ।

ਇਸ ਭਾਗ ਵਿਚ ਸੱਭ ਤੋਂ ਵੱਧ ਖਿਆਲ ਗੁਰਬਚਨ ਦਾ ਪੇਸ਼ ਕੀਤਾ "ਵੂਲਵਰ ਹੈਪਟਨ ਦਾ ਨੂਰ" ਪ੍ਰਸਤਾਵ ਖਿੱਚਦਾ ਹੈ ਜਿਸ ਵਿਚ ਤਥਾਤਮਿਕ ਗਲਤ ਬਿਆਨੀਆਂ ਦੇ ਨਾਲ ਦਾਰਸ਼ਨਿਕ ਸਿਤਮ ਵੀ ਢਾਇਆ ਗਿਆ ਹੈ। ਇਹ ਸੱਭ ਕੁੱਝ ਲੱਛੇਦਾਰ ਸ਼ਬਦ-ਵਾਕਾਂ ਦੀ ਸ਼ਿਲਪ ਕਲਾ ਰਾਹੀਂ ਦ੍ਰਿਸ਼ਟੀਮਾਨ ਹੋਇਆ ਹੈ।

ਗੁਰਬਚਨ ਅਨੁਸਾਰ :

(1) "ਪਿਛਲੇ ਇਕੱਤੀ ਵਰ੍ਹਿਆਂ ਤੋਂ ਨੂਰ ਵਲਾਇਤ ਦੇ ਨਗਰ ਵੂਲਵਰ ਹੈਪਟਨ .ਵਿਚ ਰਹਿੰਦਾ ਹੈ"—ਇਹ ਸਰਾਸਰ ਗਲਤ ਬਿਆਨੀ ਹੈ। ਨੂਰ ਵੂਲਵਰ ਹੈਪਟਨ ਨੂੰ ਛੱਡ ਕੇ ਤਕਰੀਬਨ ਪੰਜ ਕੁ ਵਰ੍ਹੇ ਲੰਡਨ ਸ਼ਹਿਰ ਵਿਚ ਵੀ ਰਹਿੰਦਾ ਰਿਹਾ ਹੈ।

(2) "ਇਕੱਤੀ ਸਾਲ ਪਹਿਲਾਂ ਉਹ ਪੰਜਾਬ ਦੀ ਧੁੱਪ ਨੂੰ ਅਲਵਿਦਾ ਫੁਰਮਾ ਵਲਾਇਤ ਦੇ ਘਸਮੈਲੇ ਨਗਰ ਵੂਲਵਰ ਹੈਪਟਨ ਪੁੱਜਾ"—ਇਹ ਝੂਠੀ ਬਿਆਨਬਾਜ਼ੀ ਹੈ। ਨੂਰ ਸੱਭ ਤੋਂ ਪਹਿਲਾਂ ਲੰਡਨ ਆਇਆ ਸੀ ਅਤੇ ਕੁਝ ਕੁ ਹਫਤੇ ਲੰਡਨ ਵਿਚ ਰਹਿ ਕੇ ਉਹ ਪਿਛੋਂ ਲੀਮਿੰਗਟਨ ਸਪਾ **(Leamington Spa)** ਤਿੰਨ ਕੁ ਸਾਲ ਰਿਹਾ ਜਿੱਥੇ ਉਹ ਨੇ ਡਾਕਖਾਨੇ ਵਿਚ ਨੌਕਰੀ ਕੀਤੀ ਅਤੇ ਆਪਣੇ ਪਰਵਾਰ ਨੂੰ ਪੰਜਾਬ ਤੋਂ ਏਥੇ ਹੀ ਮੰਗਵਾਇਆ। ਪਿਛੋਂ ਵੂਲਵਰ ਹੈਪਟਨ ਟੀਚਰ ਟ੍ਰੇਨਿੰਗ ਲੈਣ ਗਿਆ।

(3) ਅੱਜ ਵੂਲਵਰ ਹੈਪਟਨ ਪੰਜਾਬੀ ਸਾਹਿਤ/ਭਾਸ਼ਾ ਦੀ ਉੱਚ-ਵਿਦਿਆ ਦਾ ਗੜ੍ਹ ਹੈ, ਸਿਆਸੀ/ਸਾਹਿਤਕ/ਬੌਧਿਕ ਗਤੀਵਿਧੀਆਂ ਦਾ ਕੇਂਦਰ ਹੈ—ਤਾਂ ਇਸ ਲਈ ਕਿ ਨੂਰ ਦੀ ਪ੍ਰਤੀਬੱਧਤਾ 'ਚ ਕਦੇ ਢਿੱਲ ਨਹੀਂ ਆਈ"—ਇਹ ਵੀ ਗਲਤ ਬਿਆਨੀ ਹੈ। ਨੂਰ ਦੇ ਵੂਲਵਰ ਹੈਪਟਨ ਜਾਣ ਤੋਂ ਪਹਿਲਾਂ ਇਸ ਸ਼ਹਿਰ ਵਿਰ ਭਾਰਤੀ ਮਜ਼ਦੂਰ ਸਭਾ ਗ੍ਰੇਟ ਬਰੇਟਨ ਅਤੇ ਭਾਰਤੀ ਕਮਿਊਨਿਸਟ ਐਸੋਸੀਏਸ਼ਨ (ਮਾਰਕਸਿਸਟ) ਦੀਆਂ ਬਹੁਤ ਹੀ ਸਰਗਰਮ ਬ੍ਰਾਂਚਾਂ ਕੰਮ ਕਰਦੀਆਂ ਸਨ। ਨੂਰ ਭਾਰਤੀ ਮਜ਼ਦੂਰ ਸਭਾ ਦਾ ਆਮ ਮੈਂਬਰ 1968 ਵਿਚ ਬਣਿਆ। ਇਕ ਟੀਮ ਦੇ ਮੈਂਬਰ ਵਜੋਂ ਡਟ ਕੇ ਕੰਮ ਕੀਤਾ। ਨਾਮਣਾ ਖੱਟਿਆ। ਫਿਰ 1970 ਵਿਚ ਇਸ ਬ੍ਰਾਂਚ ਦਾ ਪ੍ਰਧਾਨ ਬਣਿਆ, ਪਰੰਤੂ ਇਸ ਬ੍ਰਾਂਚ ਦੀਆਂ ਪਰਾਪਤੀਆਂ ਵਿਚ ਬਾਕੀ ਦੇ ਪਾਰਟੀ ਮੈਂਬਰਾਂ ਅਤੇ ਮਜ਼ਦੂਰ ਸਭਾ ਦੇ ਕਾਰਕੁਨਾਂ ਦੇ ਯੋਗਦਾਨ ਨੂੰ ਵੀ ਘਟਾਇਆ ਨਹੀਂ ਜਾ ਸਕਦਾ। ਹੁਣ ਤੱਕ ਮੈਂ ਸਿਰਫ਼ ਇਕ ਸਫੇ (P 26) ਦੀਆਂ ਗਲਤ ਬਿਆਨੀਆਂ ਵੱਲ ਉਦਾਹਰਣ ਵਜੋਂ ਸੰਕੇਤ ਕੀਤਾ ਹੈ। ਉਂਝ ਇਸ ਸਾਢੇ ਕੁ ਛੇ ਸਫੇ ਦੇ ਨਿਬੰਧ ਵਿਚ ਘੱਟ ਤੋਂ ਘੱਟ ਅਜਿਹੀਆਂ ਪੰਦਰਾਂ ਕੁ ਬੱਜਰ ਗਲਤੀਆਂ ਸਰਸਰੀ ਨਜ਼ਰੇ ਹੀ ਪਕੜੀਆਂ ਜਾ ਸਕਦੀਆਂ ਹਨ।

ਗੁਰਬਚਨ ਦੇ ਸਿਧਾਂਤਕ ਫਾਰਮੂਲੇ ਵੀ ਬੜੇ ਅਜੀਬ ਕਿਸਮ ਦੇ ਹਨ। ਕੁਝ ਨਮੂਨੇ ਪੇਸ਼ ਹਨ—

(1) ਸਫਾ 30 ਉਤੇ ਉਹ ਆਪਣੇ ਆਪ ਨੂੰ ਪ੍ਰਸ਼ਨ ਕਰਦਾ ਹੈ "ਵਿਚਾਰ ਕਿਸ ਆਸਰੇ

ਖੜੇ ਹਨ" ? ਫਿਰ ਆਪ ਹੀ ਉੱਕਰ ਦਿੰਦਾ ਹੈ : "ਵਿਚਾਰਾਂ ਤੱਕ ਭਾਸ਼ਾ ਰਾਹੀਂ ਹੀ ਪੁੱਜਿਆ ਜਾ ਸਕਦਾ ਹੈ"। ਇਹ ਉੱਤਰ ਠੀਕ ਨਹੀਂ। ਇਸ ਮਸਲੇ ਨੂੰ ਲਾਂਭੇ ਲੈ ਜਾਂਦਾ ਹੈ।

(2) ਅੱਗੇ ਲਿਖਦਾ ਹੈ : "ਪਰ ਉਸ ਦੀ ਕਵਿਤਾ ਵਿਚ ਉਹ ਕੱਝ ਨਹੀਂ ਜੋ ਅਛੂਹ ਅਦਿਸ ਕੋਨਿਆਂ ਨੂੰ ਕੰਬਾ ਦੇਵੇ......। ਅਜਿਹਾ ਬਹੁਤ ਘੱਟ ਕਵੀਆਂ ਵਿਚ ਹੁੰਦਾ ਹੈ ਤੇ ਜਿਨ੍ਹਾਂ ਵਿਚ ਹੈ ਉਹ ਵਿਚਾਰਧਾਰਾ ਦੀਆਂ ਬੰਦਸ਼ਾਂ ਤੋਂ ਮੁਕਤ ਹੋ ਜਾਂਦੇ ਹਨ"। ਇਹ ਤਾਂ ਦਰੁਸਤ ਹੈ ਕਿ ਕਿਸੇ ਸ਼ਾਇਰ ਨੂੰ ਕੋਈ ਸਿਧਾਂਤਕ ਫਾਰਮੂਲਾ ਦੇ ਕੇ ਕੋਈ ਰਚਨਾ ਨਹੀਂ ਕਰਵਾਈ ਜਾ ਸਕਦੀ ਪਰੰਤੂ ਧਰਤੀ ਉੱਤੇ ਰਹਿਣ ਵਾਲੇ ਸਮਾਜਿਕ ਜੀਵ-ਸ਼ਾਇਰ ਦੀ ਰਚਨਾ ਵਿਚਾਰਧਾਰਾ ਤੋਂ ਕਿਵੇਂ ਮੁਕਤ ਹੋਵੇਗੀ ਅਜਿਹਾ ਫਿਨੋਮਿਨਾ (**Phenomenon**) ਸੰਭਵ ਨਹੀਂ ਹੋ ਸਕਦਾ। ਗੁਰਬਚਨ ਦਾ ਉਪਰੋਕਤ ਕਥਨ ਵੀ ਵਿਚਾਰਧਾਰਾ ਤੋਂ ਮੁਕਤ ਨਹੀਂ। ਏਸੇ ਹੀ ਤਰ੍ਹਾਂ ਹੋਰ ਵੀ ਕਈ ਅਜਿਹੀਆਂ ਧਾਰਨਾਵਾਂ ਗੁਰਬਚਨ ਨੇ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਦੇ ਵਿਸਥਾਰ ਵਿਚ ਜਾਣਾ ਏਥੇ ਉਚਿਤ ਨਹੀਂ ਪਰੰਤੂ ਹੋਇਆ ਇਹ ਨੂਰ ਨਾਲ ਜ਼ੁਲਮ ਈ ਹੈ।

ਪੁਸਤਕ ਦੇ ਦੂਜੇ ਭਾਗ ਵਿਚ ਨੂਰ ਦੇ ਕਾਵਿ-ਚਿੰਤਨ ਬਾਰੇ ਦਸ ਵਿਦਵਾਨਾਂ ਨੇ ਆਪਣੇ ਆਪਣੇ ਮਾਪਦੰਡਾਂ ਤੇ ਅਧਾਰਤ ਵਿਵੇਚਨ ਪ੍ਰਸਤੁਤ ਕੀਤੇ ਹਨ ਜਿਨ੍ਹਾਂ ਵਿਚੋਂ ਡਾ: ਕੇਸਰ ਸਿੰਘ ਕੇਸਰ ਅਤੇ ਡਾ: ਜਸਵਿੰਦਰ ਸਿੰਘ ਅਸਾਡਾ ਧਿਆਨ ਖਿਚਦੇ ਹਨ ਭਾਵੇਂ ਕਿ ਇਸ ਵਿਚ ਦੋ ਇੰਗਲੈਂਡ ਨਿਵਾਸੀ ਆਲੋਚਕ ਵੀ ਉਪਸਥਿੱਤ ਹਨ। ਉਹਨਾਂ ਦੋਹਾਂ ਵਿਚੋਂ ਪ੍ਰੀਤਮ ਸਿੰਘ ਕੰਬੋਜ ਆਪਣੀ ਆਲੋਚਨਾ ਵਿਚ ਸੁਹਿਰਦ ਤਾਂ ਹੈ ਪਰੰਤੂ ਉਸ ਦੀ ਆਲੋਚਨਾ ਸਾਹਿਤਕ ਸਾਮੱਗਰੀ ਦੀ ਘਾਟ, ਪੇਤਲੇਪਨ ਅਤੇ ਸਾਧਾਰਨੀਕਰਨ ਦੀ ਚੁਗਲੀ ਖਾਂਦੀ ਹੈ। ਬੀਬੀ ਦਵਿੰਦਰ ਕੋਰ ਚੰਦਨ ਤਾਂ ਮੈਨੂੰ ਹਵਾ ਦਾ ਰੁਖ ਵੇਖ ਕੇ ਨਾਮ ਜੋੜਨ ਜਾਂ ਨਿਕਾਲਣ ਦਾ ਅਭਿਆਸ ਕਰਦੀ ਪਰਤੀਤ ਹੁੰਦੀ ਹੈ ਜਿਸ ਨੂੰ ਉਹ ਪਿਛੋਂ ਆਲੋਚਨਾਤਮਿਕ ਸ਼ਬਦਾਵਲੀ ਦਾ ਜੋੜਾ-ਜਾਮਾ ਪਹਿਨਾ ਦਿੰਦੀ ਹੈ। ਡਾ: ਜਸਵਿੰਦਰ ਸਿੰਘ ਦੀ ਇਹ ਮੂਲ ਧਾਰਨਾ ਨਾਲ ਸਹਿਮਤ ਹੋਣਾ ਬਣਦਾ ਹੈ "ਆਧੁਨਿਕਤਾਵਾਦੀ ਸੰਵੇਦਨਾ ਨੇ ਜਿਸ ਹਉਵਾਦੀ, ਨਿਜਵਾਦੀ ਰਵੱਈਏ ਅਤੇ ਚੇਤਨਾ ਨੂੰ ਉਭਾਰਿਆ ਹੈ, ਨੂਰ ਦੀ ਕਾਵਿਕ ਸੰਵੇਦਨਾ ਇਸ ਦਾ ਮੂਲ ਪ੍ਰਤਿਉਤਰ ਹੈ"। ਡਾ: ਕੇਸਰ, ਨੂਰ ਕਾਵਿ ਨੂੰ ਅੰਤਰ-ਰਾਸ਼ਟਰੀ ਸਰੋਕਾਰਾਂ ਦੇ ਸੰਦਰਭ ਵਿਚ ਨਿਖਰਦਾ ਪਰਖਦਾ ਹੈ। ਡਾ: ਕੇਸਰ ਦ ਗਿਆਨ ਖੇਤਰ-ਵਸੀਹ ਹੈ ਅਤੇ ਉਸਦਾ ਆਲੋਚਨਾਤਮਿਕ ਬਿੰਬ, ਸਮਕਾਲੀ ਅੰਤਰ-ਰਾਸ਼ਟਰੀ ਸਥਿਤੀ ਵਿਚ ਸਿਹਤਮੰਦ, ਉਸਾਰੂ ਅਤੇ ਮੁਲਵਾਨ ਸ਼ਕਤੀਆਂ ਦੀ ਚੜ੍ਹਤ ਦੇ ਅਭਿਲਾਖੀ ਵਜੋਂ ਉਭਰਦਾ ਹੈ।

ਪੁਸਤਕ ਦੇ ਤੀਜੇ ਭਾਗ ਵਿਚ ਨੂਰ ਦੀਆਂ ਅੱਜ ਤਕ ਪ੍ਰਕਾਸ਼ਤ ਪੁਸਤਕਾਂ ਨਾਲ ਪਰਿਚਯ ਸੰਮਲਿਤ ਹੈ। ਇਸ ਭਾਗ ਵਿਚ ਨੌਂ ਵਿਅਕਤੀਆਂ ਨੇ ਨੂਰ ਦੀਆਂ ਨੌਂ ਪੁਸਤਕਾਂ ਦਾ ਵਿਸ਼ਲੇਸ਼ਣ ਕੀਤਾ ਹੈ ਪਰੰਤੂ ਇਹ ਬੜੇ ਲਘੂ ਕਿਸਮ ਦੇ ਨਿਬੰਧ ਹਨ ਜੋ ਪੁਸਤਕਾਂ ਨਾਲ ਇਨਸਾਫ ਨਹੀਂ ਕਰਦੇ। ਫਿਰ ਵੀ ਹਰਦੇਵ ਸਿੰਘ ਢੇਸੀ ਆਦਿ ਦੇ ਪ੍ਰਸਤਾਵ ਪੜ੍ਹਨ ਯੋਗ ਹਨ ਮੇਰੀ ਜਾਚੇ ਨੂਰ ਦੀਆਂ ਪੁਸਤਕਾਂ ਦਾ ਮੌਲਿਕ ਪਾਠ ਕਰਨਾ ਦਰਕਾਰ ਹੈ।

ਪੁਸਤਕ ਦੇ ਚੌਥੇ ਅਤੇ ਆਖਰੀ ਭਾਗ ਨੂੰ ਅੱਗੋਂ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਨੂਰ ਰਚਨਾਵਲੀ ਪ੍ਰਸਤੁਤ ਕੀਤੀ ਗਈ ਹੈ ਜਿਸ ਵਿਚ ਨੂਰ ਦੇ ਦੋ ਨਿਬੰਧ ਹਨ :

(1) ਬ੍ਰਤਾਨਵੀ ਵਿੱਦਿਅਕ ਢਾਂਚੇ ਵਿਚ ਪਸਰੇ ਨਸਲਵਾਦ ਵਿਰੁੱਧ ਯੁੱਧ ਨੀਤੀ।



(2) ਬ੍ਰਤਾਨੀਆ ਵਿਚ ਸਾਡੇ ਸਭਿਆਚਾਰ, ਭਾਸ਼ਾ ਅਤੇ ਸਾਹਿਤ ਦਾ ਭਵਿੱਖ।

ਇਹ ਦੋਵੇਂ ਲੇਖ ਮਹੱਤਵਪੂਰਨ ਹਨ ਅਤੇ ਗਿਆਨ ਵਿਚ ਵਾਧਾ ਕਰਦੇ ਹਨ।

ਦੂਜੇ ਭਾਗ ਵਿਚ ਨੂਰ ਦੀਆਂ ਬਹੁਤ ਖ਼ੂਬਸੂਰਤ ਨਜ਼ਮਾਂ ਅਤੇ ਗ਼ਜ਼ਲਾਂ ਪ੍ਰਾਪਤ ਹਨ। ਇਸ ਭਾਗ ਅਤੇ ਨੂਰ ਦੇ ਸਮੁੱਚੇ ਕਾਵਿ ਦਾ ਪਾਠ ਕਰਨ ਉਪਰੰਤ ਮਹਿਸੂਸ ਹੁੰਦਾ ਹੈ ਕਿ ਨੂਰ ਨੇ ਬੇਅੰਤ ਸਮਕਾਲੀ ਵਿਸ਼ਿਆਂ ਨੂੰ ਬੜੀ ਸਰਲਤਾ ਨਾਲ ਆਪਣੇ ਕਾਵਿ-ਮੁਹਾਵਰੇ ਵਿਚ ਢਾਲਿਆ ਹੈ। ਨੂਰ ਦਾ ਸ੍ਰਿਜਨਾਤਮਿਕ ਸੰਸਾਰ ਪੂਰੇ ਬ੍ਰਹਿਮੰਡ ਵਿਚ ਫੈਲਿਆ ਹੋਇਆ ਪਰਤੀਤ ਹੁੰਦਾ ਹੈ। ਨੂਰ ਪਰਵਾਸੀ ਕਵੀ ਨਾ ਹੋ ਕੇ ਵਿਸ਼ਵ ਕਵੀ ਅਖਵਾਣ ਦਾ ਹੱਕਦਾਰ ਬਣ ਜਾਂਦਾ ਹੈ। ਉਹ ਤਥਾਕਥਿੱਤ ਉੱਤਰ-ਆਧੁਨਿਕ ਕਵੀਆਂ ਨੂੰ ਜਿਹੜੇ ਇਹ ਕਹਿੰਦੇ ਹਨ ਕਿ ਸਮਕਾਲੀ ਜੀਵਨ ਦੀਆਂ ਜੱਟਲਤਾਵਾਂ ਅਤੇ ਯਥਾਰਥ ਨੂੰ ਕਵਿਤਾ ਦੇ ਕਿਸੇ ਨਿਯਮ (ਲੈਅ, ਤਾਲ, ਤੁਕਾਂਤ, ਸ਼ਿਅਰ, ਸੰਗੀਤ) ਅਦਿ ਦੇ ਘੇਰੇ ਵਿਚ ਰਹਿ ਕੇ ਨਹੀਂ ਚਿਤਰਿਆ ਅਥਵਾ ਰਚਿਆ ਜਾ ਸਕਦਾ—ਇੱਕ ਵੰਗਾਰ, ਲਲਕਾਰ ਤੇ ਚੁਣੌਤੀ ਹੈ। ਮੈਂ ਅਜਿਹੇ ਤਥਾ-ਕਥਿਤ ਕਾਵਿ-ਮਈ ਵਾਰਤਕ ਅਤੇ ਅਕਵਿਤਾ ਰਚਨ ਵਾਲੇ ਕਵੀਆਂ ਨੂੰ ਨਿਰੰਜਨ ਸਿੰਘ ਨੂਰ ਦੇ ਸਮੁੱਚੇ ਕਾਵਿ ਦਾ ਅਧਿਅਨ ਕਰਨ ਲਈ ਪੁਰਜ਼ੋਰ ਸ਼ਬਦਾਂ ਵਿਚ ਸਿਫਾਰਸ਼ ਕਰਦਾ ਹਾਂ। ਨੂਰ ਕਾਵਿ ਦੀ ਸਮੱਸਿਆ ਔਰਤ-ਮਰਦ ਦੇ ਜਿਣਸੀ ਸੰਬੰਧਾਂ ਦੀਆਂ ਬਾਰੀਕੀਆਂ ਵਿਚ ਜਾ ਕੇ ਇੱਕ ਖਾਸ ਕਿਸਮ ਦੇ ਮੱਧਵਰਗੀ ਤਬਕੇ ਲਈ ਸੌਂਦਰਯ ਰਸ (ਸਵਾਦ) ਦੀ ਉਤੇਜਨਾ ਪੈਦਾ ਕਰਨਾ ਨਹੀਂ ਸਗੋਂ ਨਾਰੀ ਜਾਤੀ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਪ ਕਰਕੇ ਸਮੁੱਚੀ ਸਨੁੱਖਤਾ ਦੇ ਕਲਿਆਣ ਲਈ ਅੱਗੇ ਵਧਣਾ ਹੈ। ਮੈਨੂੰ ਆਸ ਹੈ ਨੂਰ ਇਸ ਡਗਰ ਉੱਤੇ ਸਾਬਤ ਕਦਮੀ ਤੁਰਦਾ ਰਹੇਗਾ।

ਨੂਰ ਅੱਜ ਕਲ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟਨ ਦਾ ਨੈਸ਼ਨਲ ਜਨਰਲ ਸਕੱਤਰ ਹੈ ਇਸ ਲਈ ਇਸ ਵਿਸ਼ੇ ਉੱਤੇ ਚਰਚਾ ਕਰਨਾ ਅਪ੍ਰਸੰਗਕ ਨਹੀਂ। ਅਨੇਕਾਂ ਮੁਲਵਾਨ ਸਿਫਤਾਂ ਹੋਣ ਦੇ ਬਾਵਜੂਦ ਨੂਰ ਦੇ ਵਿਅਕਤੀਤਵ ਵਿਚ ਇਕ ਕਮਜ਼ੋਰੀ ਵੀ ਹੈ ਜਿਸ ਦਾ ਇਸ ਪੁਸਤਕ ਵਿਚ ਜ਼ਿਕਰ ਨਹੀਂ ਹੋ ਸਕਿਆ। ਨੂਰ ਬਹੁਤ ਵਾਰੀ ਇਕ-ਵਾਗੇ ਫੈਸਲਾ ਕਰ ਲੈਂਦਾ ਹੈ ਜਿਹੜੇ ਉਸ ਦੀ ਜਥੇਬੰਦਕ ਸਮਰੱਥਾ ਦੀ ਘਾਟ ਬਣ ਜਾਂਦੇ ਹਨ। ਨੂਰ ਦਾ ਬਹੁਤ ਪਿਆਰਾ ਮਿੱਤਰ-ਵਿਦਿਆਰਥੀ ਹੋਣ ਦੇ ਨਾਤੇ ਇਸ ਵਲ ਇਸ਼ਾਰਾ ਕਰਨਾ ਮੇਰਾ ਫਰਜ਼ ਵੀ ਹੈ। ਨੂਰ ਅੱਜ ਤੋਂ ਚੌਦਾਂ ਕੁ ਸਾਲ ਪਹਿਲਾਂ ਜਦੋਂ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟਨ (ਸਥਾਪਤ 1969) ਦਾ ਜਨਰਲ ਸਕੱਤਰ ਬਣਿਆ ਤਾਂ ਉਸ ਵੇਲੇ ਸਭਾ ਦੀਆਂ ਸੱਤ ਬੜੀਆਂ ਸਰਗਰਮ ਬ੍ਰਾਂਚਾਂ ਸਨ। ਅੱਜ ਕੇਵਲ ਇਕ ਹੀ ਰਹਿ ਗਈ ਹੈ ਅਤੇ ਉਹ ਵੀ ਸੁੰਗੜ ਕੇ ਬਿਲਸਟਨ ਕਿਮੂਨਿਟੀ ਕਾਲਜ ਵੁਲਵਰ ਹੈਪਟਨ ਵਿਚ ਸੀਮਤ ਹੋ ਗਈ ਹੈ। ਇਸ ਕਾਰਜਕਾਲ ਦੌਰਾਨ ਭਾਵੇਂ ਢੇਰ ਸਾਰਾ ਅਕਾਦਮਿਕ ਕੰਮ ਹੋਇਆ, ਪਰੰਤੂ ਸੰਗਠਨ ਪੱਖੋਂ ਇਹ ਜਥੇਬੰਦੀ ਬਹੁਤ ਕਮਜ਼ੋਰ ਹੋ ਗਈ। ਭਾਵੇਂ ਇਸ ਪ੍ਰਸੰਗ ਵਿਚ ਇਕੱਲੇ ਨੂਰ ਜੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਪਰੰਤੂ ਰਹਿਨੁਮਾਈ ਤਾਂ ਉਸ ਨੇ ਹੀ ਦੇਣੀ ਸੀ। ਕੀ ਰਾਤ ਦਿਨ ਇਕ ਕਰਕੇ ਸਥਾਪਤ ਕੀਤੀ ਜਥੇਬੰਦੀ ਹੌਲੀ ਹੌਲੀ ਇਸ ਤਰ੍ਹਾਂ ਹੀ ਆਪਣੇ ਵੱਲ ਤੁਰਦੀ ਜਾਵੇਗੀ ? ਇਹ ਸਵਾਲ ਅੱਜ ਇਕ ਚਣੌਤੀ ਬਣ ਕੇ ਨੂਰ ਦੇ ਮਿਤਰਾਂ ਅਵਤਾਰ ਸਾਦਿਕ ਅਤੇ ਗੁਰਨਾਮ ਢਿਲੋਂ ਆਦਿ ਪਾਸੋਂ ਜਵਾਬ ਮੰਗਦਾ ਹੈ। ਅਖੀਰ ਵਿਚ ਡਾ. ਕਰਨੈਲ ਸਿੰਘ ਥਿੰਦ ਦੀ ਮਿਹਨਤ ਦੀ ਦਾਦ ਦੇਣੀ ਚਾਹੀਦੀ ਹੈ ਜਿਸ ਨੇ ਇਹ ਅਭਿਨੰਦਨ ਗਰੰਥ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ ਜਿਸ ਦੀ ਅਧਿਕਤਮ ਲੋੜ ਸੀ, ਭਾਵੇਂ ਕਿ ਨਿਰੰਜਨ ਸਿੰਘ ਨੂਰ ਦਾ ਕੱਦ ਇਸ ਨਾਲੋਂ ਕਾਫੀ ਉੱਚਾ ਹੈ।

—ਗੁਰਨਾਮ ਢਿਲੋਂ (ਯੂ. ਕੇ.)

## ਪੰਜਾਬੀ ਗ਼ਜ਼ਲ ਦਾ ਇਰਤਕਾ/ਗੁਲਾਮ ਮੁਸਤਫਾ ਬਿਸਮਿਲ

ਉਕਤ ਆਲੋਚਨਾਤਮਿਕ ਪੁਸਤਕ ਵਿਚ ਪਾਕਿਸਤਾਨ ਦੀ ਵੰਡ ਤੋਂ ਬਾਅਦ ਦੀ ਪੰਜਾਬੀ ਗ਼ਜ਼ਲ ਦੇ ਵਿਕਾਸ ਦੀ ਕਹਾਣੀ, ਸਰਲ ਭਾਸ਼ਾ ਵਿਚ ਬਿਆਨ ਕੀਤੀ ਗਈ ਹੈ। ਬਿਸਮਿਲ ਜੀ ਨੇ ਵਰ੍ਹਿਆਂ ਦੀ ਮਿਹਨਤ ਤੋਂ ਬਾਅਦ ਇਹ ਕਠਨ ਕਾਰਜ ਸਿਰੇ ਚਾੜ੍ਹਿਆ ਹੈ। ਗ਼ਜ਼ਲ ਸ਼ਾਸ਼ਤਰ ਬਾਰੇ ਉਕਤ ਪੁਸਤਕ ਨੂੰ ਸੰਪੂਰਨ ਗਰੰਥ ਤਾਂ ਭਾਵੇਂ ਆਖਣਾ ਮੁਸ਼ਕਿਲ ਹੈ, ਪਰ ਹਰ ਜ਼ਿਕਰ ਯੋਗ ਗਜ਼ਲ ਲੇਖਕ ਦੀ ਰਚਨਾ ਦਾ ਨੋਟਿਸ ਲੈ ਕੇ ਲੇਖਕ ਨੇ ਇਕ ਹਵਾਲਾ-ਯੋਗ ਪੁਸਤਕ ਦੀ ਘਾਟ ਨੂੰ ਪੂਰਾ ਕਰਨ ਦਾ ਉਪਰਾਲਾ ਕੀਤਾ ਹੈ। ਇਸ ਵਿਚ ਇਤਿਹਾਸਕ ਕ੍ਰਮ ਦੀ ਵਿਧੀ ਅਪਣਾਈ ਗਈ ਹੈ ਤੇ ਇਹ ਯਤਨ ਮੁਲਾਂਕਣ ਘੱਟ ਤੇ ਸਰਵੇਖਣ ਜ਼ਿਆਦਾ ਹੈ। ਆਰੰਭ ਵਿਚ ਗ਼ਜ਼ਲ ਦੇ ਨਿਕਾਸ ਬਾਰੇ ਅੱਜ ਤੀਕ ਹੋਈ ਖੋਜ ਨੂੰ ਵਿਚਾਰ-ਅਧੀਨ ਲਿਆਂਦਾ ਗਿਆ ਹੈ। ਬਿਹਤਰ ਹੁੰਦਾ ਜੇ 1947 ਤੋਂ ਪਹਿਲਾ ਦੇ ਸਾਂਝੇ ਪੰਜਾਬ ਵਿਚਲੇ ਸਾਰੇ ਹੀ ਪ੍ਰਮੁੱਖ ਗ਼ਜ਼ਲ-ਗੋਆਂ ਦੇ ਕੰਮ ਦਾ ਵੀ ਭਰਪੂਰ ਜਾਇਜ਼ਾ ਲਿਆ ਜਾਂਦਾ। ਲੇਖਕ ਨੇ 1947 ਤੋਂ 1962 ਦੇ ਸਮੇਂ ਦੀ ਗ਼ਜ਼ਲ-ਰਚਨਾ ਨੂੰ ਅਣਡਿਠ ਕਰ ਦਿੱਤਾ ਹੈ ਤੇ ਬਾਅਦ ਵਿਚ 1996 ਤੀਕ ਹਰ ਦਹਾਕੇ ਦੀ ਗ਼ਜ਼ਲ-ਲੇਖਣੀ ਦਾ ਪ੍ਰਸੰਸਾ ਪਈ ਢੰਗ ਨਾਲ ਵਰਨਣ ਕੀਤਾ ਹੈ। ਆਖਰੀ ਭਾਗ ਵਿਚ ਲੇਖਕ ਨੇ ਗ਼ਜ਼ਲ-ਖੇਤਰ ਵਿਚਲੇ ਨਵੇਂ ਪ੍ਰਯੋਗਾਂ ਦਾ ਵੀ ਜ਼ਿਕਰ ਕੀਤਾ ਹੈ। ਅਖ਼ੀਰ ਤੇ ਹਵਾਲਾ-ਯੋਗ ਗ਼ਜ਼ਲ-ਸੰਗ੍ਰਹਿਆਂ ਦੀ ਸੂਚੀ ਦਿਤੀ ਗਈ ਹੈ। ਚੰਗਾ ਹੁੰਦਾ ਜੇ ਪੁਸਤਕ ਦੀ ਕਾਂਡ-ਵੰਡ ਵੀ ਕੀਤੀ ਜਾਂਦੀ। ਤੇ ਲੇਖਕ ਗ਼ਜ਼ਲ-ਸ਼ਾਸ਼ਤਰ ਦੇ ਮੂਲ ਸਿਧਾਂਤਾਂ ਦਾ ਨਵੇਂ ਸਿਰਿਓਂ ਜਾਇਜ਼ਾ ਲੈਂਦਾ। ਫੇਰ ਵੀ ਬਿਸਮਿਲ ਜੀ ਦੀ ਉਕਤ ਪੁਸਤਕ, ਲਹਿੰਦੇ ਪੰਜਾਬ ਦੀ ਪੰਜਾਬੀ ਗ਼ਜ਼ਲ ਨੂੰ ਸਮਝਣ ਲਈ ਵਡਮੁੱਲੀ ਹਵਾਲਾ-ਪੁਸਤਕ ਦੇ ਤੌਰ ਤੇ ਵਰਤੀ ਜਾਇਆ ਕਰੇਗੀ। ਅਸੀਂ ਇਸ ਯਤਨ ਦਾ ਭਰਪੂਰ ਸੁਆਗਤ ਕਰਦੇ ਹਾਂ। (ਹ.ਸ.ਹ.)

## ਕਾਲੇ ਹਰਫਾਂ ਦੀ ਲੋਅ/ਜਸਵਿੰਦਰ

ਜਸਵਿੰਦਰ ਪੰਜਾਬੀ ਕਵਿਤਾ ਦੇ ਪਿੜ ਵਿਚ ਕੋਈ ਅਸਲੋਂ ਹੀ ਨਵਾਂ ਨਾਂ ਨਹੀਂ। ਉਹ ਕਾਫੀ ਦੇਰ ਦਾ ਕਵਿਤਾ ਲਿਖ ਰਿਹਾ ਸੀ ਤੇ ਆਪਣੀ ਪ੍ਰਤਿਭਾ ਦੇ ਪ੍ਰਗਟਾਵੇ ਲਈ ਕਿਸੇ ਢੁਕਵੇਂ ਕਾਵਿ-ਰੂਪ ਦੀ ਤਲਾਸ਼ ਵਿਚ ਸੀ। ਗ਼ਜ਼ਲ-ਕਾਵਿ ਰੂਪ ਉਸ ਦੇ ਆਪੇ ਦੇ ਪ੍ਰਗਟਾਵੇ ਲਈ ਸਭ ਤੋਂ ਵੱਧ ਢੁਕਵਾਂ ਰੂਪ ਉਸ ਨੂੰ ਪ੍ਰਾਪਤ ਹੋ ਗਿਆ ਹੈ ਤੇ ਉਹ ਇਕ ਧਮਾਕੇ ਵਾਂਗ ਪ੍ਰਗਤੀਸ਼ੀਲ ਗ਼ਜ਼ਲ ਲੈ ਕੇ ਕਵਿਤਾ ਦੇ ਖੇਤਰ ਵਿਚ ਪ੍ਰਗਟ ਹੋਇਆ ਹੈ। ਉਸ ਦੇ ਨਵੇਕਲੇ ਰੰਗ, ਨਰੋਏ ਚਿੰਤਨ, ਅਲੌਕਿਕ ਕਾਵਿ-ਸ਼ੈਲੀ ਨੇ ਪੰਜਾਬੀ ਕਾਵਿ-ਪ੍ਰੇਮੀਆਂ ਨੂੰ ਚਕਾ-ਚੌਂਧ ਕਰ ਦਿੱਤਾ ਹੈ।

ਉਸ ਦਾ ਆਗਮਨ ਇਕ ਹੋਰ ਪੱਖੋਂ ਵੀ ਮਹੱਤਵਪੂਰਨ ਹੈ। ਸੰਸਾਰ ਪੱਧਰ ਤੇ ਸਮਾਜਵਾਦੀ ਪ੍ਰਬੰਧ ਦੇ ਬਿਖਰਾ ਤੇ ਵਿਖੰਡਨ ਅਤੇ ਸਾਮਰਾਜੀ ਸ਼ਕਤੀਆਂ ਦੀ ਚੜ੍ਹਤ ਕਾਰਨ ਆਜ਼ਾਦੀ, ਸਮਾਜਕ ਨਿਆਂ ਤੇ ਜਨਵਾਦੀ ਹੱਕਾਂ/ਹਿੱਤਾਂ ਲਈ ਲੜਦੀਆਂ ਤੇ ਖਲੋਂਦੀਆਂ ਧਿਰਾਂ ਲਈ ਅਣਗਿਣਤ ਗੰਭੀਰ ਔਕੜਾਂ. ਕਾਰਨ ਰਾਸ਼ਟਰੀ ਪੱਧਰ ਤੇ ਵੀ ਇਹਨਾਂ ਤਬਦੀਲੀਆਂ ਦਾ ਡੂੰਘਾ ਅਸਰ ਪਿਆ ਹੈ ਪੂੰਜੀਪਤੀ ਹਾਕਮਵਰਗ, ਜਨ-ਕਲਿਆਣ ਦਾ ਮਾਰਗ ਤਿਆਗ, ਦੇਸ਼ ਦੇ ਆਰਥਕ ਸਾਧਨਾਂ ਦੀ ਅੰਨ੍ਹੀ ਲੁੱਟ ਵਿਚ ਜੁੱਟ ਗਿਆ ਹੈ। ਦੇਸ਼ ਨੂੰ ਕਿਸੇ ਚੰਗੇ ਪਾਸੇ ਮੋੜ ਦੇਣ ਵਾਲੀਆਂ ਕਰਾਂਤੀਕਾਰੀ/ਜਨਵਾਦੀ ਧਿਰਾਂ ਫੈਸਲਾਕੁਨ ਤਾਕਤ ਵਾਲੀਆਂ ਨਹੀਂ ਹਨ। ਸਿੱਟੇ ਵਜੋਂ ਫਿਰਕੂ ਤੇ ਜਾਤੀਵਾਦੀ ਤਾਕਤਾਂ, ਜਨ-ਸਾਧਾਰਨ ਨੂੰ ਪਾੜਨ ਤੇ ਸੌੜੇ ਸਿਆਸੀ ਹਿੱਤਾਂ ਲਈ ਵਰਤਣ ਵਾਸਤੇ



ਤਤਪਰ ਨਜ਼ਰ ਆਉਂਦੀਆਂ ਹਨ ਏਸ ਚਿੰਤਾ ਜਨਕ ਸਥਿਤੀ ਵਿਚ ਨਵੇਂ, ਹੋਣਹਾਰ ਤੇ ਪ੍ਰਤਿਭਾਵਾਨ ਲੇਖਕ ਕਿਸ ਸਿਰ ਦਾ ਸਾਥ ਦੇਣ, ਕਿਸ ਪੈਂਤੜੇ ਤੇ ਖਲੋਣ। ਉਹਨਾਂ ਨੂੰ ਭਟਕਾਉਣ, ਭਰਮਾਉਣ ਤੇ ਮਨੁੱਖੀ ਪੈਂਤੜੇ ਤੋਂ ਉਖਾੜਨ ਲਈ ਪੂੰਜੀਵਾਦੀ ਸਾਹਿਤ-ਸਿਧਾਤਾਂ ਦੇ ਸਮਰਥਕ ਵਿਦਵਾਨ ਬੜੇ ਸਰਗਰਮ ਵਿਖਾਈ ਦਿੰਦੇ ਹਨ। ਇਹਨਾਂ ਵਿਦਵਾਨਾਂ ਲਈ ਇਤਿਹਾਸ ਦਾ ਅੰਤ ਹੋ ਚੁੱਕਾ ਹੈ। ਸਮਾਜਵਾਦ ਦਾਂ ਸੁਪਨਾ ਫੇਲ੍ਹ ਹੋ ਚੁੱਕਾ ਹੈ। ਪ੍ਰਗਤੀ ਤੇ ਸਮਾਜਕ ਪ੍ਰੀਵਰਤਨ ਦਾ ਕੋਈ ਰਾਹ ਹੀ ਨਹੀਂ ਰਹਿ ਗਿਆ। ਉੱਤਰ-ਆਧੁਨਿਕਤਾ ਦਾ ਇਹ ਯੁਗ, ਹੁਣ ਵਿਸ਼ਵਾਸ਼ਹੀਣਤਾ ਦਾ ਯੁੱਗ ਬਣ ਚੁੱਕਾ ਹੈ। ਸੋ ਨਵੇਂ ਲੇਖਕਾਂ ਲਈ ਦੋ ਹੀ ਰਾਹ ਰਹਿ ਗਏ ਹਨ। ਔਰਤ ਦੇ ਸਰੀਰ, ਦੇਹ ਦੀ ਸੁੰਦਰਤਾ ਦੇ ਗੁਣ ਗਾਉਣੇ ਤੇ ਜਾਂ ਫਿਰ ਆਪਣੇ ਅੰਦਰਲੇ ਨਿੱਜ ਦੇ ਆਤਮ-ਪ੍ਰਗਟਾਵੇ ਲਈ ਉਤਸਕ ਹੋਣਾ।"

ਪਰ ਜਸਵਿੰਦਰ ਨੇ ਇਸ ਸਥਿਤੀ ਵਿਚ ਹੋਰਨਾਂ ਚੇਤੰਨ, ਪ੍ਰਗਤੀਸ਼ੀਲ ਤੇ ਜਾਗਰੂਪ ਲੇਖਕਾਂ ਵਾਂਗ, ਵੱਖਰਾ ਰਾਹ ਚੁਣ ਲਿਆ ਹੈ। ਤੇ ਉਹ ਆਪਣੀ ਕਵਿਤਾ, ਅਥਵਾ ਗ਼ਜ਼ਲ ਰਾਹੀਂ ਸਮਾਜਕ ਨਿਆਂ ਤੇ ਸਮਾਜਕ ਪ੍ਰੀਵਰਤਨ ਦੀ ਗੱਲ ਕਰਦਾ ਹੈ। ਇਸ ਕਾਰਜ ਦੀ ਪੂਰਤੀ ਲਈ ਉਹ ਜੂਝਣ, ਅੜਨ ਤੇ ਵਿਰੋਧ ਲਈ ਪ੍ਰੇਰਦਾ ਹੈ। ਇਹੀ ਗੱਲ ਹੈ, ਜਿਹੜੀ ਉੱਤਰ-ਆਧੁਨਿਕਤਾ ਦੇ ਸਾਹਿਤ-ਸਿਧਾਤਕਾਰਾਂ ਨੂੰ ਪਸੰਦ ਨਹੀਂ। ਪੰਜਾਬੀ ਸਾਹਿਤ-ਜਗਤ ਵਿਚ ਇਹਨਾਂ ਧਿਰਾਂ ਦੀ ਕੋਸ਼ਿਸ਼ ਹੈ ਕਿ ਨਵੇਂ ਉੱਠਦੇ ਕਵੀਆਂ ਨੂੰ ਸਮਾਜਕ ਨਿਆਂ ਤੇ ਸਮਾਜਕ ਪ੍ਰੀਵਰਤਨ ਦੇ ਸੱਚੇ ਸੱਚੇ ਮਾਰਗ ਦੇ ਰਾਹ ਪੈਣ ਤੋਂ ਰੋਕਿਆ ਜਾਵੇ। ਪੰਜਾਬੀ ਦੇ ਅਖੌਤੀ "ਨਵ-ਮਾਰਕਸਵਾਦੀ ਆਲੋਚਕ" ਵੀ. ਉਸ ਛੜ ਯੰਤਰ ਨੂੰ ਸਮਝ-ਸਮਝਾ ਨਹੀਂ ਰਹੇ ਤੇ ਉਕਤ ਧਿਰਾਂ ਦਾ ਅੰਗ ਬਣੀ, ਨਾਲ-ਨਾਲ ਘਸੀਟਦੇ ਜਾ ਰਹੇ ਹਨ।

ਜਸਵਿੰਦਰ ਨੇ ਆਪਣੇ ਕਾਵਿ-ਅਨੁਭਵ ਦੀ ਪੇਸ਼ਕਾਰੀ ਲਈ ਗ਼ਜ਼ਲ ਵਰਗੀ ਔਖੀ ਵਿਧਾ ਨੂੰ ਚੁਣ ਕੇ ਇਸ ਗੱਲ ਦਾ ਪ੍ਰਮਾਣ ਦਿੱਤਾ ਹੈ ਕਿ ਉਹ ਅਕਵਿਤਾ ਦੇ ਇਸ ਦੌਰ ਅੰਦਰ ਵੀ ਸ਼ਾਇਰਾਨਾ ਅੰਦਾਜ ਤੇ ਪਹਿਰਾ ਦੇਣ ਲਈ ਤਤਪਰ ਹੈ। ਅਜੇਹੇ ਅਪੌਰੇ ਕਾਰਜ ਲਈ ਨਿਰੰਤਰ ਅਭਿਆਸ ਤੇ ਸ਼ਿਲਪ ਵਿਚ ਪ੍ਰਪੱਕਤਾ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਕਿਉਂਕਿ ਵਜ਼ਨ ਪੱਖੋਂ ਮਾੜਾ-ਮੋਟਾ ਝੋਲ ਜਾਂ ਲਾਪ੍ਰਵਾਹੀ, ਉਂਗਲ ਉਠਾਉਣ ਵਾਲਿਆਂ ਲਈ ਬਹਾਨਾ ਬਣ ਜਾਂਦੀ ਹੈ। ਸਾਰੀ ਪੁਸਤਕ ਦੀਆਂ ਸਮੁੱਚੀਆਂ ਗ਼ਜ਼ਲਾਂ ਦੇ ਪਾਠ ਤੇ ਇਕ ਦੋ ਥਾਵਾਂ ਤੇ ਤਾਲ ਤੇ ਵਜ਼ਨ ਦੇ ਬਹੁਤ ਹੀ ਨਗੂਣੇ ਨੁਕਸਾਂ ਤੋਂ ਬਿਨਾਂ ਉਹ ਇਸ ਖੇਤਰ ਦਾ ਸ਼ਹ ਸਵਾਰ ਪ੍ਰਤੀਤ ਹੁੰਦਾ ਹੈ। ਉਸ ਦੇ ਸ਼ਿਅਰਾਂ ਵਿਚ ਵਾਧੂ ਜਾਂ ਕਮਜ਼ੋਰ ਅਥਵਾ ਨਿਰਾਰਥਕ ਸ਼ਿਅਰਾਂ ਦੀ ਲੱਗ ਭਗ ਅਣਹੋਂਦ ਹੈ।

ਪ੍ਰਗਤੀਸ਼ੀਲ/ਜਨਵਾਦੀ ਕਵੀਆਂ ਉੱਤੇ ਅਕਸਰ ਹੀ ਇਸ ਪ੍ਰਚਾਰ ਦਾ ਦੋਸ਼ ਲਗਦਾ ਰਹਿੰਦਾ ਹੈ। ਅਜੇਹਾ ਇਤਰਾਜ਼ ਕਰਨ ਵਾਲੇ ਵਿਦਵਾਨਾਂ ਨੂੰ ਅਸਲ ਵਿਚ ਵਿਚਾਰ ਅਧੀਨ ਕਵੀ ਦੇ ਸੰਸਾਰ-ਦ੍ਰਿਸ਼ਟੀਕੋਣ ਪ੍ਰਤੀ ਇਤਰਾਜ਼ ਹੁੰਦੇ ਹਨ, ਜਿਹਨਾਂ ਨੂੰ ਪ੍ਰਗਟ ਕਰਨ ਸਮੇਂ ਉਹ ਬਹਾਨਾ ਕਲਾ ਦੀ ਅਣਹੋਂਦ ਦਾ ਲਾਉਂਦੇ ਹਨ। ਅਜੇਹੇ ਵਿਦਵਾਨਾਂ ਦੇ ਇਸ ਤਰ੍ਹਾਂ ਦੇ ਇਤਰਾਜ਼ ਭਵਿਖ ਵਿਚ ਵੀ ਲਗਦੇ ਰਹਿਣੇ ਹਨ, ਪਰ ਫੇਰ ਵੀ ਜਨਵਾਦੀ/ਪ੍ਰਗਤੀਸ਼ੀਲ ਕਵੀਆਂ/ਲੇਖਕਾਂ ਨੂੰ ਕਲਾ ਪੱਖੋਂ, ਕਦੇ ਵੀ ਅਵੇਸਲੇ ਜਾਂ ਲਾਪ੍ਰਵਾਹ ਨਹੀਂ ਹੋਣਾ ਚਾਹੀਦਾ ਤੇ ਮਾਓ ਦੇ ਸ਼ਬਦਾਂ ਵਿਚ, "ਉਚਤਮ ਕਲਾਤਮਿਕ ਸੰਪੂਰਣਤਾ" ਪ੍ਰਾਪਤ ਕਰਨ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਗ਼ਜ਼ਲ-ਸ਼ਾਸ਼ਤਰ ਦਾ ਮੱਖ ਨੁਕਤਾ ਵਿਰੋਧਾ-ਭਾਸ਼ੀ ਸਥਿਤੀ ਦੀ ਸਿਰਜ਼ਣਾ ਹੈ, ਜਿਸ ਨੂੰ ਉਰਦੂ ਦੇ ਵਿਚਾਰਵਾਨ 'ਤਗ਼ਜ਼ਲ' ਆਖਦੇ ਹਨ। ਅਰਥਾਤ ਸ਼ਿਅਰ ਦੀ ਪਹਿਲੀ ਪੰਗਤੀ ਵਿਚ ਕਹੀ ਗੱਲ ਨੂੰ, ਦੂਜੀ ਪੰਗਤੀ ਵਿਚ ਚਣੌਤੀ ਦੇ ਕੇ, ਵਿਰੋਧੀ-ਜੁੱਟ ਰਾਹੀਂ ਅਚੰਭਾ-ਜਨਕ ਵਾਤਾਵਰਣ ਦੀ ਸਿਰਜਣਾ ਕਰਨਾ। ਇਸ ਤਰ੍ਹਾਂ ਕਰਨ ਨਾਲ ਸ਼ਿਅਰ ਵਿਚ ਚਮਕ, ਆਚੰਭਾ ਤੇ ਆਕਰਸ਼ਣ ਉਤਪੰਨ ਹੁੰਦਾ ਹੈ।

ਏਧਰ ਤਲਾਬ ਤਾਈਂ ਮੱਛੀਆਂ ਉਵੇਂ ਹੀ ਦੇਖਣ,
ਬੱਦਲਾਂ ਨੂੰ ਜਿਸ ਤਰਾਂ ਉਹ ਸੁਕਦਾ ਤਲਾਬ ਦੇਖੇ।
ਲਹੂ ਵਿਚ ਡੁੱਬ ਗਈ ਸਾਰੀ ਹੀ ਸਾਡੇ ਵਕਤ ਦੀ ਪੋਥੀ,
ਨਹੀਂ ਮਿਲਦੇ ਕਿਤੋਂ ਵਰਕੇ ਤਿਤਲੀਆਂ ਦੇ ਪਰਾਂ ਵਰਗੇ।
ਜੰਗਲ ਸੀ ਖਾਮੋਸ਼ ਅਚਾਨਕ ਚੀਖ਼ ਪਿਆ,
ਤੱਕਿਆ ਜਦ ਆਰੇ ਨੂੰ ਦਸਤਾ ਸੰਦਲ ਦਾ।

ਜਸਵਿੰਦਰ ਦੀ ਆਪਣੇ ਸਮਕਾਲੀ ਕਵੀਆਂ ਤੇ ਗ਼ਜ਼ਲ ਗੋਆਂ ਨਾਲੋਂ ਵਿਲੱਖਣਤਾ ਉਸ ਦੇ ਆਸ਼ਾਵਾਦੀ ਤੇ ਸੰਘਰਸ਼ ਸ਼ੀਲ ਹੋਣ ਵਿਚ ਹੈ। ਏਸ ਪੱਖੋਂ ਉਹ ਸਵੈ-ਕੇਂਦਰਤ, ਨਾਰੀਵਾਦੀ ਉਦਾਸ ਉਲਝੇ ਤੇ ਨਿਰਾਸ ਕਵੀਆਂ ਲਈ ਇਕ ਪ੍ਰੇਰਨਾ ਦਾ ਚਾਨਣ-ਮੁਨਾਰਾ ਬਣਨ ਦੇ ਕਾਬਿਲ ਹੈ ਤੇ ਇਹ ਕਾਵਿ-ਵਿਸ਼ੇਸ਼ਤਾਈ ਅਸਲ ਵਿਚ ਉਸ ਦੀ ਮੁੱਖ ਪਛਾਣ ਬਣ ਗਈ ਹੈ।

ਸੂਹੇ ਪਾਣੀਆਂ ਚੋਂ ਉੱਠੇ ਕੋਈ ਹੱਕ ਦੀ ਤਰੰਗ
ਅਸੀਂ ਸੁਰਾਂ ਮੇਲ ਦੇਈਏ ਇਹਦੇ ਸੋਹਲਿਆਂ ਦੇ ਨਾਲ
ਕਾਲੇ ਹਰਫ਼ਾਂ ਦੀ ਲੋਅ ਪੈਣੀ ਪੱਤਿਆਂ ਤੇ,
ਮਹਿਕੇਗਾ ਹਰ ਬਿਰਖ ਉਦਾਸੇ ਜੰਗਲ ਦਾ।
ਕਿਰਨਾਂ ਦਾ ਰੰਗ ਪੀ ਕੇ ਰੁੱਖ ਬਣ ਜਾਵੇਗੀ,
ਸੂਰਜ ਦੇ ਵਲ ਮੂੰਹ ਹੈ ਫੁੱਟਦੀ ਕੋਂਪਲ ਦਾ।
ਚੌਂਕ ਵਿਚ ਵਿਕਦੀ ਛੁਰੀ ਦਾ ਸੋਚਿਆ ਨਾ ਜੇ ਇਲਾਜ
ਇਹ ਤਾਂ ਉਡਦੇ ਪੰਛੀਆਂ ਦੇ ਪਰ ਕੁਤਰ ਹੀ ਜਾਵੇਗੀ।
ਅਸੀਂ ਵੀ ਖਿੱਤੀਆਂ ਇਸ ਆਲਣੇ ਅੰਦਰ ਸਜਾਵਾਂਗੇ,
ਅਸਾਡਾ ਆਸਮਾਂ ਹੋਏਗਾ ਇਕ ਦਿਨ ਤਾਰਿਆਂ ਭਰਿਆ।

ਜਸਵਿੰਦਰ ਦੇ ਕਾਵਿ-ਸ਼ਾਸ਼ਤਰ ਦਾ ਜੇ ਕੇਂਦਰ-ਬਿੰਦੂ ਤਲਾਸ਼ ਕਰਨਾ ਹੋਵੇ ਤਾਂ ਉਸ ਦੀ ਪਹਿਲੀ ਗ਼ਜ਼ਲ ਦਾ ਇਕੋ ਸ਼ਿਅਰ ਹੀ ਕਾਫੀ ਹੈ।

ਸਾਨੂੰ ਸਤਲੁਜ ਤੋਂ ਆਉਂਦੀ ਹਵਾ ਦੇ ਦਿਓ,
ਰੋਜ਼ ਵਗਦੀ ਰਹੇ ਇਹ ਦੁਆ ਦੇ ਦਿਓ।
ਪਾਣੀਆਂ ਦੇ ਹਵਾਵਾਂ ਦੇ, ਰੰਗਾਂ ਦੇ ਵੀ,
ਗੀਤ ਲਿਖਣੇ ਅਸੀਂ, ਗੀਤ ਗਾਉਣੇ ਅਸੀਂ।

ਨਵੀਂ ਪੀੜ੍ਹੀ ਦੇ ਇਸ ਪ੍ਰਤਿਭਾਸ਼ੀਲ/ਪ੍ਰਗਤੀਸ਼ੀਲ ਕਵੀ ਦੇ ਆਗਮਨ ਨਾਲ ਪ੍ਰਗਤੀਵਾਦੀ ਕਵਿਤਾ ਦੇ ਪਿੜ ਇਕ ਹੋਣਹਾਰ ਸੁਖ਼ਨਵਰ ਦਾ ਵਾਧਾ ਹੋਇਆ, ਜਿਸ ਨੇ ਜਨਵਾਦੀ ਪੰਜਾਬੀ



ਸ਼ਾਇਰੀ ਨੂੰ ਨਵਾਂ ਹੁਸਨ, ਨਵੀਂ ਤਾਜ਼ਗੀ, ਨਵੀਂ ਬਿੰਬਾਵਲੀ ਤੇ ਨਵਾਂ ਹੁਲਾਰਾ ਦਿਤਾ ਹੈ। ਅਜੇਹੀ ਕਾਵਿ-ਰਚਨਾ ਸਾਡੇ ਧਰਮ-ਨਿਰਪੱਖ ਜਮਹੂਰੀ ਪ੍ਰੀਵਾਰਾਂ ਦੇ ਘਰਾਂ ਦਾ ਸ਼ਿੰਗਾਰ ਬਣਨੀ ਚਾਹੀਦੀ ਹੈ।

—ਹਰਭਜਨ ਸਿੰਘ ਹੁੰਦਲ

**ਆਪਣੇ ਆਪਣੇ ਖੰਭ**/(ਸੰਪਾਦਕ ਡਾ: ਐਸ. ਤਰਸੇਮ)

'ਆਪਣੇ ਆਪਣੇ ਖੰਭ' ਮਾਲੇਰ ਕੋਟਲਾ ਦੇ ਗ਼ਜ਼ਲਗੋਆ ਦੀਆਂ ਗ਼ਜ਼ਲਾਂ ਦੀ ਡਾ. ਐਸ. ਤਰਸੇਮ ਵੱਲੋਂ ਸੰਪਾਦਤ ਕੀਤੀ ਗਈ ਪੁਸਤਕ ਹੈ। ਭਾਂਵੇਂ ਸਾਰੇ ਗ਼ਜ਼ਲਗੋ ਮਾਲੇਰ ਕੋਟਲੇ ਦੇ ਨਹੀਂ ਹਨ ਪਰ ਫੇਰ ਵੀ ਉਹ ਮਾਲੇਰ ਕੋਟਲੇ ਦੇ ਆਲੇ-ਦੁਆਲੇ, ਨੇੜੇ-ਤੇੜੇ ਆਦਿ ਨਾਲ ਸੰਬੰਧਤ ਜ਼ਰੂਰ ਹਨ। ਮਾਲੇਰਕੋਟਲਾ ਦੀ ਖੇਤਰੀ ਗ਼ਜ਼ਲ ਦਾ ਇਸ ਨੂੰ ਜੇ ਪ੍ਰਤਿਨਿਧ ਰੂਪ ਕਹਿ ਲਿਆ ਜਾਏ ਤਾਂ ਇਹ ਕੋਈ ਅਤਿਕਰਨੀ ਨਹੀਂ ਹੋਵੇਗੀ।

ਇਸ ਗ਼ਜ਼ਲ ਸੰਗ੍ਰਹਿ ਵਿਚ ਮਰਹੂਮ ਦਾਸ ਰਾਮ ਦੋਸ਼ੀ ਅਤੇ ਪ੍ਰੇਮ ਵਾਰਬਰਟਨੀ ਜਿਹੇ ਉਸਤਾਦ ਗ਼ਜ਼ਲਗੋਆਂ ਤੋਂ ਲੈ ਕੇ ਹਮੀਦ ਅਖ਼ਤਰ ਅਤੇ ਮੁਹੰਮਦ ਯਾਮੀਨ ਜਿਹੇ ਸਿਖਾਂਦਰੂ ਗ਼ਜ਼ਲਗੋਆਂ ਤੱਕ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਸੰਗ੍ਰਹਿ ਉਸਤਾਦ ਗ਼ਜ਼ਲਗੋਆਂ ਤੋ ਸ਼ੁਰੂ ਹੋ ਕੇ, ਪ੍ਰੌੜ ਗ਼ਜ਼ਲਗੋਆਂ ਥਾਣੀ ਹੁੰਦਾ ਹੋਇਆ ਨਵੇਂ ਆਕਾਸ਼ ਲੱਭਣ ਵੱਲ ਰੁਚਿਤ ਹੈ। ਇਸ ਸੰਗ੍ਰਹਿ ਨੂੰ ਪੜ੍ਹਨ ਉਪਰੰਤ ਇਸ ਦੇ ਕਈ ਲੱਛਣ ਉਜਾਗਰ ਹੁੰਦੇ ਹਨ।

ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਉਰਦੂ ਫ਼ਾਰਸੀ ਦੀ ਵਿਉਂਤਬੰਦੀ ਅਪਣਾਉਂਦੀਆਂ ਹੋਈਆਂ ਵੀ ਮੱਖ ਸੁਰ ਪੰਜਾਬੀ ਗ਼ਜ਼ਲ ਵਾਲੀ ਰੱਖਦੀਆਂ ਹਨ। ਇਸ ਵਿਚ ਉਰਦੂ ਗ਼ਜ਼ਲ ਦੀ ਪੁਰਾਣੀ ਸ਼ਬਦਾਵਲੀ ਰਿੰਦ, ਸਾਕੀ, ਜਾਮ, ਸ਼ਰਾਬ, ਰਕੀਬ ਆਦਿ ਦੀ ਉੱਕਾ ਵਰਤੋਂ ਨਹੀਂ ਹੋਈ। ਉਸ ਦੀ ਥਾਂ ਆਧੁਨਿਕ ਗ਼ਜ਼ਲ ਦੇ ਨਵੇਂ ਸਰੋਕਾਰਾਂ ਨੇ ਲਈ ਹੈ। ਆਧੁਨਿਕ ਮਨੁੱਖ ਦੇ ਰੋਟੀ ਰੋਜ਼ੀ ਅਤੇ ਸੂਖਮ ਸੋਚ ਦੇ ਮਸਲੇ ਇਨ੍ਹਾਂ ਗ਼ਜ਼ਲਾਂ ਰਾਹੀਂ ਉੱਭਰ ਕੇ ਸਾਹਮਣੇ ਆਏ ਹਨ। ਗ਼ਜ਼ਲ ਸਮਾਜਿਕ ਰੱਦੋ ਬਦਲ ਦਾ ਇਕ ਇੰਸਟਰੂਮੈਂਟ ਬਣ ਕੇ ਪੇਸ਼ ਹੋਈ ਹੈ। ਡਾ ਐਸ. ਤਰਸੇਮ ਖ਼ੁਦ ਪ੍ਰਗਤੀਵਾਦੀ ਧਾਰਾ ਦਾ ਇਕ ਅਹਿਸਾਹਮੰਦ ਕਾਰਕੁੰਨ ਹੋਣ ਨਾਤੇ ਇਹ ਗ਼ਜ਼ਲ-ਸੰਗ੍ਰਹਿ ਦੀਆਂ ਬਹੁਤੀਆਂ ਗ਼ਜ਼ਲਾਂ ਸਮਾਜਿਕ ਪਰਿਵੇਸ਼ ਅਤੇ ਉਸ ਦੇ ਪ੍ਰਗਤੀਵਾਦੀ ਨਜ਼ਰੀਏ ਨਾਲ ਜੁੜੀਆਂ ਹੋਈਆਂ ਹਨ। ਆਮ ਤੌਰ 'ਤੇ ਸਾਂਹਿਤ ਸਭਾਵਾਂ ਜਾਂ ਖੇਤਰੀ ਸੰਪਾਦਨਾਵਾਂ ਵਿਚ ਸੰਪਾਦਕ ਨੂੰ ਮਜਬੂਰੀ ਜਾਂ ਮੂੰਹ-ਮੁਲਾਹਜ਼ੇ ਵਜੋਂ ਕੁਝ ਕੱਚ-ਘਰੜ ਕਿਸਮ ਦੀਆਂ ਰਚਨਾਵਾਂ ਨੂੰ ਵੀ ਆਪਣੇ ਸੰਪਾਦਤ ਸੰਗ੍ਰਹਿ ਵਿਚ ਥਾਂ ਦੇਣੀ ਪੈਂਦੀ ਹੈ। ਪਰ ਡਾ: ਐਸ ਤਰਸੇਮ ਦੇ ਇਸ ਸੰਗ੍ਰਹਿ ਵਿਚ ਇਸ ਦੀ ਕੋਈ ਗੁੰਜ਼ਾਇਸ਼ ਨਜ਼ਰ ਨਹੀਂ ਪੈਂਦੀ। ਸ਼ਾਮਿਲ ਰਚਨਾਵਾਂ ਨੂੰ ਸੰਪਾਦਨਾ ਦੇ ਕਠੋਰ ਇਮਤਿਹਾਨ ਥਾਣੀਂ ਲੰਘਣਾ ਪਿਆ ਜਾਪਦਾ ਹੈ। ਨਵੇਂ ਗ਼ਜ਼ਲਗੋਆਂ ਦੀਆਂ ਗ਼ਜ਼ਲਾਂ ਵਿਚ ਵੀ ਕਾਫ਼ੀ ਜਾਨ ਅਨੁਭਵ ਹੁੰਤੀ ਹੈ।

ਇੰਝ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਦੇ ਸ਼ਿਅਰ ਆਮ ਆਦਮੀ ਦੇ ਦੁੱਖ-ਸੁੱਖ ਅਤੇ ਸੋਚ ਨਾਲ ਜੁੜੇ ਹੋਏ ਹਨ ਜਿੰਨ੍ਹਾਂ ਦੀ ਸੁਰਤਾਲ ਵਿਚ ਆਮ ਆਦਮੀ ਦੀ ਹੋਣੀ ਅਤੇ ਹੋਂਦ ਪਛਾਣੀ ਜਾ ਸਕਦੀ ਹੈ। ਇਹ ਸੰਗ੍ਰਹਿ ਪੁਖ਼ਤਾ ਗ਼ਜ਼ਲਾਂ ਅਤੇ ਉੱਤਮ ਸੰਪਾਦਕੀ ਦਾ ਨਮੂਨਾ ਪੇਸ਼ ਕਰਦਾ ਹੈ। ਡਾ: ਐਸ. ਤਰਸੇਮ ਜਿਹੇ ਅਨੁਭਈ ਸ਼ਾਇਰ ਅਤੇ ਸੰਪਾਂਦਕ ਤੋਂ ਇਸੇ ਤਰ੍ਹਾਂ ਦੀ ਸੰਪਾਦਨਾ ਦੀ ਆਸ ਸੀ। ਸ਼ਾਇਰਾਂ ਦੇ ਵੇਰਵੇ ਅਤੇ ਰੇਖਾ ਚਿੱਤਰ ਵੀ ਰੋਚਕ ਹਨ। —ਕੇ. ਐਲ. ਗਰਗ (ਮੋਗਾ)

○ 'ਨੂਰ' ਨੂੰ ਇਸ ਵਾਰ ਦਾ ਵਿਸ਼ੇਸ਼ ਕਵੀ ਚੁਣ ਕੇ ਸਾਡੇ ਸਿਰਮੌਰ ਕਵੀ ਨੂੰ ਤੁਸੀਂ ਉਸ ਦੀ ਯੋਗ ਥਾਂ ਪਰਦਾਨ ਕੀਤੀ ਹੈ। ਉਂਜ ਤਾਂ 'ਨੂਰ: ਦੀ ਸ਼ਾਇਰੀ ਤੇ ਕਿੰਤੂ-ਪ੍ਰੰਤੂ ਕਰਨਾ ਮੇਰੀ ਵਸੋਂ ਬਾਹਰੀ ਗੱਲ ਹੈ, ਪਰ ਫੇਰ ਵੀ ਮੇਰੀ ਜਾਂਚੇ ਨੰਬਰ ਤਿੰਨ ਗ਼ਜ਼ਲ ਟੀਸੀ ਤੇ ਰਹੀ ਹੈ ਤੇ ਇਸ ਦਾ ਇਕ ਸ਼ਿਅਰ ਤਾਂ ਰੂਹ ਨੂੰ ਹਲੂਣ ਗਿਐ "ਜੋ ਮਰਨ ਦੇ ਬਾਅਦ ਵੀ ਤੜਪੀ ਗਿਆ, ਉਹ ਕਿਸੇ ਲਾਰੇ ਤੇ ਮੋਇਆ ਹੋਏਗਾ।" ਜਸਵਿੰਦਰ ਦੀ ਪਰਚੇ ਵਿਚਲੀ ਗ਼ਜ਼ਲ ਬਹੁਤੀ ਜਚੀ ਹੈ।

"ਜਦ ਮੈਂ ਰੇਗਿਸਤਾਨ ਸੀ ਤਾਂ ਇਕ ਨਦੀ ਦੀ ਭਾਲ ਸੀ, ਹੁਣ ਮੈਂ ਖੁਰਦਾ ਜਾ ਰਿਹਾਂ ਜਦ ਤੋਂ ਹਾਂ ਸਾਹਿਲ ਹੋ ਗਿਆ।" ਜਸਵਿੰਦਰ ਨੇ ਪੰਜਾਬੀ ਗ਼ਜ਼ਲਗੋਆਂ 'ਚ ਆਪਣੀ ਥਾਂ ਰਾਖਵੀਂ ਕਰ ਲਈ ਹੈ। (ਸੰਤੋਖ ਧਾਲੀਵਾਲ, ਨੋਟਿੰਘਮ ਯੂ.ਕੇ.)

○ ਹੁਣ ਤੱਕ ਪਾਕਿਸਤਾਨੀ ਪੰਜਾਬੀ ਕਹਾਣੀ ਨਾਲ, ਲੋਅ, ਸਾਹਿਤਧਾਰਾ, ਚਿਰਾਗ਼ ਅਤੇ ਨਾਗਮਣੀ ਰਾਹੀਂ ਤੁਆਰਫ਼ ਹੁੰਦਾ ਰਿਹਾ ਹੈ, ਇਸ ਵਾਰ, ਦੋ-ਤਿੰਨ ਚੋਣਵੇਂ ਪੰਜਾਬੀ ਕਹਾਣੀ ਸੰਗ੍ਰਹਿ ਵੀ ਪੱਛਮੀ ਪੰਜਾਬ ਦੇ ਕਹਾਣੀਕਾਰ ਮਿੱਤਰਾਂ ਨਾਲ ਸਾਂਝ ਪੈਦਾ ਕਰਦੇ ਰਹੇ ਨੇ।

ਉਂਝ ਤਾਂ ਹਰ ਲੇਖਕ ਅਪਣੀ ਅਪਣੀ ਥਾਂ ਪੂਰੀ ਲਗਨ ਨਾਲ ਕੰਮ ਕਰ 'ਰਿਹੈ। ਉਨ੍ਹਾਂ ਵਿਚ ਅਬਦੁਲ ਗਫ਼ੂਰ, ਪਰਵੀਨ ਮਲਿਕ, ਜ਼ਫ਼ਰ ਇਕਬਾਲ, ਸਲੀਮ ਖ਼ਾਂ ਗਿਮੀ, ਅਫ਼ਜ਼ਲ ਅਹਿਸਾਨ ਰੰਧਾਵਾ ਤੇ ਹੋਰ ਕਈ ਨਾਮ ਸ਼ਾਮਿਲ ਹਨ। ਪਰ, ਇਹਨਾਂ ਵਿਚੋਂ ਦੋ ਨਾਮ ਬਹੁਤ ਹੀ ਡੂੰਘੀ ਛਾਪ ਛੱਡਣ ਵਿਚ ਕਾਮਯਾਬ ਹੋਏ ਨੇ। ਇਹ ਸ਼ਾਇਦ ਮੇਰੀ ਪਾਠਕੀ ਸਾਈਕੀ ਦੀ ਸੀਮਾਂ ਹੋਵੇ। ਉਹ ਦੋ ਨਾਮ ਹਨ—ਜਨਾਬ ਇਲਿਆਸ ਘੁੰਮਣ ਤੇ ਮੁਹਤਰਮਾਂ ਅਫ਼ਜ਼ਲ ਤੌਸੀਫ਼ ਇਲਿਆਸ ਘੁੰਮਣ, ਪਾਕਿਸਤਾਨੀ ਸਮਾਜ ਦੇ ਫਿਊਡਲ ਕਿਰਦਾਰ ਦੇ ਭੂਪਵਾਦੀ ਮੁੱਲਾਂ ਨਾਲ ਗੁੱਥਮ-ਗੱਥਾ ਹੁੰਦਾ ਹੋਣ ਕਰਕੇ ਅਤੇ ਅਫ਼ਜ਼ਲ ਤੌਸੀਫ ਭੂਪਵਾਦੀ ਸਮਾਜ ਦੀ ਫ਼ਿਊਡਲ ਰਾਜਨੀਤੀ ਤੇ ਡੂੰਘੀ ਨਸ਼ਤਰ ਫੇਰਦੀ ਹੋਣ ਕਰਕੇ।

ਲਿਖਣ ਖੇਤਰ ਵਿਚ ਚੂੰਕਿ ਕਿਸੇ ਵੀ ਲੇਖਕ ਦਾ ਨੰਬਰ ਨਿਸਚਿਤ ਕਰਨਾ, ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ, ਤਾਂ ਵੀ ਅਫ਼ਜ਼ਲ ਤੌਸੀਫ਼ ਇਤਿਹਾਸਕ ਪ੍ਰਸੰਗ ਵਿਚ ਮੋਹਰੀ ਨਜ਼ਰ ਆਉਂਦੀ ਏ। ਮੇਰੀ ਵਲੋਂ ਉਸਨੂੰ ਲੰਮੇ ਆਕਾਰ ਦੀਆਂ ਕਹਾਣੀਆਂ, 'ਪੰਜੀਵਾਂ ਘੰਟਾ' ਅਤੇ ਵਿਸ਼ੇਸ਼ ਕਰਕੇ 'ਮਾਈ ਅਨਾਰਾਂ ਵਾਲੀ' ਵਰਗੀਆਂ ਕਿਰਤਾਂ ਲਿਖਣ ਲਈ ਮੁਬਾਰਕਾਂ। (ਲਾਲ ਸਿੰਘ, ਦਸੂਹਾ)

○ ਨੂਰ ਦੀਆਂ ਗ਼ਜ਼ਲਾਂ ਪਸੰਦ ਹਨ। ਅੱਜ ਕੱਲ ਦੇ ਸਾਹਿਤਕ ਪਰਚਿਆਂ ਵਿਚ ਗ਼ਜ਼ਲਾਂ ਪੜ੍ਹ ਕੇ ਮਹਿਸੂਸ ਹੁੰਦਾ ਹੈ ਜਿਵੇਂ ਇਹ ਸਾਰੀਆਂ ਇਕ ਹੀ ਸ਼ਾਇਰ ਦੀਆਂ ਲਿਖੀਆਂ ਹੋਣ। ਇਸ ਸਿਨਫ ਵਿਚ ਹਸਤਾਖ਼ਰ ਕਾਇਮ ਕਰਨਾ ਇਤਨਾ ਸੌਖਾ ਨਹੀਂ ਜਿਤਨਾ ਨੌਜਵਾਨ ਸਮਝਦੇ ਹਨ।

ਅਮਰਜੀਤ ਚੰਦਨ ਦੀਆਂ ਪੁਸਤਕਾਂ ਦਾ ਮੁਲੰਕਣ ਕਰਦਿਆਂ ਤੁਸੀਂ ਉਸ ਨਾਲ ਪੁਰਾਣੀ ਯਾਰੀ ਪਾਲੀ ਹੈ। ਇਹ ਚਰਚਾ ਸਾਢੇ ਨੌਂ ਸਫਿਆਂ ਦੀ ਬਜਾਏ ਸਫੇ-ਡੇਢ ਸਫੇ ਵਿਚ ਮੁੱਕ ਸਕਦੀ ਸੀ। ਚੰਦਨ ਕਾਵਿ ਵਿਚ ਮੈਨੂੰ ਅਜਿਹੇ ਮੌਲਿਕ ਕਵੀ ਦੇ ਦਰਸ਼ਨ ਹੁੰਦੇ ਹਨ ਜਿਹੜਾ ਬੁਨਿਆਦੀ ਤੌਰ ਤੇ : (1) ਸਨਕੀ (2) ਵਿਭਚਾਰੀ (ਮਾਨਸਿਕ ਤੌਰ ਤੇ) (3) ਲੋਕਾਂ ਨਾਲੋਂ ਟੁੱਟਾ ਹੋਇਆ



(4) ਕਰੋਧੀ (5) ਹਉਂਵਾਦੀ ਹੋਵੇ। ਇਸ ਪ੍ਰਸੰਗ ਵਿਚ ਉਸਦੀ ਇਕ ਐਸੀ ਕਵਿਤਾ "ਭੋਗਾਵਸਥਾ" ਦੀ ਉਦਾਹਰਣ ਦੇਵਾਂਗਾ ਜਿਸ ਦੀ ਉਸਦੇ 'ਲਕੀਰ' ਪਰਚੇ ਵਾਲੇ ਦੋਸਤ ਬਹੁਤ ਕਦਰ ਕਰਦੇ ਹਨ ਅਤੇ ਜਿਸ ਦਾ ਆਨੰਦ ਮਾਣ ਕੇ ਇੱਕ ਦਾ ਦਿਮਾਗ ਵੀ ਠੀਕ ਹੋਇਆ ਹੈ। (ਉਸ ਸਾਹਿਤ ਦਾ ਕੀ ਬਣੇਗਾ ਜਿਹੜਾ ਉਸ ਸਮੇਂ ਰਚਿਆ ਗਿਆ ਜਦੋਂ ਦਿਮਾਗ ਖਰਾਬ ਸੀ।)

ਮੈਨੂੰ ਇਹ ਕਵਿਤਾ ਇਕ ਅਜਿਹੇ ਸ਼ਾਇਰ ਦੀ ਰਚਨਾ ਜਾਪਦੀ ਹੈ ਜਿਹੜਾ : (1) ਕਿਸੇ ਕਾਰਨ ਜਿਣਸੀ ਤੌਰ ਤੇ ਕਮਜ਼ੋਰ ਹੋਵੇ। (2) ਪਰਾਈ ਔਰਤ ਨਾਲ ਭੋਗ ਕਰਨ ਦੀ ਕੋਸ਼ਿਸ਼ ਸਮੇਂ ਲਿੰਗਕ ਸੰਬੰਧਾਂ ਦੀ ਖ਼ੌਫਨਾਕ ਅਸਫਲਤਾ ਚੋਂ ਗੁਜ਼ਰਨ ਦੀ ਮਾਨਸਿਕ ਪੀੜ ਹੰਢਾ ਰਿਹਾ ਹੋਵੇ। (3) ਇਹ ਪੀੜ ਸਿਖਰ ਉੱਤੇ ਪੱਜ ਕੇ ਗੁਨਾਹ (Sin) ਵਰਗਾ ਰੂਪ ਧਾਰ ਲਵੇ (4) ਗੁਨਾਹ ਤੋਂ ਬਚਣ ਲਈ ਉਹ ਮਾਂ ਦੀ ਮਮਤਾ ਵਰਗਾ ਵਿਸ਼ਾਦਮਈ ਬਿੰਬ ਸਿਰਜ ਲਵੇ :

"ਮੈਂ ਭਰਿਆ ਹੁੰਗਾਰਾ !
ਮੈਂ ਤੇਰਾ ਜਾਇਆ......"
ਫਿਰ ਮੈਨੂੰ ਉਹ ਉਸ ਦੁਨੀਆ ਵਿਚ ਲੈ ਗਈ
ਜਿਥੇ ਕੁਝ ਵੀ ਨਹੀਂ ਹੈ
ਨਾ ਰਿਸ਼ਤਾ ਨਾ ਕਾਇਆ !! (ਜੜ੍ਹਾਂ ਵਿਚੋਂ)

ਉਂਝ ਅਜਿਹੇ ਸਮਾਜਿਕ ਵਰਤਾਰਿਆਂ ਦੀ ਪੱਛਮੀ ਦੁਨੀਆਂ ਦੇ ਖਪਤਮੁਖੀ ਸੰਚਾਰ ਸਾਧਨਾਂ (**Mass Media**) ਵਿਚ ਰੋਜ਼ਾਨਾ ਹੀ ਭਰਮਾਰ ਪਰਾਪਤ ਹੈ। ਸਾਬਕਾ ਹਥਿਆਰਬੰਦ ਇਨਕਲਾਬੀ ਸ਼ਾਇਰ ਦੀ ਇਹਨਾਂ ਵਿਚ ਰੁਚੀ ਹੋ ਜਾਣੀ ਕੁਦਰਤੀ ਵੀ ਹੈ ਕਿਉਂਕਿ ਲੈਨਿਨ ਨੇ ਖੱਬੇ ਪੱਖੀ ਮਾਅਰਕੇਬਾਜ਼ੀ ਨੂੰ ਇਕ ਬਚਗਾਨਾ ਰੋਗ ਗਰਦਾਨਿਆ ਸੀ।

ਚੰਦਨ ਜੀ ਜਿਸ ਵਿਕਾਸਮਈ ਰਸਤੇ ਉੱਪਰ ਤੁਰੇ ਜਾ ਰਹੇ ਹਨ, ਉਹਨਾਂ ਦੇ ਵਿਅਕਤਿਤਵ ਦੀਆਂ ਬਾਕੀ ਬਚੀਆਂ ਪਰਤਾਂ ਵੀ ਹੌਲੀ ਹੌਲੀ ਆਪਣਾ ਜਲੌਅ ਵਿਖਾਣਗੀਆ।

(ਗੁਰਨਾਮ ਢਿਲੋਂ, ਯੂ.ਕੇ.)

○ ਇਸ ਵਾਰ ਕਵਿਤਾ ਦੇ ਨਾਲ-ਨਾਲ ਕਹਾਣੀ ਭਾਗ ਵੀ ਤਸੱਲੀਬਖ਼ਸ਼ ਹੈ। ਪੰਜਾਬੀ ਆਲੋਚਨਾ ਸੰਬੰਧੀ ਤੁਸੀਂ ਚਰਚਾ ਛੇੜਨ ਦਾ ਯਤਨ ਕੀਤਾ ਹੈ ਪਰ ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਬਹੁਤ ਸਮਾਂ ਲੰਘ ਜਾਣ ਪਿੱਛੋਂ ਕੰਮ ਸ਼ੁਰੂ ਕਰਦੇ ਹਾਂ। ਜਿਸ ਆਲੋਚਨਾ ਉੱਤੇ ਤੁਸੀਂ ਉਂਗਲ ਧਰੀ ਹੈ, ਉਸ ਸੰਬੰਧੀ ਇਕ ਦੋ ਆਰਟੀਕਲ ਅਗਲੇ ਅੰਕ ਵਿਚ ਜ਼ਰੂਰ ਛਾਪੋ। ਫੇਰ ਹੀ ਭਰਪੂਰ ਬਹਿਸ ਛਿੜ ਸਕੇਗੀ (ਐਸ. ਤਰਸੇਮ, ਮਲੇਰਕੋਟਲਾ)

○ 'ਚਿਰਾਗ਼' ਦੇ ਪਿਛਲੇ ਅੰਕ ਵਿਚ ਕੈਨੇਡਾ ਵਾਸੀ ਪੰਜਾਬੀ ਕਵੀ ਸੁਖਿੰਦਰ ਦਾ ਇਕ ਖ਼ਤ ਛਪਿਆ ਹੈ ਜਿਸ ਵਿਚ ਉਸ ਨੇ ਮੇਰੇ 'ਤੇ ਇਹ ਇਲਜ਼ਾਮ ਲਾਇਆ ਹੈ ਕਿ ਮੈਂ ਉਸ ਦੀ ਕਵਿਤਾ ਤੇ ਕੁੱਝ ਟੁੱਕੜੇ ਚੁਰਾ ਕੇ ਆਪਣੀ ਕਵਿਤਾ ਵਿਚ ਵਰਤ ਲਏ ਹਨ। ਮੇਰੀ ਸਮਝ ਮੁਤਾਬਿਕ ਸੁਖਿੰਦਰ ਨੇ ਇਹ ਦੂਸ਼ਣ ਕਾਹਲੀ ਵਿਚ ਅਤੇ ਬਿਨਾਂ ਅਧਾਰ ਤੋਂ ਲਾਇਆ ਹੈ ਜਾਂ ਸ਼ਾਇਦ ਭਾਵੁਕਤਾਵੱਸ। ਇਸ ਦੇ ਨਾਲ ਹੀ ਮੈਨੂੰ ਸੁਖਿੰਦਰ ਦੀ ਪੁਸਤਕ ਅਤੇ ਰਚਨਾਵਾਂ ਨੂੰ ਗੌਹ ਨਾਲ ਪੜ੍ਹਨ ਦਾ ਮੌਕਾ ਵੀ ਨਹੀਂ ਮਿਲਿਆ। ਪੰਜਾਬੀ ਕਵਿਤਾ ਦੇ ਖੇਤਰ ਵਿਚ

ਮੇਰੀ ਸਮਝ ਮੁਤਾਬਿਕ ਮੇਰਾ ਤੇ ਸੁਖਿੰਦਰ ਦਾ ਕਾਵਿ-ਮਾਰਗ, ਜੀਵਨ ਅਨੁਭਵ ਤੇ ਕਾਵਿਕ ਸ਼ੈਲੀ ਬਹੁਤ ਵੱਖਰੇ-ਵੱਖਰੇ ਹਨ । ਐਪਰ ਕਿਸੇ ਵੀ ਇਕ ਕਵੀ ਦੀ ਕੋਈ ਪੰਗਤੀ ਜਾਂ ਕੋਈ ਖਿਆਲ ਕਿਸੇ ਹੋਰ ਪੂਰਵਕਾਲੀ ਜਾਂ ਸਮਕਾਲੀ ਕਵੀ ਨਾਲ ਮੇਲ ਖਾ ਸਕਦੇ ਹਨ ਅਤੇ ਦੋ ਕਵੀਆਂ ਦਾ ਕਦੇ ਕਦਾਈਂ ਅਚੇਤ ਰੂਪ 'ਚ ਇਕੋ ਤਰ੍ਹਾਂ ਸੋਚਣਾ ਜਾਂ ਅਨੁਭਵ ਕਰਨਾ ਇਕ ਸੁਭਾਵਿਕ ਵਰਤਾਰਾ ਹੈ ਅਤੇ ਇਸ ਨੂੰ ਚੋਰੀ ਦੇ ਇਲਜ਼ਾਮ ਦੇ ਰੂਪ ਵਿਚ ਨਹੀਂ ਲੈਣਾ ਚਾਹੀਦਾ ।

(ਵਿਸ਼ਾਲ, ਬਿਆਸ)

○ ਤੁਸਾਂ ਵੱਲੋਂ ਭੇਜਿਆ ਹੋਇਆ ਤੋਹਫ਼ਾ 'ਚਿਰਾਗ਼' ਇਲਿਆਸ ਘੁੰਮਣ ਦੇ ਰਾਹੀ ਮਿਲ ਗਿਆ ਏ । ਇਹਦੇ ਲਈ ਬਹੁਤ ਬਹੁਤ ਸ਼ੁਕਰੀਆ । ਚਿਰਾਗ਼ ਪੜ੍ਹਕੇ ਅਫ਼ਸੋਸ ਵੀ ਹੋਇਆ ਤੇ ਖ਼ੁਸ਼ੀ ਵੀ । ਖ਼ੁਸ਼ੀ ਤੇ ਏਸ ਗੱਲ ਦੀ ਸੀ ਕਿ ਏਨਾ ਪਿਆਰਾ ਰਿਸਾਲਾ ਮੈਨੂੰ ਪੜ੍ਹਨ ਲਈ ਮਿਲਿਆ । ਜੀਹਦੇ ਵਿਚ ਪੂਰੇ ਪੰਜਾਬ ਦੀ ਅਦਬੀ ਝਲਕ ਨਜ਼ਰ ਆਈ । ਅਫ਼ਸੋਸ ਏਸ ਗੱਲ ਦਾ ਕਿ ਇਹ ਸੌਗਾਤ ਮੈਨੂੰ ਪਹਿਲੇ ਕਿਉਂ ਨਾ ਮਿਲੀ ।

ਹੁਣ ਇਹ ਰੀਝ ਕਿ ਇਹ ਤੁਹਫ਼ਾ ਹਰ ਵਾਰ ਇੰਝ ਮਿਲਦਾ ਰਹੇਗਾ ।

ਜਨਾਬ ਪ.ਸ.ਸ. ਦਾ 'ਭੁੱਬਲ' ਬਾਰੇ ਲੇਖ ਬਹੁਤ ਹੀ ਰੰਗਾ ਸੀ । ਮੈਂ ਉਹਨਾਂ ਦਾ ਸ਼ੁਕਰੀਆ ਅਦਾ ਕਰਨਾ । ਚਿਰਾਗ਼ ਵਿਚ ਮੇਰੀ ਇਕ ਕਹਾਣੀ ਛਾਪਣ 'ਤੇ ਸ਼ੁਕਰੀਆ । ਤੁਸਾਂ ਮੈਨੂੰ ਏਸ ਕਾਬਿਲ ਸਮਝਿਆ ਤੇ ਛਾਪਿਆ । ਇਹਦੇ ਲਈ ਤੁਹਾਡਾ ਅਹਿਸਾਨਮੰਦ ਹਾਂ...ਪ.ਸ,ਸ. ਦਾ ਪੂਰਾ ਨਾਂ ਕੀ ਹੈ ? ਕਰਤਾਰ ਸਿੰਘ ਬਲੱਗਣ, ਸੁੰਦਰ ਦਾਸ ਆਸੀ ਤੇ ਜਸਵੰਤ ਰਾਏ, ਰਾਏ ਹੋਰਾਂ ਵਿਚੋਂ ਜੇ ਕੋਈ ਜੀਉਂਦਾ ਹੋਵੇ ਤਾ ਉਹਨਾਂ ਦਾ ਪਤਾ ਲਿਖ ਭੇਜਣ ਦੀ ਖੇਚਲ ਕਰਿਆ ਜੇ, ਮਿਹਰਬਾਨੀ ਹੋਵੇਗੀ । ਮੇਰਾ ਉਸਤਾਦ, ਉਸਤਾਦ ਦਾਮਨ, ਆਖ਼ਰੀ ਦਮ ਤੀਕਰ ਆਪਣੇ ਇਹਨਾਂ ਸੱਜਣਾਂ ਨੂੰ ਯਾਦ ਕਰਦੇ ਰਹੇ ਸਨ । ਜਦੋਂ ਉਹਨਾਂ ਉੱਤੇ ਝੂਠਾ ਮੁਕੱਦਮਾ ਬਣਿਆ ਸੀ ਤੇ ਮੇਰੇ ਉਸਤਾਦ ਰੋਂਦਿਆਂ ਹੋਇਆਂ ਆਖਿਆ ਸੀ, ਸ਼ੇਖੂਪੁਰੀਆ, ਜੇ ਅੱਜ ਮੇਰੇ ਉਹ ਸੱਜਣ ਹੁੰਦੇ ਤਾਂ ਏਸ ਥਾਣੇ ਨੂੰ ਅੱਗ ਲੱਗ ਜਾਣੀ ਸੀ, ਮੈਂ ਆਪਣੇ ਉਸਤਾਦ ਦੇ ਕੋਲੋਂ ਆਪਣੇ ਸੱਜਣਾਂ ਬਾਰੇ ਰਾਏ ਸੁਣ ਕੇ ਸ਼ਰਮਿੰਦਗੀ ਪਾਰੋਂ ਰੋ ਪਿਆ ਸਾਂ । ਮੈਂ ਕੁਝ ਵੀ ਤਾਂ ਨਹੀਂ ਸਾਂ ਕਰ ਸਕਿਆ । ਕਿੰਨਾ ਮਾਣ ਸੀ ਆਪਣੇ ਸੱਜਣਾਂ ਉੱਤੇ ਮੇਰੇ ਉਸਤਾਦ ਨੂੰ ।

ਤੁਹਾਡਾ ਆਪਣਾ
ਫ਼ਰਜ਼ੰਦ ਅਲੀ (ਲਾਹੌਰ)

## ਚਿਰਾਗ਼ ਪ੍ਰਕਾਸ਼ਨ ਦੀਆਂ ਪੁਸਤਕਾਂ

1. ਮਾਰਕਸਵਾਦੀ ਸੁਹਜ ਸ਼ਾਸਤਰ, ਸੰਪਾਦਨ, ਹਰਭਜਨ ਸਿੰਘ ਹੁੰਦਲ, ਮੁੱਲ 100/-
2. ਜੰਗਨਾਮਾ ਪੰਜਾਬ, ਹਰਭਜਨ ਸਿੰਘ ਹੁੰਦਲ, ਮੁੱਲ 40/-
3. ਨਾਜ਼ਿਮ ਹਿਕਮਤ—ਜੀਵਨ ਤੇ ਰਚਨਾ, ਸੰਪਾਦਕ ਹਰਭਜਨ ਸਿੰਘ ਹੁੰਦਲ, ਮੁੱਲ 15/-
4. ਹੋਚੀਮਿਨ (ਜੀਵਨੀ), ਲੇਖਕ ਸੂਫ਼ੀ ਅਮਰਜੀਤ, ਮੁੱਲ 120/-
5. ਪਿਛਲਾ ਪਿੰਡ, ਹਰਭਜਨ ਸਿੰਘ ਹੁੰਦਲ, ਮੁੱਲ 40/-



## ਠੀਵੀਊ

### ਠੀਕਰੀ ਪਹਿਰਾ/ਹਰਜਿੰਦਰ ਕੰਗ

ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਪਰਵਾਸੀ ਕਵੀ ਹਰਜਿੰਦਰ ਕੰਗ ਇਕ ਨਵਾਂ ਨਾਂ ਹੈ । 'ਸਵਾਂਤੀ ਬੂੰਦ' ਤੋਂ ਬਾਦ 'ਠੀਕਰੀ ਪਹਿਰਾ' ਉਸ ਦਾ ਸੱਜਰਾ ਗ਼ਜ਼ਲ ਸੰਗ੍ਰਹਿ ਹੈ । 'ਕੰਗ' ਨੇ ਗ਼ਜ਼ਲ ਕਾਵਿ-ਰੂਪ ਦੀਆਂ ਜੁਗਤਾਂ ਦੀ ਸਿਖਲਾਈ ਲਈ ਕਾਫੀ ਅਭਿਆਸ ਤੇ ਮਿਹਨਤ ਕੀਤੀ ਹੈ । ਪੱਜਨੀ ਪੁਸਤਕ ਸਦਕਾ ਉਹ ਪੰਜਾਬੀ ਗ਼ਜ਼ਲਗੋਆਂ ਦੀ ਢਾਣੀ ਵਿਚ ਪੁਖ਼ਤਾ ਗ਼ਜ਼ਲਗੋਆਂ ਵਿਚ ਗਿਣੇ ਜਾਣ ਦੇ ਸਮਰੱਥ ਹੋ ਗਿਆ ਹੈ । ਹੱਥਲੀ ਪੁਸਤਕ ਵਿਚ ਗ਼ਜ਼ਲ ਦਾ ਰਵਾਇਤੀ ਤੇ ਨਵਾਂ, ਦੋਵੇਂ ਰੰਗ ਨਾਲ ਨਾਲ ਤੁਰਦੇ ਹਨ । ਪਰ ਹੌਲੀ ਹੌਲੀ ਉਹ ਪੁਰਾਣੀ ਕੁੰਜ ਲਾਹ ਕੇ [ਨਵੇਂ ਰੰਗ ਵਿਚ ਪ੍ਰਗਟ ਹੋ ਰਿਹਾ ਹੈ । ਹਰਜਿੰਦਰ ਕੰਗ ਵਰਗੇ ਨਵੇਂ ਗ਼ਜ਼ਲਗੋਆਂ ਦੇ ਪ੍ਰਵੇਸ਼ ਨਾਲ ਪੰਜਾਬੀ ਵਿਚ ਗ਼ਜ਼ਲ ਦਾ ਭਵਿੱਖ ਉੱਜਲਾ ਪ੍ਰਤੀਤ ਹੁੰਦਾ ਹੈ ।

ਉਸ ਦੀ ਪੁਸਤਕ ਦੇ ਪਾਠ ਤੋਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਹੁਣ ਉਸ ਨੂੰ ਰਵਾਇਤੀ ਭਾਂਤ ਦੇ ਉਸਤਾਦਾਂ ਦੀ ਸੰਗਤ ਤੇ ਸਿਖਲਾਈ ਦੀ ਕੋਈ ਆਵੱਸ਼ਕਤਾ ਨਹੀਂ ਰਹਿ ਗਈ ਤੇ ਉਸ ਵਿਚ ਨਵੀਆਂ ਕਾਵਿ-ਉਡਾਣਾਂ ਭਰਨ ਦੀ ਸਮਰੱਥਾ ਉਤਪੰਨ ਹੋ ਗਈ ਹੈ । ਵਧੇਰੇ ਪ੍ਰਮਾਣ ਦੇਣ ਤੋਂ ਬਚਦਾ ਹੋਇਆ ਸਿਰਫ਼ ਇਕ ਸ਼ਿਅਰ ਹੀ ਪੇਸ਼ ਕਰਦਾ ਹਾਂ ਜਿਸ ਤੋਂ ਉਸ ਦੀ ਕਾਵਿ-ਸਮਰੱਥਾ, ਆਤਮ-ਵਿਸ਼ਵਾਸ ਤੇ ਪ੍ਰਗਤੀਸ਼ੀਲ ਕਾਵਿ-ਦ੍ਰਿਸ਼ਟੀ ਦਾ ਪ੍ਰਮਾਣ ਮਿਲਦਾ ਹੈ ।

ਮਰੇਗੀ ਰੌਸ਼ਨੀ ਨਾ ਹੀ ਕਦੇ ਆਵਾਜ਼ ਏਹਨਾਂ 'ਚੋਂ
ਲਗਾਓ ਲੱਖ ਭਾਵੇਂ ਅੱਖਰਾਂ ਤੇ ਠੀਕਰੀ ਪਹਿਰਾ । (ਸਫਾ 64)

ਅਜਿਹੇ ਹੋਣਹਾਰ ਸਮਰੱਥਾਵਾਨ ਸ਼ਾਇਰ ਦਾ ਭਰਪੂਰ ਸਵਾਗਤ ਹੈ ।

—ਹਰਪ੍ਰੀਤ ਸਿੰਘ ਹੁੰਦਲ (ਡਾ:)

## ਪ੍ਰਾਪਤ ਪੁਸਤਕਾਂ

1. ਅਣਵਗੇ ਅੱਥਰੂ (ਕਵਿਤਾਵਾਂ), ਕੇਸਰ ਸਿੰਘ ਨੀਰ, ਆਦਰਸ਼ ਸਾਹਿਤ ਪ੍ਰਕਾਸ਼ਨ, ਜਗਰਾਉਂ ।
2. ਨਾਇਕ ਦੀ ਮੌਤ (ਕਹਾਣੀਆਂ), ਤਲਵਿੰਦਰ ਸਿੰਘ, ਲੋਕ-ਧਾਰਾ ਪ੍ਰਕਾਸ਼ਨ, ਅੰਮ੍ਰਿਤਸਰ ।
3. ਗੁਆਚੀ ਛਾਂ (ਪਾਕਿਸਤਾਨੀ ਪੰਜਾਬੀ ਗ਼ਜ਼ਲ ਸੰਗ੍ਰਹਿ), ਸੰਪਾਦਕ ਜਗਤਾਰ, ਲੋਕ-ਗੀਤ ਪ੍ਰਕਾਸ਼ਨ ਸਰਹੰਦ ।
4. ਮਨੁੱਖਤਾ ਦੇ ਵੈਰੀ (ਕਹਾਣੀ), ਕੇਸਰ ਸਿੰਘ ਆਜਿਜ਼, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ।
5. ਮੈਂ ਗੈਰਹਾਜ਼ਰ ਨਹੀਂ (ਕਵਿਤਾ), ਸਿਮਰਜੀਤ ਸਿੰਮੀ. ਸਮਰਾਟ ਪਬਲੀਕੇਸ਼ਨਜ਼, ਮੋਗਾ ।
6. ਇਕ ਚੂੰਢੀ ਲੂਣ ਦੀ (ਨਾਵਲ), ਫਰਜ਼ੰਦ ਅਲੀ, ਮੁੱਲ 90/-, ਪੰਨੇ 328, ਪਾਕਿਸਤਾਨੀ ਪੰਜਾਬੀ ਅਦਬੀ ਬੋਰਡ, ਲਾਹੌਰ (ਪਾਕਿਸਤਾਨ) ।
7. ਸੋਚਾਂ (ਇਨਸ਼ਾਈਏ), ਪ੍ਰੋ: ਆਸ਼ਕ ਰਹੀਲ, ਮੁੱਲ 40/-, ਪੰਨੇ 108, ਗੁਲਸ਼ਨੇ-ਅਦਬ ਪਬਲਿਸ਼ਰਜ਼, ਲਾਹੌਰ ।
8. ਮਿੰਨੀ ਕਹਾਣੀਆਂ (ਸੰਪਾਦਕ ਅਸ਼ਰਫ਼ ਸੁਹੇਲ), ਪੰਖੇਰੂ ਪਬਲਿਸ਼ਰਜ਼, ਲਾਹੌਰ ।
9. ਸੋਚਾਂ ਵਿਚ ਜਹਾਨ (ਕਵਿਤਾ) ਬਾਬਾ ਨਜ਼ਮੀਂ, ਅਦਾਰਾ ਪੰਜਾਬੀ ਸਵੇਰ, ਕਰਾਚੀ ।
10. ਇੰਤਹਾ ਤੋਂ ਪਹਿਲਾਂ (ਕਵਿਤਾਵਾਂ), ਬਲਬੀਰ ਪ੍ਰਵਾਨਾ, ਜ਼ਿੰਦਗੀ ਪ੍ਰਕਾਸ਼ਨ, ਚਨੌਰ, ਹੁਸ਼ਿਆਰਪੁਰ, ਮੁੱਲ 10/-, ਪੰਨੇ 80 ।

Registered with the Registrar of News-Papers of India
No—PUN-PUN O 2776/AL/TC/94.

ਉੱਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ
8 ਸਾਲ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀਂ ਬਿਲਡਿੰਗ ਵਿਚ ਚਲਾ ਗਿਆ ਹੈ

ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

ਭੁਪਿੰਦਰ ਨਰਸਿੰਗ ਹੋਮ
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ : 0181-224228, 223376

BHUPINDER NURSING HOME
261, Mota Singh Nagar, Main Road.
Near Bus Stand, Jalandhar City.
Ph. : 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact :
DR. B.P. SINGH (M.S.)
PLASTIC & COSMETIC SURGEON

ਕੌਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰ੍ਹਾਂ ਹਨ

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆਂ ਝੁਰੜੀਆਂ ਖਤਮ ਕਰਨਾ ● ਮੱਥੇ ਦੀਆਂ ਝੁਰੜੀਆਂ ਖਤਮ ਕਰਨਾ ● ਬਲੀਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਿਹਰੀ) ● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਸਿਮੋਪਲਾਸਟੀ ● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ ● ਨਿਸ਼ਾਨ : ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

VARIOUS COSMETICS SURGERY & PLASTIC SURGERY OPERATION DONE SO FAR ARE :

LIPOSUCTION ★ LIPOINJECTIONS ★ ACCIDENTAL INJURIES CARE
RHINOPLASTIES ★ FACE LIFT ★ BROW LIFT ★ BLEPHEROPLASTIES ★ STAITIONERY WHITE PATCH
★ RECONSTRUCTIVE SURGERY ★ IN BORN DEFECTS & DEFORMITIES
★ HAIR TRANSPLATATION ★ DEFECTS & DEFORMITIES OF ACCIDENTS
★ BURNS ★ TREATMENT OF SCARS
★ CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877